ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 114 | Friday, June 10, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ




JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


## ਅਮਰੀਕੀ ਮੁਲਕਾਂ ਦੀ ਸਿਖਰ ਵਾਰਤਾ ਦੇ ਦੂਜੇ ਦਿਨ ਬਾਇਡਨ ਤੇ ਪਿਚਾਈ ਨਾਲ ਮੁਲਾਕਾਤ ਕਰਨਗੇ ਟਰੂਡੋ



ਲਾਸ ਏਂਜਲਸ, 9 ਜੂਨ (ਪੋਸਟ ਬਿਊਰੋ) : ਅਮਰੀਕੀ ਮੁਲਕਾਂ ਦੀ ਹੋ ਰਹੀ ਸਿਖਰ ਵਾਰਤਾ ਦਾ ਦੂਜਾ ਦਿਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਈ ਕਾਫੀ ਰੁਝੇਵਿਆਂ ਭਰਿਆ ਰਹਿਣ ਵਾਲਾ ਹੈ।

ਰਾਸ਼ਟਰਪਤੀ ਜੋਅ ਬਾਇਡਨ ਨਾਲ ਮੁਲਾਕਾਤ ਤੋਂ ਬਾਅਦ ਗਵਰਨਰ ਗੈਵਿਨ ਨਿਊਸਮ ਨਾਲ ਨਿਊਜ਼ ਕਾਨਫਰੰਸ ਕਰਨ ਮਗਰੋਂ ਟਰੂਡੋ ਗੂਗਲ ਦੀ ਪੇਰੈਂਟ ਕੰਪਨੀ ਐਲਫਾਬੈੱਟ ਇਨਕਾਰਪੋਰੇਸ਼ਨ ਦੇ ਸੀਈਓ ਸੁੰਦਰ ਪਿਚਾਈ ਨਾਲ ਮੁਲਾਕਾਤ ਤੋਂ ਪਹਿਲਾਂ ਅਰਜਨਟੀਨਾ ਦੇ ਰਾਸ਼ਟਰਪਤੀ ਨਾਲ ਮੀਟਿੰਗ ਕਰਨਗੇ। ਬੁੱਧਵਾਰ ਦਾ ਦਿਨ ਟਰੂਡੋ ਨੇ ਲੈਟਿਨ ਅਮਰੀਕੀ ਤੇ ਕੈਰੇਬੀਆਈ ਆਗੂਆਂ ਨਾਲ ਗੱਲਬਾਤ ਕਰਦਿਆਂ ਬਿਤਾਇਆ। ਟਰੂਡੋ ਵੱਲੋਂ ਇਨ੍ਹਾਂ ਦੇਸ਼ਾਂ ਦੀਆਂ ਲੋੜਾਂ ਨੂੰ ਸਮਝਿਆ ਗਿਆ ਤੇ ਉਨ੍ਹਾਂ ਦੇ ਵਿਕਾਸ ਸਬੰਧੀ ਟੀਚਿਆਂ ਨੂੰ ਹਾਸਲ ਕਰਨ ਵਿੱਚ ਮਦਦ ਦਾ ਭਰੋਸਾ ਵੀ ਦਿੱਤਾ ਗਿਆ।

ਬੁੱਧਵਾਰ ਨੂੰ ਟਰੂਡੋ ਨੇ ਬਾਰਬਾਡੋਸ ਦੀ ਪ੍ਰਧਾਨ ਮੰਤਰੀ ਮੀਆ ਮੌਟਲੀ ਤੇ ਚਿਲੀ,ਬੇਲੀਜ਼, ਇਕੁਆਡਰ ਤੇ ਜਮਾਇਕਾ ਦੇ ਆਗੂਆਂ ਨਾਲ ਰਾਊਂਡਟੇਬਲ ਗੱਲਬਾਤ ਵਿੱਚ ਵੀ ਹਿੱਸਾ ਲਿਆ। ਕੈਨੇਡਾ ਦੀ ਬਿਜ਼ਨਸ ਕਾਊਂਸਲ ਦੇ ਪ੍ਰੈਜ਼ੀਡੈਂਟ ਤੇ ਸੀਈਓ ਗੋਲਡੀ ਹਾਇਦਰ ਨੇ ਆਖਿਆ ਕਿ ਅੱਜ ਟਰੂਡੋ ਸ਼ਾਇਦ ਕੈਨੇਡਾ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਗੱਲਬਾਤ ਕਰਨਗੇ।

# ਪੀਏਰ ਪੌਲੀਏਵਰ ਦੀ ਬ੍ਰਾਊਨ ਨੂੰ ਵੰਗਾਰ: ਮੇਅਰ ਦੀ ਸੀਟ ਖਾਲੀ ਕਰੋ ਜਾਂ ਲੀਡਰਸ਼ਿਪ ਦੀ ਰੇਸ ਛੱਡੋ



ਬਰੈਂਪਟਨ, 9 ਜੂਨ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੀ ਲੀਡਰਸ਼ਿਪ ਦੌੜ ਦੇ ਮੁੱਖ ਦਾਅਵੇਦਾਰ ਪਿਏਰ ਪੌਲੀਏਵਰ ਨੇ ਕੱਲ੍ਹ ਐਥਨਿਕ ਮੀਡੀਆ ਨਾਲ ਪ੍ਰੈੱਸ ਕਾਨਫਰੰਸ ਕੀਤੀ, ਇਸ ਦੌਰਾਨ ਜਿੱਥੇ ਉਨ੍ਹਾਂ ਕੈਨੇਡਾ ਦੀ ਆਰਥਿਕਤਾ ਉੱਤੇ ਵਾਰ ਕੀਤੇ ਉੱਥੇ ਹੀ ਉਨ੍ਹਾਂ ਬ੍ਰਾਊਨ ਉੱਤੇ ਵੀ ਤੰਜ ਕਸੇ।

ਇਸ ਮੌਕੇ ਪੌਲੀਏਵਰ ਨੇ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਦੇ ਆਪਣੇ ਮੁੱਖ ਵਿਰੋਧੀ ਤੇ ਮੌਜੂਦਾ ਮੇਅਰ ਪੈਟ੍ਰਿਕ ਬ੍ਰਾਊਨ ਬਾਰੇ ਆਖਿਆ ਕਿ ਉਹ ਥੋੜ੍ਹਾ ਭੰਬਲਭੂਸੇ ਵਿੱਚ ਲੱਗਦੇ ਹਨ ਤੇ ਇਹ ਫੈਸਲਾ ਨਹੀਂ ਕਰ ਪਾ ਰਹੇ ਕਿ ਉਹ ਮੇਅਰ ਲਈ ਲੜਨਾ ਚਾਹੁਣਗੇ ਜਾਂ ਪਾਰਟੀ ਆਗੂ ਵਜੋਂ ਕਮਾਨ ਸਾਂਭਣਾ ਚਾਹੁਣਗੇ। ਉਨ੍ਹਾਂ ਬ੍ਰਾਊਨ ਨੂੰ ਵੰਗਾਰਦਿਆਂ ਹੋਇਆਂ ਆਖਿਆ ਕਿ ਜਾਂ ਤਾਂ ਉਹ ਸੀਟ ਖਾਲੀ ਕਰ ਦੇਣ ਤੇ ਜਾਂ ਫਿਰ ਰੇਸ ਹੀ ਛੱਡ ਦੇਣ। ਉਨ੍ਹਾਂ ਆਖਿਆ ਕਿ ਬ੍ਰਾਊਨ ਆਪਣੇ ਅਸਲ ਅੰਕੜਿਆਂ ਦੀ ਜਾਣਕਾਰੀ ਦੇਣ।

ਉਨ੍ਹਾਂ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਕਿ ਉਨ੍ਹਾਂ ਦੇਸ਼ ਭਰ ਵਿੱਚ 312,000 ਨਵੇਂ ਮੈਂਬਰ ਬਣਾਏ ਹਨ। ਉਨ੍ਹਾਂ ਅੱਗੇ ਦੱਸਿਆ ਕਿ 111 ਹਲਕਿਆਂ ਵਿੱਚ ਉਨ੍ਹਾਂ ਵੱਲੋਂ ਕੈਂਪੇਨ ਚਲਾਈ ਗਈ ਤੇ 1000 ਪਲੱਸ ਨਵੇਂ ਮੈਂਬਰਾਂ ਨੂੰ ਸਾਈਨ ਕੀਤਾ ਗਿਆ।ਪੌਲੀਏਵਰ ਨੇ ਇਹ ਵੀ ਆਖਿਆ ਕਿ ਉਨ੍ਹਾਂ ਦੀ ਟੀਮ ਨੇ ਜੀਟੀਏ ਵਿੱਚ ਵੀ ਹਜ਼ਾਰਾਂ ਨਵੇਂ ਮੈਂਬਰ ਬਣਾਏ ਹਨ।

ਕੈਨੇਡਾ ਦੇ ਅਰਥਚਾਰੇ ਦੇ ਡਿੱਗ ਰਹੇ ਮਿਆਰ ਦੀ ਗੱਲ ਕਰਦਿਆਂ ਪੌਲੀਏਵਰ ਨੇ ਮਹਿੰਗਾਈ ਨੂੰ ਠੱਲ੍ਹ ਪਾਉਣ ਦੀ ਆਪਣੀ ਯੋਜਨਾ ਪੇਸ਼ ਕੀਤੀ। ਉਨ੍ਹਾਂ ਆਖਿਆ ਕਿ 500,000 ਤੋਂ ਵੱਧ ਰੋਜ਼ਗਾਰ ਦੇ ਮੌਕੇ ਭਰਨ ਲਈ ਸਾਨੂੰ ਇਮੀਗ੍ਰੇਸ਼ਨ ਵਿੱਚ ਵਾਧਾ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੁਨੀਆ ਦੇ ਮੰਚ ਉੱਤੇ ਕੈਨੇਡਾ ਦੀ ਭੂਮਿਕਾ ਬਾਰੇ ਚਾਨਣਾ ਪਾਇਆ ਤੇ ਕੈਨੇਡੀਅਨਜ਼ ਲਈ ਜ਼ਿੰਦਗੀ ਹੋਰ ਕਿਫਾਇਤੀ ਬਣਾਉਣ ਦੇ ਆਪਣੇ ਟੀਚਿਆਂ ਦਾ ਖੁਲਾਸਾ ਵੀ ਕੀਤਾ।

ਉਨ੍ਹਾਂ ਕਾਰਬਨ ਟੈਕਸ ਵਿੱਚ ਕਟੌਤੀ ਕਰਨ ਦਾ ਵਾਅਦਾ ਕੀਤਾ ਤੇ ਇਨ੍ਹਾਂ ਗਰਮੀਆਂ ਵਿੱਚ ਟਰੂਡੋ ਨੂੰ ਗੈਸ ਤੋਂ ਜੀਐਸਟੀ ਹਟਾਉਣ ਦੀ ਮੰਗ ਵੀ ਕੀਤੀ। ਅਖੀਰ ਵਿੱਚ ਪੌਲੀਏਵਰ ਨੇ ਅਹਿਮ ਯੋਗਦਾਨ ਪਾਉਣ ਲਈ ਐਥਨਿਕ ਮੀਡੀਆ ਦਾ ਧੰਨਵਾਦ ਕੀਤਾ ਤੇ ਵਾਅਦਾ ਕੀਤਾ ਕਿ ਉਹ ਐਥਨਿਕ ਮੀਡੀਆ ਨਾਲ ਗੱਲਬਾਤ ਜਾਰੀ ਰੱਖਣਗੇ।

## ਪ੍ਰਭ ਕੈਂਥ ਸੌਵਰਨਜ਼ ਮੈਡਲ ਫੌਰ ਵਾਲੰਟੀਅਰਜ਼ ਨਾਲ ਸਨਮਾਨਿਤ



ਓਨਟਾਰੀਓ, 9 ਜੂਨ (ਪੋਸਟ ਬਿਊਰੋ) : ਪ੍ਰਭਜੋਤ ਕੈਂਥ, ਸਕੂਲ ਦੇ ਸਮੇਂ ਤੋਂ ਹੀ ਵਾਲੰਟੀਅਰ ਵਜੋਂ ਕੰਮ ਕਰ ਰਹੀ ਹੈ ਤੇ ਉਸ ਦਾ ਬਹੁਤਾ ਕੰਮ ਪੰਜਾਬ ਦੇ ਪਾਣੀਆਂ ਉੱਤੇ ਹੈ।

ਪ੍ਰਭ ਕੈਂਥ ਇੱਕ ਡੌਕਿਊਮੈਂਟਰੀ ਫਿਲਮਮੇਕਰ, ਰਿਸਰਚਰ, ਐਨਵਾਇਰਮੈਂਟਲ ਤੇ ਹਿਊਮਨ ਰਾਈਟਸ ਐਕਟੀਵਿਸਟ ਹੈ। ਉਹ ਪਲੈਨਟ ਵੰਨ ਦੀ ਬਾਨੀ ਵੀ ਹੈ। ਇਸ ਮਿਸ਼ਨ ਦੀ ਸ਼ੁਰੂਆਤ ਉਸ ਨੇ ਗਲੋਬਲ ਪੱਧਰ ਉੱਤੇ ਵਾਤਾਵਰਣ ਪੱਖੀ ਕਮਿਊਨਿਟੀਜ਼ ਦੇ ਨਿਰਮਾਣ ਲਈ ਕੀਤੀ ਹੈ।

ਗੰਧਲੇ ਪਾਣੀ ਦੇ ਮਨੁੱਖੀ ਸਿਹਤ ਉੱਤੇ ਪੈ ਰਹੇ ਮਾੜੇ ਪ੍ਰਭਾਵ ਨਾਲ ਸਿੱਝਣ ਲਈ ਉਹ ਭਾਰਤ ਵਿੱਚ ਹੈਲਥ ਕੈਂਪ ਵੀ ਚਲਾ ਰਹੀ ਹੈ। ਭਾਰਤ ਵਿੱਚ ਕੈਂਸਰ ਦੇ ਸੰਕਟ ਸਬੰਧੀ ਉਸ ਦੀਆਂ ਡੌਕਿਊਮੈਂਟਰੀਜ਼ ਨੂੰ ਕਈ ਕੌਮਾਂਤਰੀ ਐਵਾਰਡਜ਼ ਵੀ ਮਿਲ ਚੁੱਕੇ ਹਨ। ਲੜਕੀਆਂ ਨੂੰ ਸਿੱਖਿਅਤ ਕਰਨ ਤੇ ਲੜਕੀਆਂ ਦੇ ਸਸ਼ਕਤੀਕਰਣ ਲਈ ਉਹ ਪੰਜਾਬ ਦੇ ਸਕੂਲਾਂ ਵਿੱਚ ਵੀ ਕੰਮ ਕਰਦੀ ਰਹੀ ਹੈ। ਪਿੱਛੇ ਜਿਹੇ ਉਸ ਨੂੰ ਲੈਫਟੀਨੈਂਟ ਗਵਰਨਰ ਜਨਰਲ ਕਮਿਊਨਿਟੀ ਵਾਲੰਟੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਬਰੈਂਪਟਨ ਵਿੱਚ ਉਸ ਨੇ ਕਈ ਤਰ੍ਹਾਂ ਦੀਆਂ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ ਜਿਵੇਂ ਕਿ ਨਿਊ ਇਮੀਗ੍ਰੈਂਟਸ ਕਲੱਬ, ਐਨਵਾਇਰਮੈਂਟਲ ਆਊਟਡਰ ਕਲੱਬ, ਪੀਅਰ ਟੂ ਪੀਅਰ ਮੈਡੀਟੇਸ਼ਨ, ਯੂਥ ਐਂਡ ਸੀਨੀਅਰ ਗਾਰਡਨਿੰਗ ਕਲੱਬ ਆਦਿ।ਉਹ ਕਾਫੀ ਦੂਰਅੰਦੇਸ਼ ਹੈ ਤੇ ਉਸ ਵਿੱਚ ਹੌਸਲਾ, ਨਜ਼ਰੀਆ ਤੇ ਰਹਿਮ ਕੁੱਟ ਕੁੱਟ ਕੇ ਭਰਿਆ ਹੈ।

ਉਸ ਨੂੰ ਲੈਫਟੀਨੈਂਟ ਗਵਰਨਰ ਆਫ ਓਨਟਾਰੀਓ ਐਲਿਜ਼ਾਬੈੱਥ ਡਾਊਡਸਵੈੱਲ ਵੱਲੋਂ ਆਯੋਜਿਤ ਗਾਰਡਨ ਪਾਰਟੀ ਵਿੱਚ ਸੱਦਿਆ ਗਿਆ ਜਿੱਥੇ ਪਲੈਟੀਨਮ ਜੁਬਲੀ ਮਨਾਈ ਗਈ। ਇੱਥੇ ਹੀ ਉਸ ਨੂੰ ਸੌਵਰਨਜ਼ ਮੈਡਲ ਫੌਰ ਵਾਲੰਟੀਅਰਜ਼ ਨਾਲ ਸਨਮਾਨਿਤ ਕੀਤਾ ਗਿਆ। ਇਹ ਮੈਡਲ ਵੱਖ ਵੱਖ ਖੇਤਰਾਂ ਵਿੱਚ ਕੈਨੇਡੀਅਨਜ਼ ਵੱਲੋਂ ਵਾਲੰਟੀਅਰ ਵਜੋਂ ਮਾਰੀਆਂ ਗਈਆਂ ਮੱਲਾਂ ਲਈ ਦਿੱਤਾ ਜਾਂਦਾ ਹੈ। ਕੈਨੇਡਾ ਵਿੱਚ ਵਾਲੰਟੀਅਰ ਸਰਵਿਸ ਲਈ ਦਿੱਤਾ ਜਾਣ ਵਾਲਾ ਇਹ ਸਰਬਉੱਚ ਸਨਮਾਨ ਹੈ।

## ਪਾਸਪੋਰਟ ਬੈਕਲਾਗ ਕਾਰਨ ਕਈ ਟਰੈਵਲਰਜ਼ ਨੂੰ ਆਪਣੇ ਟਰੈਵਲ ਪਲੈਨ ਖਰਾਬ ਹੋਣ ਦਾ ਡਰ



ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਕੋਵਿਡ-19 ਸਬੰਧੀ ਬਾਰਡਰ ਮਾਪਦੰਡਾਂ ਵਿੱਚ ਦਿੱਤੀ ਗਈ ਢਿੱਲ ਤੇ ਪਾਸਪੋਰਟ ਦੀ ਮੰਗ ਵਿੱਚ ਵਾਧਾ ਹੋਣ ਦੇ ਚੱਲਦਿਆਂ ਕਈ ਕੈਨੇਡੀਅਨਜ਼ ਨੂੰ ਆਪਣੀਆਂ ਗਰਮੀ ਦੀਆਂ ਛੁੱਟੀਆਂ ਖਰਾਬ ਹੋਣ ਦਾ ਡਰ ਹੈ। ਇਹ ਡਰ ਇਸ ਲਈ ਹੈ ਕਿਉਂਕਿ ਪਾਸਪੋਰਟ ਦੀ ਮੰਗ ਕਾਫੀ ਵੱਧ ਗਈ ਹੈ ਤੇ ਪੇਪਰਵਰਕ ਲਈ 600 ਨਵੇਂ ਕਰਮਚਾਰੀਆਂ ਦੀ ਮਦਦ ਲੈਣ ਦੇ ਬਾਵਜੂਦ ਅਧਿਕਾਰੀ ਸਾਰੀ ਡਿਮਾਂਡ ਪੂਰੀ ਕਰਨ ਤੋਂ ਅਸਮਰੱਥ ਹਨ।

ਪਿਛਲੇ ਮਹੀਨੇ ਸਰਵਿਸ ਕੈਨੇਡਾ ਨੇ ਦੇਸ਼ ਭਰ ਵਿੱਚ ਆਪਣੇ ਸਾਰੇ ਪਾਸ-ਪੋਰਟ ਸਰਵਿਸ ਕਾਊਂਟਰਜ਼ ਮੁੜ ਖੋਲ੍ਹ ਦਿੱਤੇ ਸਨ ਤੇ 300 ਸੈਂਟਰਾਂ ਤੋਂ ਵੀ ਵੱਧ ਵਿੱਚ ਵਾਧੂ ਕਾਊਂਟਰ ਵੀ ਜੋੜੇ ਗਏ ਸਨ।

...ਬਾਕੀ ਪੰਨਾ 16 'ਤੇ

## ਵੁੱਡਬ੍ਰਿਜ ਵਿੱਚ ਇੱਕ ਵਿਅਕਤੀ ਨੂੰ ਕਾਰ ਵਿੱਚ ਹੀ ਮਾਰੀ ਗਈ ਗੋਲੀ



ਓਨਟਾਰੀਓ, 9 ਜੂਨ (ਪੋਸਟ ਬਿਊਰੋ) : ਵੀਰਵਾਰ ਦੁਪਹਿਰ ਨੂੰ ਵੁੱਡਬ੍ਰਿੱਜ ਪਲਾਜ਼ਾ ਦੇ ਬਾਹਰ ਇੱਕ ਕਾਰ ਵਿੱਚ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੇ ਜਾਣ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਦੁਪਹਿਰੇ 2:07 ਉੱਤੇ ਇੱਕ ਵਿਅਕਤੀ ਨੂੰ ਗੋਲੀ ਲੱਗਣ ਦੀ ਖਬਰ ਦੇ ਕੇ ਹਾਈਵੇਅ 7 ਤੇ ਪਾਈਨ ਵੈਲੀ ਡਰਾਈਵ ਦੇ ਉੱਤਰ ਪੂਰਬੀ ਕਾਰਨਰ ਦੇ ਪਾਰਕਿੰਗ ਲੌਟ ਵਿੱਚ ਸੱਦਿਆ ਗਿਆ।

...ਬਾਕੀ ਪੰਨਾ 6 'ਤੇ


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axel InsuranceBrokers Ltd. | 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI
416.994.7272
www.allkindinsurance.com

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਟਰੂਡੋ ਅਤੇ ਅਨੀਤਾ ਆਨੰਦ ਨੇ ਨੌਰਾਡ ਕਮਾਂਡਰਜ਼ ਨਾਲ ਕੀਤੀ ਮੁਲਾਕਾਤ



ਲਾਸ ਏਂਜਲਸ, 9 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਰੱਖਿਆ ਮੰਤਰੀ ਅਨੀਤਾ ਆਨੰਦ ਨੂੰ ਮੰਗਲਵਾਰ ਨੂੰ ਨੌਰਥ ਅਮਰੀਕਾ ਦੇ ਫਰਸਟ ਲਾਈਨ ਕੌਂਟੀਨੈਂਟਲ ਡਿਫੈਂਸ ਨੂੰ ਵੇਖਣ, ਸਿਸਟਮ ਮਾਹਿਰਾਂ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਸਿਆਸੀ ਆਗੂਆਂ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਇਸ ਨੂੰ ਫੌਰੀ ਅਪਗ੍ਰੇਡ ਕੀਤੇ ਜਾਣ ਦੀ ਲੋੜ ਹੈ।

ਪਰ ਜਿਵੇਂ ਹੀ ਟਰੂਡੋ ਤੇ ਆਨੰਦ ਨੇ ਆਪਣਾ ਇਹ ਦੌਰਾ ਖ਼ਤਮ ਕੀਤਾ, ਦੋਵਾਂ ਵਿੱਚੋਂ ਕੋਈ ਵੀ ਇਹ ਜਾਣਕਾਰੀ ਨਹੀਂ ਦੇ ਸਕਿਆ ਕਿ ਇਨ੍ਹਾਂ ਪਲੈਨਜ਼ ਦੇ ਵੇਰਵੇ ਕਦੋਂ ਸਾਹਮਣੇ ਆਉਣਗੇ। ਆਨੰਦ ਨੇ ਆਖਿਆ ਕਿ ਇਸ ਸਮੇਂ ਸਾਡੇ ਕੋਲ ਅਮਰੀਕਾ ਨਾਲ ਕਈ ਪਹਿਲਕਦਮੀਆਂ ਮੌਜੂਦ ਹਨ। ਉਨ੍ਹਾਂ ਆਖਿਆ ਕਿ ਅਸੀਂ ਜਲਦ ਹੀ ਨੋਰਾਡ ਦੇ ਆਧੁਨਿਕੀਕਰਨ ਦੀ ਯੋਜਨਾ ਪੇਸ਼ ਕਰਾਂਗੇ।

ਇਸ ਦੌਰਾਨ ਨੋਰਾਡ ਦੇ ਅਮਰੀਕੀ ਤੇ ਕੈਨੇਡੀਅਨ ਕਮਾਂਡਰਜ਼ ਨਾਲ ਘਿਰੇ ਹੋਏ ਟਰੂਡੋ ਤੇ ਆਨੰਦ ਨੇ ਅਮਰੀਕਾ ਦੇ ਰੱਖਿਆ ਮੰਤਰੀ ਲੌਇਡ ਆਸਟਿਨ ਨਾਲ ਕਈ ਤਰ੍ਹਾਂ ਦੀਆਂ ਵਸਤਾਂ ਦਾ ਲੈਣ ਦੇਣ ਕੀਤਾ। ਇਸ ਮੌਕੇ ਅਮਰੀਕੀ ਏਅਰ ਫੋਰਸ ਦੇ ਜਨਰਲ ਗਲੈਨ ਵੈਨਹਰਕ, ਜੋ ਕਿ ਨੋਰਾਡ ਤੇ ਅਮਰੀਕਾ ਦੀ ਨੌਰਦਰਨ ਕਮਾਂਡ ਦੇ ਜੁਆਇੰਟ ਕਮਾਂਡਰ ਹਨ, ਨੇ ਇਸ ਮਿਸ਼ਨ ਦੀ ਅਹਿਮੀਅਤ ਦੱਸਦਿਆਂ ਹੋਇਆਂ ਮੀਟਿੰਗ ਦੀ ਸ਼ੁਰੂਆਤ ਕੀਤੀ।

ਵੈਨਹਰਕ ਨੇ ਇਸ ਮਿਸ਼ਨ ਦੀ ਤਫਸੀਲ ਨਾਲ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਟਰੂਡੋ ਨੇ ਆਖਿਆ ਕਿ ਅਸੀਂ ਅਜਿਹੇ ਸਮਿਆਂ ਵਿੱਚ ਰਹਿ ਰਹੇ ਹਾਂ ਜਿੱਥੇ ਦੁਨੀਆਂ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਟਰੂਡੋ ਇੱਥੇ ਵਲਾਦੀਮੀਰ ਪੁਤਿਨ ਵੱਲੋਂ ਯੂਕਰੇਨ ਉੱਤੇ ਬੋਲੇ ਗਏ ਧਾਵੇ ਦੇ ਨਾਲ ਨਾਲ ਰੂਸ ਤੇ ਚੀਨ ਵਿੱਚ ਤਿਆਰ ਕੀਤੇ ਜਾ ਰਹੇ ਹਾਈਪਰਸੌਨਿਕ ਲਾਂਗ ਰੇਂਜ ਹਥਿਆਰਾਂ ਦੀ ਗੱਲ ਕਰ ਰਹੇ ਸਨ। ਉਨ੍ਹਾਂ ਆਖਿਆ ਕਿ ਅਜਿਹੇ ਹਾਲਾਤ ਵਿੱਚ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਸਾਡੇ ਅਮਰੀਕਾ ਵਰਗੇ ਹੋਰ ਭਾਈਵਾਲ ਦੇਸ਼ ਰਲ ਕੇ ਕੰਮ ਕਰਨਾ ਜਾਰੀ ਰੱਖਣ।

## 11 ਜੂਨ ਤੋਂ ਓਨਟਾਰੀਓ ਵਿੱਚ ਮਾਸਕ ਲਾਉਣ ਦੇ ਸਾਰੇ ਨਿਯਮ ਹੋ ਜਾਣਗੇ ਖ਼ਤਮ

ਓਨਟਾਰੀਓ, 9 ਜੂਨ (ਪੋਸਟ ਬਿਊਰੋ) : ਓਨਟਾਰੀਓ ਦੇ ਉੱਘੇ ਡਾਕਟਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਕੋਵਿਡ-19 ਸਬੰਧੀ ਮਾਸਕ ਦੀ ਲਾਜ਼ਮੀ ਸ਼ਰਤ ਨੂੰ ਇਸ ਵੀਕੈਂਡ ਖ਼ਤਮ ਕਰ ਦਿੱਤਾ ਜਾਵੇਗਾ।

ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਨੇ ਬੁੱਧਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਆਖਿਆ ਕਿ 11 ਜੂਨ, 2022 ਤੋਂ ਰਾਤੀਂ 12:00 ਵਜੇ ਮਾਸਕ ਸਬੰਧੀ ਨਿਯਮ ਖ਼ਤਮ ਕਰ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਓਨਟਾਰੀਓ ਵਿੱਚ ਕੋਵਿਡ-19 ਦੇ ਹਾਲਾਤ ਵਿੱਚ ਹੋ ਰਹੇ ਸੁਧਾਰ ਤੇ ਵੈਕਸੀਨੇਸ਼ਨ ਦੀ ਬਿਹਤਰ ਦਰ ਕਾਰਨ ਹੁਣ ਪਬਲਿਕ ਟਰਾਂਜ਼ਿਟ ਸਮੇਤ ਹੋਰਨਾਂ ਥਾਂਵਾਂ ਉੱਤੇ ਮਾਸਕ ਲਾਉਣ ਦੀ ਲੋੜ ਮਹਿਸੂਸ



ਨਹੀਂ ਕੀਤੀ ਜਾ ਰਹੀ।

ਇੱਥੇ ਦੱਸਣਾ ਬਣਦਾ ਹੈ ਕਿ ਲਾਂਗ ਟਰਮ ਕੇਅਰ ਤੇ ਰਿਟਾਇਰਮੈਂਟ ਹੋਮਜ਼ ਵਿੱਚ ਮਾਸਕ ਪਾਉਣੇ ਜਾਰੀ ਰੱਖੇ ਜਾਣਗੇ। ਇਸ ਦੌਰਾਨ ਟੋਰਾਂਟੋ ਦੇ ਕਈ ਵੱਡੇ ਹਸਪਤਾਲਾਂ ਨੇ ਆਖਿਆ ਹੈ ਕਿ ਇਸ ਨਿਯਮ ਨੂੰ ਖ਼ਤਮ ਕੀਤੇ ਜਾਣ ਦੇ ਬਾਵਜੂਦ ਉਹ ਮਾਸਕ ਲਾਉਣ ਦੀ ਨੀਤੀ ਵਿੱਚ ਕੋਈ ਤਬਦੀਲੀ ਨਹੀਂ ਕਰਨਗੇ।

## ਮੌਸ ਪਾਰਕ ਇਲਾਕੇ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ




ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਟੋਰਾਂਟੋ ਦੇ ਮੌਸ ਪਾਰਕ ਇਲਾਕੇ ਵਿੱਚ ਸਥਿਤ ਰਿਹਾਇਸ਼ੀ ਬਿਲਡਿੰਗ ਵਿੱਚ ਗੋਲੀ ਚੱਲਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 2:52 ਵਜੇ 285 ਸ਼ਟਰ ਸਟਰੀਟ ਤੋਂ ਗ'ਲੀ ਚੱਲਣ ਦੀਆਂ ਆਵਾਜ਼ਾਂ ਸੁਣਨ ਤੋਂ ਬਾਅਦ ਮੌਕੇ ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਐਮਰਜੰਸੀ ਰੰਨ ਰਾਹੀਂ ਹਸਪਤਾਲ ਦੇ ਟਰੌਮਾ ਸੈਂਟਰ ਲਿਜਾਇਆ ਗਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਉਸ ਦੀ ਹਾਲਤ ਕਾਫੀ ਨਾਜ਼ੁਕ ਸੀ। ਪੁਲਿਸ ਅਧਿਕਾਰੀਆਂ ਨੂੰ ਬੁੱਧਵਾਰ ਨੂੰ ਇਸ ਇਮਾਰਤ ਵਿੱਚ ਜਾਂਚ ਕਰਦਿਆਂ ਤੇ ਸਬੂਤ ਇੱਕਠੇ ਕਰਦਿਆਂ ਵੇਖਿਆ ਗਿਆ। ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।

## ਮਾਰਗੇਜ ਰਨਿਊ ਕਰਵਾਉਣ ਸਮੇਂ ਵੱਡਾ ਵਿੱਤੀ ਝਟਕਾ ਬਰਦਾਸ਼ਤ ਕਰਨਾ ਹੋਵੇਗਾ ਕੈਨੇਡੀਅਨਜ਼ ਨੂੰ : ਮੈਕਲਮ

ਓਟਵਾ, 9 ਜੂਨ (ਪੋਸਟ ਬਿਊਰੋ) : ਵਿਆਜ਼ ਦਰਾਂ ਵਿੱਚ ਹੋ ਰਹੇ ਵਾਧੇ ਦੇ ਚੱਲਦਿਆਂ ਬੈਂਕ ਆਫ ਕੈਨੇਡਾ ਵੱਲੋਂ ਘਰਾਂ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਣ ਦਾ ਖਦਸ਼ਾ ਪ੍ਰਗਟਾਇਆ ਹੈ। ਬੈਂਕ ਦਾ ਕਹਿਣਾ ਹੈ ਕਿ ਇਸ ਨਾਲ ਲੋਕਾਂ ਸਿਰ ਮਾਰਗੇਜ ਸਬੰਧੀ ਕਰਜ਼ਾ ਵੀ ਵਧੇਗਾ।

ਆਪਣੇ ਸਾਲਾਨਾ ਫਾਇਨਾਂਸ਼ੀਅਲ ਸਿਸਟਮ ਰਵਿਊ ਵਿੱਚ ਬੈਂਕ ਨੇ ਆਖਿਆ ਕਿ ਅਪਰੈਲ 2020 ਤੇ ਅਪਰੈਲ 2022 ਦਰਮਿਆਨ ਕੌਮੀ ਪੱਧਰ ਉੱਤੇ ਘਰਾਂ ਦੀਆਂ ਕੀਮਤਾਂ ਵਿੱਚ 53 ਫੀ ਸਦੀ ਵਾਧੇ ਦੇ ਬਾਵਜੂਦ ਬੈਂਕ ਨੂੰ ਇਹ ਤੌਖਲਾ ਹੈ ਕਿ ਜਿਨ੍ਹਾਂ ਲੋਕਾਂ ਨੇ ਪਿੱਛੇ ਜਿਹੇ ਘਰ ਖਰੀਦੇ ਹਨ ਉਹ ਜਦੋਂ ਉੱਚੀਆਂ ਦਰਾਂ ਉੱਤੇ ਮਾਰਗੇਜ ਰਨਿਊ ਕਰਵਾਉਣਗੇ ਤਾਂ ਉਨ੍ਹਾਂ ਨੂੰ ਵਧੇਰੇ ਵਿੱਤੀ ਝਟਕਾ ਬਰਦਾਸ਼ਤ ਕਰਨਾ ਹੋਵੇਗਾ। ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ



ਮੈਕਲਮ ਨੇ ਆਖਿਆ ਕਿ ਘਰਾਂ ਦੀਆਂ ਕੀਮਤਾਂ ਵਿੱਚ ਸੁਧਾਰ ਜਲਦ ਹੀ ਆ ਸਕਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਘਰਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਸਿਹਤਮੰਦ ਰਹੇਗੀ। ਉਨ੍ਹਾਂ ਆਖਿਆ ਕਿ ਜਿਨ੍ਹਾਂ ਨੇ ਪਿੱਛੇ ਜਿਹੇ ਘਰ ਖਰੀਦੇ ਹਨ ਉਨ੍ਹਾਂ ਨੇ ਆਪਣੇ ਵਿੱਤ ਤੋਂ ਬਾਹਰ ਜਾ ਕੇ ਅਜਿਹਾ ਕੀਤਾ ਹੈ। ਘਰਾਂ ਦੀਆ ਕੀਮਤਾਂ ਵਿੱਚ ਲਗਾਤਾਰ ਹੋ ਰਹੇ ਵਾਧੇ ਦੇ ਬਾਵਜੂਦ ਲੋਕਾਂ ਵੱਲੋਂ ਇਸ ਡਰ ਨਾਲ ਘਰ ਖਰੀਦੇ ਗਏ ਹਨ ਕਿ ਕਿਤੇ ਉਹ ਘਰ ਤੋਂ ਬਿਨਾਂ ਹੀ ਨਾ ਰਹਿ ਜਾਣ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿੱਚ ਹੋਰ ਵਾਧੇ ਦਾ ਸੰਕੇਤ ਵੀ ਦਿੱਤਾ ਸੀ।

## ਮਿਲਟਨ ਦੇ ਗੌਲਫ ਕੋਰਸ ਨੇੜੇ ਨਹਿਰ ਵਿੱਚੋਂ ਮਿਲੀ ਲਾਸ਼,ਪੁਲਿਸ ਕਰ ਰਹੀ ਹੈ ਜਾਂਚ



ਹਾਲਟਨ, 9 ਜੂਨ (ਪੋਸਟ ਬਿਊਰੋ): ਮਿਲਟਨ ਵਿੱਚ ਇੱਕ ਗੌਲਫ ਕੋਰਸ ਨੇੜੇ ਨਹਿਰ ਵਿੱਚ ਤੈਰਦੀ ਮਿਲੀ ਲਾਸ਼ ਤੋਂ ਬਾਅਦ ਹਾਲਟਨ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਕਾਂਸਟੇਬਲ ਰਾਇਨ ਐਂਡਰਸਨ ਨੇ ਦੱਸਿਆ ਕਿ ਇਹ ਲਾਸ਼ ਟ੍ਰੈਫਲਗਰ ਤੇ ਬ੍ਰਿਟੇਨੀਆ ਰੋਡਜ਼ ਨੇੜੇ ਰੌਇਲ ਓਨਟਾਰੀਓ ਗੌਲਫ ਕਲੱਬ ਵਿਖੇ ਇੱਕ ਗੌਲਫਰ ਨੂੰ ਪਾਣੀ ਵਿੱਚ ਤੈਰਦੀ ਨਜ਼ਰ ਆਈ। ਐਂਡਰਸਨ ਨੇ ਦੱਸਿਆ ਕਿ ਮਿਡਲ ਸਿਕਸਟਨ ਮਾਈਲ ਕ੍ਰੀਕ ਨਾਲ ਜੁੜਨ ਵਾਲੀ ਨਹਿਰ ਵਿੱਚੋਂ ਲਾਸ਼ ਨੂੰ ਕੱਢ ਲਿਆ ਗਿਆ।

ਹਾਲਟਨ ਮਰੀਨ ਯੂਨਿਟ ਤੇ ਡਾਈਵ ਟੀਮ ਮਾਮਲੇ ਦੀ ਜਾਂਚ ਕਰ ਰਹੇ ਹਨ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਲਾਸ਼ ਪਾਣੀ ਵਿੱਚ ਕਿੰਨੇ ਸਮੇਂ ਤੋਂ ਸੀ ਤੇ ਜਾਂ ਇਹ ਪਾਣੀ ਦੇ ਵਹਾਅ ਨਾਲ ਉੱਪਰ ਆਈ ਜਾਂ ਹੇਠਾਂ ਆਈ। ਐਂਡਰਸਨ ਨੇ ਆਖਿਆ ਕਿ ਹੋਰ ਵੇਰਵੇ ਜਲਦ ਹੀ ਜਾਰੀ ਕੀਤੇ ਜਾਣਗੇ।

## ਗੰਨ ਦੀ ਨੋਕ ਉੱਤੇ ਕਾਰ ਜੈਕਿੰਗ ਕਰਨ ਵਾਲੇ ਦੋ ਟੀਨੇਜਰ ਹਿਰਾਸਤ ਵਿੱਚ

ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਪਿਛਲੇ ਮਹੀਨੇ 11 ਦਿਨਾਂ ਦੇ ਅਰਸੇ ਵਿੱਚ ਗੰਨ ਦੀ ਨੋਕ ਉੱਤੇ ਦਰਜਨਾਂ ਕਾਰਾਂ ਨੂੰ ਚੋਰੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਟੋਰਾਂਟੋ ਦੇ 19 ਸਾਲਾ ਵਿਅਕਤੀ ਤੇ ਉਸ ਦੇ ਸਾਥੀ ਟੀਨੇਜਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਟੋਰਾਂਟੋ ਦੇ ਪੁਲਿਸ ਇੰਸਪੈਕਟਰ ਰਿਚਰਡ ਹੈਰਿਸ ਨੇ ਦੱਸਿਆ ਕਿ 15 ਮਈ ਤੋਂ 26 ਮਈ ਦਰਮਿਆਨ ਦੋ ਹਥਿਆਰਬੰਦ ਟੀਨੇਜਰਜ਼ ਨੇ ਹੈਂਡਗੰਨਜ਼ ਦੀ ਮਦਦ ਨਾਲ ਸਕਾਰਬਰੋ ਵਿੱਚ 10 ਤੇ ਦਰਹਾਮ ਰੀਜਨ ਵਿੱਚ ਦੋ ਗੱਡੀਆਂ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਉਹ ਪੰਜ ਗੱਡੀਆਂ ਚੋਰੀ ਕਰਨ ਵਿੱਚ ਕਾਮਯਾਬ ਵੀ ਹੋਏ। ਖੁਸ਼ਕਿਸਮਤੀ ਵਾਲੀ ਗੱਲ ਇਹ ਹੈ ਕਿ ਕਿਸੇ ਵੀ ਗੱਡੀ ਦੇ ਆਪਰੇਟਰ ਨੂੰ ਕੋਈ



ਨੁਕਸਾਨ ਨਹੀਂ ਪਹੁੰਚਿਆ। ਹੈਰਿਸ ਨੇ ਆਖਿਆ ਕਿ ਇਸ ਅਰਸੇ ਦੌਰਾਨ ਇਸ ਜੋੜੇ ਨੇ ਪਟਾਕੇ ਵੇਚਣ ਵਾਲੇ ਇੱਕ ਸਟੈਂਡ ਤੋਂ ਨਕਦੀ ਵੀ ਲੁੱਟੀ ਤੇ ਪਟਾਕੇ ਵੀ ਲੁੱਟ ਲਏ।

ਜਾਂਚਕਾਰ 2 ਜੂਨ ਤੱਕ ਮਸ਼ਕੂਕਾਂ ਦਾ ਪਤਾ ਲਾਉਣ ਵਿੱਚ ਅਸਫਲ ਰਹੇ। ਪੁਲਿਸ ਨੇ ਵੱਡੇ ਪੱਧਰ ਉੱਤੇ ਇਨ੍ਹਾਂ ਮਸ਼ਕੂਕਾਂ ਦੀ ਭਾਲ ਸ਼ੁਰੂ ਕੀਤੀ ਤੇ ਦੋਵਾਂ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਨੂੰ ਮੌਕੇ ਤੋਂ ਭਰੀ ਹੋਈ ਹੈਂਡਗੰਨ, ਇੱਕ ਬਣਾਉਟੀ ਹੈਂਡਗੰਨ, ਕਾਰ ਚੋਰੀ ਕਰਨ ਵਾਲੇ ਸੰਦ, ਕੱਪੜੇ ਤੇ 18 ਮਈ ਨੂੰ ਸਕਾਰਬਰੋ ਦੇ ਡਰਾਈਵਵੇਅ ਤੋਂ ਚੋਰੀ ਕੀਤੀ ਕਾਰ ਵੀ ਬਰਾਮਦ ਕੀਤੀ।

ਹੈਰਿਸ ਨੇ ਆਖਿਆ ਕਿ ਜਿਹੜੀਆਂ ਗੱਡੀਆਂ ਚੋਰੀ ਕੀਤੀਆਂ ਗਈਆਂ ਉਹ ਬਹੁਤੀਆਂ ਮਹਿੰਗੀਆਂ ਤਾਂ ਨਹੀਂ ਸਨ ਪਰ ਉਨ੍ਹਾਂ ਦੀ ਵਰਤੋਂ ਹੋਰਨਾਂ ਜੁਰਮਾਂ ਨੂੰ ਅੰਜਾਮ ਦੇਣ ਲਈ ਕੀਤੀ ਜਾ ਸਕਦੀ ਸੀ। ਚਾਰ ਹੋਰ ਗੱਡੀਆਂ ਸਕਾਰਬਰੋ ਵਿੱਚ ਵੱਖ ਵੱਖ ਲੋਕੇਸ਼ਨਾਂ ਉੱਤੇ ਲਾਵਾਰਿਸ ਖੜ੍ਹੀਆਂ ਮਿਲੀਆਂ।

ਟੋਰਾਂਟੋ ਵਾਸੀ ਟਿਲਿਕ ਜੋਨਜ਼ ਖਿਲਾਫ 44 ਚਾਰਜਿਜ਼ ਲਾਏ ਗਏ ਹਨ ਜਦਕਿ 17 ਸਾਲਾ ਲੜਕੇ, ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਜਿਸ ਦਾ ਨਾਂ ਉਜਾਗਰ ਨਹੀਂ ਕੀਤਾ ਜਾ ਸਕਦਾ, ਖਿਲਾਫ 56 ਚਾਰਜਿਜ਼ ਲਾਏ ਗਏ ਹਨ।



# ਇਮੀਗ੍ਰੇਸ਼ਨ ਮੰਤਰੀ ਵੱਲੋਂ ਸੁਪਰ ਵੀਜ਼ਾ ਪ੍ਰੋਗਰਾਮ ਵਿਚ ਵਾਧੇ ਦਾ ਐਲਾਨ



ਓਟਵਾ, 9 ਜੂਨ (ਪੋਸਟ ਬਿਊਰੋ) : ਮਹਾਂਮਾਰੀ ਤੋਂ ਬਾਹਰ ਆਉਣ ਲਈ ਅਸੀਂ ਹੱਥ ਪੱਲਾ ਮਾਰ ਰਹੇ ਹਾਂ ਤੇ ਅਜਿਹੇ ਵਿੱਚ ਕੈਨੇਡਾ ਸਰਕਾਰ ਵੱਲੋਂ ਪਰਿਵਾਰਾਂ ਨੂੰ ਮਿਲਾਉਣ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ ਜਾ ਰਹੀਆਂ ਹਨ। ਸਰਕਾਰ ਅਜਿਹਾ ਇਸ ਲਈ ਵੀ ਕਰ ਰਹੀ ਹੈ ਤਾਂ ਕਿ ਅਸੀਂ ਦੇਸ਼ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਵਾਲੇ ਇਮੀਗ੍ਰੈਂਟਸ ਨੂੰ ਆਕਰਸ਼ਿਤ ਕਰ ਸਕੀਏ, ਇੱਥੇ ਬਣਾਈ ਰੱਖ ਸਕੀਏ ਤੇ ਪਰਿਵਾਰਾਂ ਨੂੰ ਇੱਕਜੁੱਟ ਕਰ ਸਕੀਏ।

ਅੱਜ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਵੱਲੋਂ ਕੈਨੇਡਾ ਦੇ ਸੁਪਰ ਵੀਜ਼ਾ ਪ੍ਰੋਗਰਾਮ ਵਿੱਚ ਵਾਧੇ ਦਾ ਐਲਾਨ ਕੀਤਾ ਗਿਆ। ਇਸ ਤਰ੍ਹਾਂ ਦੇ ਵਾਧੇ ਨਾਲ ਕੈਨੇਡੀਅਨਜ਼ ਨੂੰ ਆਪਣੇ ਮਾਪਿਆਂ ਤੇ ਗ੍ਰੈਂਡਪੇਰੈਂਟਸ ਨਾਲ ਕੈਨੇਡਾ ਵਿੱਚ ਮੁੜ ਮਿਲਣਾ ਆਸਾਨ ਹੋਵੇਗਾ। ਇਸੇ ਤਰ੍ਹਾਂ ਸੁਪਰ ਵੀਜ਼ਾ ਹੋਲਡਰ ਲੰਮੇਂ ਸਮੇਂ ਤੱਕ ਦੇਸ਼ ਵਿੱਚ ਰਹਿ ਸਕਣਗੇ। ਇਹ ਤਬਦੀਲੀਆਂ 4 ਜੁਲਾਈ, 2022 ਤੋਂ ਪ੍ਰਭਾਵੀ ਹੋਣਗੀਆਂ, ਇਹ ਤਬਦੀਲੀਆਂ ਹੇਠ ਲਿਖੇ ਅਨੁਸਾਰ ਹਨ :

- ਹਰ ਵਾਰੀ ਕੈਨੇਡਾ ਦਾਖਲ ਹੋਣ ਉੱਤੇ ਸੁਪਰ ਵੀਜ਼ਾ ਹੋਲਡਰਜ਼ ਦੀ ਸਟੇਅ ਵਧਾ ਕੇ 5 ਸਾਲ ਕਰ ਦਿੱਤੀ ਗਈ ਹੈ। ਜਿਨ੍ਹਾਂ ਲੋਕਾਂ ਕੋਲ ਸੁਪਰ ਵੀਜ਼ਾ ਹੋਵੇਗਾ ਉਹ ਕੈਨੇਡਾ ਵਿੱਚ ਆਪਣੀ ਸਟੇਅ ਵਿੱਚ 2 ਸਾਲ ਦੇ ਵਾਧੇ ਦੀ ਅਪੀਲ ਵੀ ਕਰ ਸਕਦੇ ਹਨ। ਇਸ ਤੋਂ ਭਾਵ ਹੈ ਕਿ ਸੁਪਰ ਵੀਜ਼ਾ ਹੋਲਡਰ ਕੈਨੇਡਾ ਵਿੱਚ ਲਗਾਤਾਰ 7 ਸਾਲ ਲਈ ਰੁਕ ਸਕਣਗੇ।
- ਇਸ ਦੌਰਾਨ ਇਮੀਗ੍ਰੇਸ਼ਨ ਮੰਤਰੀ ਭਵਿੱਖ ਵਿੱਚ ਸੁਪਰ ਵੀਜ਼ਾ ਬਿਨੈਕਾਰਾਂ ਲਈ ਮੈਡੀਕਲ ਕਵਰੇਜ ਮੁਹੱਈਆ ਕਰਵਾਉਣ ਵਾਸਤੇ ਇੰਟਰਨੈਸ਼ਨਲ ਮੈਡੀਕਲ ਇੰਸ਼ੋਰੈਂਸ ਕੰਪਨੀਆਂ ਨੂੰ ਤੈਅ ਕਰ ਸਕਦੇ ਹਨ। ਇਸ ਸਮੇਂ ਸਿਰਫ ਕੈਨੇਡੀਅਨ ਇੰਸ਼ੋਰੈਂਸ ਕੰਪਨੀਆਂ ਹੀ ਸੁਪਰ ਵੀਜ਼ਾ ਹੋਲਡਰਜ਼ ਨੂੰ ਲੋੜੀਂਦੀ ਮੈਡੀਕਲ ਕਵਰੇਜ ਮੁਹੱਈਆ ਕਰਵਾ ਸਕਦੀਆਂ ਹਨ। ਕੈਨੇਡਾ ਤੋਂ ਬਾਹਰੋਂ ਮੈਡੀਕਲ ਇੰਸ਼ੋਰੈਂਸ ਦੇਣ ਵਾਲੀਆਂ ਤੈਅ ਕੀਤੀਆਂ ਕੰਪਨੀਆਂ ਬਾਰੇ ਜਾਣਕਾਰੀ ਆਉਣ ਵਾਲੇ ਦਿਨਾਂ ਵਿੱਚ ਆਈਆਰਸੀਸੀ ਦੀ ਵੈੱਬਸਾਈਟ ਉੱਤੇ ਦੇ ਦਿੱਤੀ ਜਾਵੇਗੀ।

# ਫਲੋਰਿਡਾ ਪ੍ਰਾਈਡ ਈਵੈਂਟ ਉੱਤੇ ਗੋਲੀਆਂ ਚਲਾਉਣ ਦੀ ਧਮਕੀ ਦੇਣ ਵਾਲਾ ਟੀਨੇਜਰ ਗ੍ਰਿਫਤਾਰ



ਮਿਸੀਸਾਗਾ, 9 ਜੂਨ (ਪੋਸਟ ਬਿਊਰੋ) : ਫਲੋਰਿਡਾ ਵਿੱਚ ਪ੍ਰਾਈਡ ਈਵੈਂਟ ਦੌਰਾਨ ਵੱਡੀ ਪੱਧਰ ਉੱਤੇ ਕਤਲੇਆਮ ਦੀ ਧਮਕੀ ਦੇਣ ਵਾਲੇ ਕੈਨੇਡਾ ਦੇ 17 ਸਾਲਾ ਲੜਕੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਵੈਸਟ ਪਾਮ ਬੀਚ ਪੁਲਿਸ ਡਿਪਾਰਟਮੈਂਟ ਅਨੁਸਾਰ ਇਸ ਟੀਨੇਜਰ ਨੂੰ ਟੋਰਾਂਟੋ, ਪੀਲ ਰੀਜਨਲ ਪੁਲਿਸ ਦੇ ਨਾਲ ਨਾਲ ਐਫਬੀਆਈ ਸਮੇਤ ਕੌਮਾਂਤਰੀ ਜਾਂਚ ਤੋਂ ਬਾਅਦ ਸੋਮਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ਇਹ ਟੀਨੇਜਰ ਓਮੇਗਲ ਨਾਂ ਦੀ ਵੀਡੀਓ ਚੈਟ ਉੱਤੇ ਸੀ ਤੇ ਇਸ ਨੇ ਪ੍ਰਾਈਡ ਈਵੈਂਟ ਵਿੱਚ ਲੋਕਾਂ ਨੂੰ ਗੋਲੀਆਂ ਨਾਲ ਉਡਾਉਣ ਦੀ ਧਮਕੀ ਦੇਣ ਤੋਂ ਇਲਾਵਾ ਹੈਂਡਗੰਨ ਵਕਲੀ ਆਪਣੀ ਫੋਟੋ ਵੀ ਪਾਈ ਸੀ। ਫਲੋਰਿਡਾ ਪੁਲਿਸ ਦਾ ਕਹਿਣਾ ਹੈ ਕਿ ਟੀਨੇਜਰ ਨੇ ਉਸ ਇਲਾਕੇ ਵਿੱਚ ਰਹਿਣ ਦਾ ਦਾਅਵਾ ਕੀਤਾ ਸੀ ਤੇ ਐਲਜੀਬੀਟੀਕਿਊ2ਐਸ ਪਲੱਸ ਖਿਲਾਫ ਟਿੱਪਣੀਆਂ ਵੀ ਕੀਤੀਆਂ ਸਨ। ਇਸ ਧਮਕੀ ਤੋਂ ਬਾਅਦ ਉੱਥੇ ਵਾਧੂ ਸਕਿਊਰਿਟੀ ਲਾ ਦਿੱਤੀ ਗਈ।

ਪੁਲਿਸ ਨੇ ਦੱਸਿਆ ਕਿ ਇਸ ਟੀਨੇਜਰ ਨੂੰ ਓਨਟਾਰੀਓ ਵਿੱਚ ਗ੍ਰਿਫਤਾਰ ਕਰਨ ਸਮੇਂ ਇਹ ਗੰਨ ਵੀ ਬਰਾਮਦ ਕਰ ਲਈ ਗਈ। ਕੈਨੇਡੀਅਨ ਅਧਿਕਾਰੀਆਂ ਵੱਲੋਂ ਇਸ ਟੀਨੇਜਰ ਖਿਲਾਫ ਵੱਡੀ ਪੱਧਰ ਉੱਤੇ ਸੂਟਿੰਗ ਕਰਕੇ ਲੋਕਾਂ ਦੀ ਜਾਣ ਲੈਣ ਲਈ ਦਿੱਤੀ ਧਮਕੀ ਦੇ ਸਬੰਧ ਵਿੱਚ ਇਸ ਨੂੰ ਚਾਰਜ ਕੀਤਾ ਗਿਆ ਹੈ। ਇਹ ਵੀ ਉਮੀਦ ਹੈ ਕਿ ਅਮਰੀਕਾ ਵੱਲੋਂ ਇਸ ਦੀ ਹਵਾਲਗੀ ਮੰਗੀ ਜਾਵੇਗੀ, ਜਿੱਥੇ ਅਜੇ ਵੀ ਇਸ ਖਿਲਾਫ ਚਾਰਜਿਜ਼ ਪੈਂਡਿੰਗ ਹਨ। ਨਾਬਾਲਗ ਹੋਣ ਕਾਰਨ ਇਸ ਮਸ਼ਕੂਕ ਦਾ ਨਾਂ ਜਾਰੀ ਨਹੀਂ ਕੀਤਾ ਗਿਆ ਹੈ। ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਵੈਸਟ ਪਾਮ ਬੀਚ ਦੇ ਡਿਪਟੀ ਪੁਲਿਸ ਚੀਫ ਰਿੱਕ ਮੌਰਿਸ ਨੇ ਆਖਿਆ ਕਿ ਇਸ ਤਰ੍ਹਾਂ ਦੀ ਧਮਕੀ ਤੋਂ ਬਾਅਦ ਲੋਕ ਕਾਫੀ ਡਰੇ ਹੋਏ ਹਨ।

# ਰੋਇਨਾ ਸਾਂਤੋਸ਼ ਮੁੜ ਐਫ ਸੀ ਐਮ ਦੇ ਬੋਰਡ ਵਿੱਚ ਹੋਈ ਨਿਯੁਕਤ



ਬਰੈਂਪਟਨ, 9 ਜੂਨ (ਪੋਸਟ ਬਿਊਰੋ) : ਆਪਣੀ ਸਾਲਾਨਾ ਜਨਰਲ ਮੀਟਿੰਗ ਵਿੱਚ ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ( ਐਫ ਸੀ ਐਮ) ਵੱਲੋਂ ਐਲਾਨ ਕੀਤਾ ਗਿਆ ਕਿ ਬਰੈਂਪਟਨ ਤੋਂ ਰੀਜਨਲ ਕਾਊਂਸਲਰ ਰੋਇਨਾ ਸਾਂਤੋਸ਼ ਨੂੰ 2022 ਤੋਂ 2023 ਤੱਕ ਮੁੜ ਇੱਕ ਸਾਲ ਲਈ ਬੋਰਡ ਆਫ ਡਾਇਰੈਕਟਰਜ਼ ਵਿੱਚ ਚੁਣ ਲਿਆ ਗਿਆ ਹੈ।

1901 ਤੋਂ ਹੀ ਐਫ ਸੀ ਐਮ ਕੌਮੀ ਪੱਧਰ ਉੱਤੇ ਕੈਨਡਾ ਦੀਆਂ ਮਿਊਂਸਪਲ ਸਰਕਾਰਾਂ ਦੀ ਆਵਾਜ਼ ਬਣੀ ਹੋਈ ਹੈ। ਦੇਸ਼ ਭਰ ਦੀਆਂ 2,000 ਮਿਊਂਸਪੈਲਿਟੀਜ਼ ਤੋਂ ਵੀ ਵੱਧ ਲੋਕ ਇਸ ਦੇ ਮੈਂਬਰ ਹਨ, ਜੋ ਕਿ ਸਮੁੱਚੇ ਕੈਨੇਡੀਅਨਜ਼ ਵਿੱਚੋਂ 90 ਫੀ ਸਦੀ ਦੀ ਨੁਮਾਇੰਦਗੀ ਕਰਦੇ ਹਨ। ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ਐਨੂਅਲ ਕਾਨਫਰੰਸ ਤੇ ਟਰੇਡ ਸ਼ੋਅ 2 ਤੋਂ 5 ਜੂਨ ਤੱਕ ਕਰਵਾਇਆ ਗਿਆ। ਇਸ ਦਾ ਥੀਮ ਟੂਗੈਦਰ ਫੌਰ ਰਿਕਵਰੀ ਸੀ। ਇਸ ਤਹਿਤ ਮਜ਼ਬੂਤ ਤੇ ਅਹਿਮ ਰਿਕਵਰੀ ਲਈ ਮਿਊਂਸਪੈਲਿਟੀਜ਼ ਦੀ ਭੂਮਿਕਾ ਨੂੰ ਅਹਿਮ ਦੱਸਿਆ ਗਿਆ।

ਇਸ ਕਾਨਫਰੰਸ ਵਿੱਚ ਸਿਟੀ ਆਫ ਬਰੈਂਪਟਨ ਨਾਲ ਜੁੜੇ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਿਆ ਤੇ ਫੈਡਰਲ ਸਰਕਾਰ ਤੋਂ ਹੇਠ ਲਿਖੇ ਨੁਕਤਿਆਂ ਲਈ ਫੰਡ ਹਾਸਲ ਕਰਨ ਦੀ ਪੈਰਵੀ ਵੀ ਕੀਤੀ ਗਈ :

- ਬਿਹਤਰ ਟਰਾਂਜ਼ਿਟ ਦੇ ਨਿਰਮਾਣ ਪ੍ਰਤੀ ਵਚਨਬੱਧਤਾ
- ਟਰਾਂਸਪੋਰਟੇਸ਼ਨ ਸਬੰਧੀ ਇਨਫਰਾਸਟ੍ਰਕਚਰ ਤੇ ਪ੍ਰੋਗਰਾਮਾਂ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਲਈ ਫੰਡਾਂ ਦੀ ਦਰਕਾਰ
- ਕਲਾਈਮੇਟ ਚੇਂਜ ਬਾਰੇ ਅਗਾਊਂ ਤਿਆਰੀ ਕਰਨ ਲਈ ਨਿਵੇਸ਼
- ਆਰਥਿਕ ਵਿਕਾਸ, ਰੋਜ਼ਗਾਰ ਤੇ ਵਿਕਾਸ ਤੇ ਰਿਕਵਰੀ ਲਈ ਨਿਵੇਸ਼

# ਸਕਾਰਬਰੋ ਦੇ ਸਕੂਲ ਨੂੰ ਧਮਕੀਆਂ ਦੇਣ ਵਾਲੇ 13 ਸਾਲਾ ਲੜਕੇ ਨੂੰ ਕੀਤਾ ਗਿਆ ਗ੍ਰਿਫਤਾਰ




ਸਕਾਰਬਰੋ, 9 ਜੂਨ (ਪੋਸਟ ਬਿਊਰੋ) : ਵ੍ਹਾਇਸਮੇਲ ਰਾਹੀਂ ਸਕੂਲ ਨੂੰ ਧਮਕੀਆਂ ਭੇਜਣ ਵਾਲੇ 13 ਸਾਲਾ ਲੜਕੇ ਨੂੰ ਹਿਰਾਸਤ ਵਿੱਚ ਲੈ ਕੇ ਪੁਲਿਸ ਵੱਲੋਂ ਚਾਰਜ ਕੀਤਾ ਗਿਆ ਹੈ। ਇਸ ਲੜਕੇ ਦੀਆਂ ਧਮਕੀਆਂ ਕਾਰਨ ਸਕਾਰਬਰੋ ਦੇ ਹਾਈ ਸਕੂਲ ਨੂੰ ਲਾਕਡਾਊਨ ਵਿੱਚ ਰੱਖਣਾ ਪਿਆ।

ਗਿਲਡਵੁੱਡ ਪਾਰਕਵੇਅ ਤੇ ਗੈਲੋਅਵੇਅ ਰੋਡ ਏਰੀਆ ਵਿੱਚ ਸਥਿਤ ਸਰ ਵਿਲਫਰਿਡ ਲੌਰੀਅਰ ਸੀ•ਆਈ ਨੂੰ ਜਾਂਚ ਲਈ ਸੋਮਵਾਰ ਸਵੇਰੇ ਲਾਕਡਾਊਨ ਵਿੱਚ ਰੱਖਿਆ ਗਿਆ। ਸੇਫਟੀ ਪ੍ਰੋਸੀਜ਼ਰ ਨੂੰ ਦੁਪਹਿਰੇ 12:30 ਵਜੇ ਹਟਾਅ ਲਿਆ ਗਿਆ। ਅਹਿਤਿਆਤਨ ਇਸ ਇਲਾਕੇ ਵਿੱਚ ਸਥਿਤ ਹੋਰਨਾਂ ਸਕੂਲਾਂ ਜਿਵੇਂ ਕਿ ਗਿਲਡਵੁੱਡ ਜੂਨੀਅਰ ਪਬਲਿਕ ਸਕੂਲ, ਮੇਪਲਵੁੱਡ ਹਾਈ ਸਕੂਲ, ਈਸਟਵਿਊ ਪਬਲਿਕ ਸਕੂਲ, ਪੋਪਲਰ ਰੋਡ ਜੂਨੀਅਰ ਪਬਲਿਕ ਸਕੂਲ ਤੇ ਐਲਿਜ਼ਾਬੈੱਥ ਸਿਮਕੋਅ ਜੂਨੀਅਰ ਪਬਲਿਕ ਸਕੂਲ ਨੂੰ ਹੋਲਡ ਤੇ ਸਕਿਓਰ ਵਿੱਚ ਰੱਖਿਆ ਗਿਆ।

ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੱਭ ਤੋਂ ਪਹਿਲਾਂ ਧਮਕੀ 3 ਜੂਨ ਨੂੰ ਦਿੱਤੀ ਗਈ। ਜਾਂਚਕਾਰਾਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਸ 13 ਸਾਲਾ ਲੜਕੇ ਦਾ ਸਕੂਲ ਨਾਲ ਕੋਈ ਸਬੰਧ ਨਹੀਂ ਸੀ। ਉਸ ਨੇ 6:30 ਵਜੇ ਦੇ ਨੇੜੇ ਤੇੜੇ ਵ੍ਹਾਇਸਮੇਲ ਰਾਹੀਂ ਧਮਕੀ ਦਿੱਤੀ। ਇਸ ਦੌਰਾਨ ਕਿਸੇ ਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਹੋਇਆ। ਮੰਗਲਵਾਰ ਨੂੰ ਇਸ ਲੜਕੇ ਨੇ ਪੁਲਿਸ ਕੋਲ ਆਤਮ ਸਮਰਪਣ ਕਰ ਦਿੱਤਾ ਤੇ ਉਸ ਨੂੰ ਉਸ ਦੇ ਮਾਪਿਆਂ ਦੀ ਹਾਜ਼ਰੀ ਵਿੱਚ ਗ੍ਰਿਫਤਾਰ ਕੀਤਾ ਗਿਆ।

ਪੀਲ ਰੀਜਨ ਦੇ ਇਸ 13 ਸਾਲਾ ਲੜਕੇ ਉੱਤੇ ਦੋ ਚਾਰਜਿਜ਼ ਲਾਏ ਗਏ ਹਨ, ਇੱਕ ਧਮਕੀਆਂ ਦੇਣਾ ਤੇ ਦੂਜਾ ਸ਼ਰਾਰਤ ਕਰਨਾ। ਇਸ ਲੜਕੇ ਨੂੰ 20 ਜੁਲਾਈ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

# ਗੋਲੀ ਲੱਗਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ



ਸਕਾਰਬਰੋ, 9 ਜੂਨ (ਪੋਸਟ ਬਿਊਰੋ) : ਸਕਾਰਬਰੋ ਦੇ ਪੂਰਬੀ ਸਿਰੇ ਉੱਤੇ ਹੋਈ ਸੂਟਿੰਗ ਵਿੱਚ ਇੱਕ 30 ਸਾਲਾ ਵਿਅਕਤੀ ਦੀ ਮੌਤ ਹੋ ਗਈ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੁੱਧਵਾਰ ਰਾਤ ਨੂੰ 8:00 ਵਜੇ ਦੇ ਨੇੜੇ ਤੇੜੇ ਉਨ੍ਹਾਂ ਨੂੰ ਸਕਾਰਬਰੋ ਗੌਲਫ ਕਲੱਬ ਰੋਡ ਦੇ ਪੂਰਬ ਵਿੱਚ ਲਾਅਰੈਂਸ ਐਵਨਿਊ ਈਸਟ ਤੇ ਮੌਸਬੈਂਕ ਡਰਾਈਵ ਉੱਤੇ ਸਥਿਤ ਰਿਹਾਇਸ਼ੀ ਬਿਲਡਿੰਗ ਵਿੱਚ ਕਈ ਗੋਲੀਆਂ ਚੱਲਣ ਦੀਆਂ ਖਬਰਾਂ ਮਿਲੀਆਂ। ਪੁਲਿਸ ਨੇ ਦੱਸਿਆ ਕਿ ਜਦੋਂ ਉਹ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਬਾਅਦ ਵਿੱਚ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਆਖਿਆ ਕਿ ਉਹ ਕਈ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪਰ ਕਿਸੇ ਦਾ ਵੇਰਵਾ ਪੁਲਿਸ ਵੱਲੋਂ ਜਾਰੀ ਨਹੀਂ ਕੀਤਾ ਗਿਆ।

# ਹਰਮਨਪ੍ਰੀਤ ਭਾਰਤੀ ਮਹਿਲਾ ਕ੍ਰਿਕਟ ਦੀ ਇੱਕ ਦਿਨਾ ਕਪਤਾਨ ਬਣੀ



ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਦਿੱਗਜ਼ ਬੱਲੇਬਾਜ਼ ਮਿਤਾਲੀ ਰਾਜ ਨੇ ਆਪਣੇ ਕ੍ਰਿਕਟ ਕੈਰੀਅਰ ਨੂੰ ਅਲਵਿਦਾ ਆਖ ਦਿੱਤਾ ਤਾਂ ਭਾਰਤੀ ਮਹਿਲਾ ਕ੍ਰਿਕਟ ਦੀ ਇੱਕ ਦਿਨਾ ਟੀਮ ਦੇ ਲਈ ਹਰਮਨਪ੍ਰੀਤ ਨੂੰ ਨਵੀਂ ਕਪਤਾਨ ਬਣਾਇਆ ਗਿਆ ਹੈ। ਇਸ ਦੇ ਨਾਲ ਭਾਰਤੀ ਕ੍ਰਿਕਟ ਟੀਮ ਦੇ ਚੋਣਕਰਤਾਵਾਂ ਨੇ ਸ੍ਰੀਲੰਕਾ ਖ਼ਿਲਾਫ਼ 23 ਜੂਨ ਤੋਂ ਖੇਡੀ ਜਾਣ ਵਾਲੀ ਸੀਮਤ ਓਵਰ ਦੀ ਲੜੀ ਲਈ ਭਾਰਤੀ ਟੀਮ ਦਾ ਐਲਾਨ ਕਰ ਦਿੱਤਾ ਹੈ। ਦਾਂਬੁਲਾ ਤੇ ਕੈਂਡੀ ਦੇ ਮੈਦਾਨ ਉੱਤੇ ਖੇਡੀ ਜਾਣ ਵਾਲੀ ਤਿੰਨ ਟੀ-20 ਅਤੇ ਤਿੰਨ ਇੱਕ ਦਿਨਾ ਮੈਚਾਂ ਦੀ ਲੜੀ ਲਈ ਵੀਹਰਮਨਪ੍ਰੀਤ ਨੂੰ ਕਮਾਨ ਸੌਂਪੀ ਗਈ ਹੈ। ਇਹ ਲੜੀ 3 ਟੀ-20 ਮੈਚਾਂ ਨਾਲ ਸ਼ੁਰੂ ਹੋਵੇਗੀ, ਜੋ ਦਾਂਬੁਲਾ ਮੈਦਾਨ ਉੱਤੇ 23, 25 ਤੇ 27 ਜੂਨ ਨੂੰ ਖੇਡੇ ਜਾਣੇ ਹਨ। ਤਿੰਨ ਮੈਚਾਂ ਦੀ ਇੱਕ ਦਿਨਾ ਲੜੀ ਦਾ ਮੁੱਢ 1 ਜੁਲਾਈ ਤੋਂ ਕੈਂਡੀ ਮੈਦਾਨ ਉੱਤੇਬੱਝਣਾ ਹੈ, ਦੂਸਰਾ ਮੈਚ 4 ਜੁਲਾਈ ਅਤੇ ਤੀਸਰਾ 7 ਜੁਲਾਈ ਨੂੰ ਹੋਵੇਗਾ। ਟੀ-20 ਟੀਮ ਵਿੱਚ ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ (ਉਪ ਕਪਤਾਨ), ਸ਼ੈਫਾਲੀ ਵਰਮਾ, ਯਾਸਤਿਕਾ ਭਾਟੀਆ, ਐਸ ਮੇਘਨਾ, ਦੀਪਤੀ ਸ਼ਰਮਾ, ਪੂਨਮ ਯਾਦਵ, ਰਾਜੇਸ਼ਵਰੀ ਗਾਇਕਵਾੜ, ਸਿਮਰਨ ਬਹਾਦਰ, ਰਿਚਾ ਘੋਸ਼, ਪੂਜਾ, ਮੇਘਨਾ ਸਿੰਘ, ਰੇਣੂਕਾ, ਜੇਮਿਮਾ, ਰਾਧਾ ਯਾਦਵ ਸ਼ਾਮਲ ਹਨ। ਇੱਕ ਦਿਨਾ ਟੀਮ ਵਿੱਚ ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ (ਉਪ ਕਪਤਾਨ), ਸ਼ੈਫਾਲੀ ਵਰਮਾ, ਯਾਸਤਿਕਾ ਭਾਟੀਆ, ਐਸ ਮੇਘਨਾ, ਦੀਪਤੀ ਸ਼ਰਮਾ, ਪੂਨਮ ਯਾਦਵ, ਰਾਜੇਸ਼ਵਰੀ ਗਾਇਕਵਾੜ, ਸਿਮਰਨ ਬਹਾਦਰ, ਰਿਚਾ ਘੋਸ਼, ਪੂਜਾ, ਮੇਘਨਾ ਸਿੰਘ, ਰੇਣੂਕਾ ਸਿੰਘ, ਤਾਨੀਆ ਭਾਟੀਆ, ਹਰਲੀਨ ਦਿਓਲ ਹਨ।

# ਮਸਜਿਦ ਦੇ ਮੈਂਬਰਾਂ ਉੱਤੇ ਹਮਲਾ ਕਰਨ ਵਾਲੇ ਨੂੰ ਹੋ ਸਕਦੀ ਹੈ ਉਮਰ ਕੈਦ




ਮਿਸੀਸਾਗਾ, 9 ਜੂਨ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਮਾਰਚ ਵਿੱਚ ਮਿਸੀਸਾਗਾ ਦੀ ਇੱਕ ਮਸਜਿਦ ਵਿੱਚ ਨਮਾਜ਼ ਅਦਾ ਕਰਨ ਗਏ ਲੋਕਾਂ ਉੱਤੇ ਬਿਨਾਂ ਕਿਸੇ ਮਕਸਦ ਦੇ ਹਮਲਾ ਕਰਨ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਇਸ ਕਾਰੇ ਨੂੰ ਵੀ ਅੱਤਵਾਦੀ ਕਾਰਵਾਈ ਕਰਾਰ ਦਿੱਤਾ ਗਿਆ।

19 ਮਾਰਚ ਨੂੰ ਸੌਵੇਰੇ 7:00 ਵਜੇ ਤੋਂ ਪਹਿਲਾਂ ਮੈਥਸਨ ਬੋਲੇਵਾਰਡ ਤੇ ਕੈਨੇਡੀ ਰੋਡ ਨੇੜੇ ਸਥਿਤ ਡਾਰ ਅਲ-ਤੌਹੀਦ ਇਸਲਾਮਿਕ ਸੈਂਟਰ ਉੱਤੇ ਹੋਏ ਹਮਲੇ ਦੇ ਸਬੰਧ ਵਿੱਚ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਇੱਕ ਚਸ਼ਮਦੀਦ ਨੇ ਦੱਸਿਆ ਕਿ ਮਸਜਿਦ ਦੇ ਅੰਦਰ ਕਈ ਲੋਕ ਸਵੇਰ ਸਮੇਂ ਨਮਾਜ਼ ਅਦਾ ਕਰਨ ਲਈ ਮੌਜੂਦ ਸਨ ਜਦੋਂ ਇਸ ਵਿਅਕਤੀ ਨੇ ਆ ਕੇ ਉਨ੍ਹਾਂ ਉੱਤੇ ਬੀਅਰ ਸਪਰੇਅ ਮਾਰ ਦਿੱਤਾ। ਜਿਸ ਕਾਰਨ ਉਨ੍ਹਾਂ ਦੀਆਂ ਅੱਖਾਂ ਤੇ ਗਲੇ ਵਿੱਚ ਕਾਫੀ ਦਿੱਕਤ ਸ਼ੁਰੂ ਹੋ ਗਈ। ਮਸਜਿਦ ਦੇ ਮੈਂਬਰਾਂ ਵੱਲੋਂ ਇਸ ਵਿਅਕਤੀ ਨੂੰ ਕਾਬੂ ਕਰ ਲਿਆ ਗਿਆ ਜਦਕਿ ਐਨੇ ਵਿੱਚ ਕਿਸੇ ਵੱਲੋਂ ਪੁਲਿਸ ਨੂੰ ਸੱਦ ਲਿਆ ਗਿਆ।

ਇਹ ਵੀ ਦੋਸ਼ ਲਾਇਆ ਗਿਆ ਕਿ ਇਸ ਵਿਅਕਤੀ ਨੇ ਆਪਣੇ ਸ਼ਰੀਰ ਨਾਲ ਕਈ ਹਥਿਆਰ ਵੀ ਬੰਨ੍ਹੇ ਹੋਏ ਸਨ, ਇਨ੍ਹਾਂ ਵਿੱਚ ਹੀ ਕੁਹਾੜੀ ਤੇ ਕੁੱਝ ਚਾਕੂ ਆਦਿ ਵੀ ਸਨ। ਇਸ ਸਬੰਧ ਵਿੱਚ ਮਿਸੀਸਾਗਾ ਦੇ 24 ਸਾਲਾ ਮੁਹੰਮਦ ਮੋਇਜ਼ ਉਮਰ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਨੂੰ ਉਸੇ ਦਿਨ ਅਦਾਲਤ ਵਿੱਚ ਵੀ ਪੇਸ਼ ਕੀਤਾ ਗਿਆ। ਮੋਇਜ਼ ਨੂੰ ਹਥਿਆਰ ਨਾਲ ਹਮਲਾ ਕਰਨ, ਜ਼ਹਿਰੀਲੇ ਪਦਾਰਥ ਦੀ ਵਰਤੋਂ ਕਰਕੇ ਲੋਕਾਂ ਦੀ ਜਾਨ ਖਤਰੇ ਵਿੱਚ ਪਾਉਣ ਤੇ ਲੋਕਾਂ ਨੂੰ ਸ਼ਰੀਰਕ ਨੁਕਸਾਨ ਪਹੁੰਚਾਉਣ, ਧਮਕੀਆਂ ਦੇਣ, ਹਥਿਆਰ ਲੁਕਾਉਣ ਤੇ ਧਾਰਮਿਕ ਥਾਂ ਉੱਤੇ ਸ਼ਰਾਰਤ ਕਰਨ ਲਈ ਚਾਰਜ ਕੀਤਾ ਗਿਆ।

ਬੁੱਧਵਾਰ ਨੂੰ ਡਿਪਟੀ ਡਾਇਰੈਕਟਰ ਆਫ ਪਬਲਿਕ ਪ੍ਰੋਸੀਕਿਊਸ਼ਨ ਸਰਵਿਸ ਆਫ ਕੈਨੇਡਾ ਤੇ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਫੌਰ ਦ ਮਿਨਿਸਟਰੀ ਆਫ ਦ ਅਟਾਰਨੀ ਜਨਰਲ ਵੱਲੋਂ ਕੈਨੇਡਾ ਦੇ ਕ੍ਰਿਮੀਨਲ ਕੋਡ ਅਨੁਸਾਰ ਮੋਇਜ਼ ਖਿਲਾਫ ਅੱਤਵਾਦੀ ਕਾਰਵਾਈ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿੱਤੀ। ਇਸ ਅਧਾਰ ਉੱਤੇ ਜੇ ਮੋਇਜ਼ ਕਸੂਰਵਾਰ ਪਾਇਆ ਜਾਂਦਾ ਹੈ ਤਾਂ ਉਸ ਨੂੰ ਪੈਰੋਲ ਤੋਂ ਬਿਨਾਂ ਉਮਰਕੈਦ ਹੋ ਸਕਦੀ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936



SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਟੋਰਾਂਟੋ ਤੇ ਨਾਲ ਲੱਗਦੇ ਇਲਾਕਿਆਂ ਵਿੱਚ ਭਾਰੀ ਮੀਂਹ ਆਉਣ ਦੀ ਸੰਭਾਵਨਾ

ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਟੋਰਾਂਟੋ ਤੇ ਇਸ ਦੇ ਨਾਲ ਲੱਗਦੇ ਇਲਾਕੇ ਵਿੱਚ ਭਾਰੀ ਮੀਂਹ ਪੈਣ ਤੇ ਗਰਜ ਚਮਕ ਨਾਲ ਤੂਫਾਨ ਆਉਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ।

ਇੱਕ ਨਿਊਜ਼ ਰਲੀਜ਼ ਵਿੱਚ ਏਜੰਸੀ ਨੇ ਆਖਿਆ ਕਿ ਮੀਂਹ ਸੋਮਵਾਰ ਰਾਤ ਨੂੰ ਸ਼ੁਰੂ ਹੋ ਕੇ ਘੱਟੋ ਘੱਟ ਮੰਗਲਵਾਰ ਦੀ ਸ਼ਾਮ ਤੱਕ ਜਾਰੀ ਰਹਿ ਸਕਦਾ ਹੈ।ਐਨਵਾਇਰਮੈਂਟ ਕੈਨੇਡਾ ਨੇ ਆਖਿਆ ਕਿ ਮੀਂਹ ਤੇ ਗਰਜ ਚਮਕ ਨਾਲ ਤੂਫਾਨ ਵਾਲਾ ਇਹ ਮੌਸਮ ਪੂਰੇ ਰੀਜਨ ਵਿੱਚ ਫੈਲਣ ਦੀ ਸੰਭਾਵਨਾ ਹੈ।ਇਸ ਦੌਰਾਨ 25 ਤੋਂ 50



ਮਿਲੀਮੀਟਰ ਤੱਕ ਮੀਂਹ ਪੈ ਸਕਦਾ ਹੈ ਤੇ ਜਿੱਥੇ ਗਰਜ ਚਮਕ ਨਾਲ ਤੂਫਾਨ ਆਉਣ ਦੀ ਚੇਤਾਵਨੀ ਦਿੱਤੀ ਗਈ ਹੈ ਉੱਥੇ ਮੀਂਹ ਹੋਰ ਜ਼ਿਆਦਾ ਮਾਤਰਾ ਵਿੱਚ ਪੈ ਸਕਦਾ ਹੈ।

ਮੰਗਲਵਾਰ ਸ਼ਾਮ ਤੱਕ ਮੀਂਹ ਪੈਣਾ ਬੰਦ ਹੋ ਸਕਦਾ ਹੈ। ਪਰ ਇਸ ਤੋਂ ਬਾਅਦ ਠੰਢ ਵਧਣ ਦੀ ਉਮੀਦ ਹੈ।ਸਪੈਸ਼ਲ ਵੈਦਰ ਦੀ ਜਿੰਨ੍ਹਾਂ ਹੋਰਨਾਂ ਇਲਾਕਿਆਂ ਵਿੱਚ ਚੇਤਾਵਨੀ ਦਿੱਤੀ ਗਈ ਹੈ ਉਨ੍ਹਾਂ ਵਿੱਚ ਹੈਮਿਲਟਨ, ਹਾਲਟਨ, ਪੀਲ ਰੀਜਨਜ਼, ਨਾਇਗਰਾ ਦੇ ਨਾਲ ਨਾਲ ਯੌਰਕ ਤੇ ਦਰਹਾਮ ਰੀਜਨ ਸ਼ਾਮਲ ਹਨ।

ਗ੍ਰੇਟਰ ਟੋਰਾਂਟੋ ਏਰੀਆ ਵਿੱਚ ਇਸ ਸਮੇਂ ਤਾਪਮਾਨ 20 ਡਿਗਰੀ ਸੈਲਸੀਅਸ ਤੋਂ ਹੇਠਾਂ ਚੱਲ ਰਿਹਾ ਹੈ। ਮੰਗਲਵਾਰ ਨੂੰ ਇਹ ਤਾਪਮਾਨ 10 ਡਿਗਰੀ ਤੋਂ ਹੇਠਾਂ ਜਾ ਸਕਦਾ ਹੈ ਤੇ ਬੁੱਧਵਾਰ ਨੂੰ ਵਾਪਿਸ ਪਹਿਲਾਂ ਵਾਲੀ ਥਾਂ ਆ ਸਕਦਾ ਹੈ।

# ਗੈਰਜ਼ਿੰਮੇਵਰਾਨਾ ਸੀ ਕੈਨੇਡੀਅਨ ਜਹਾਜ਼ਾਂ ਪ੍ਰਤੀ ਚੀਨ ਦੀ ਕਾਰਵਾਈ : ਟਰੂਡੋ

ਓਟਵਾ, 9 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਸੰਯੁਕਤ ਰਾਸ਼ਟਰ ਦੇ ਮਿਸ਼ਨ ਵਿੱਚ ਹਿੱਸਾ ਲੈ ਰਹੇ ਕੈਨੇਡੀਅਨ ਜਹਾਜ਼ਾਂ ਦੇ ਸਬੰਧ ਵਿੱਚ ਚੀਨ ਦੇ ਪਾਇਲਟਸ ਦੀ ਕਾਰਵਾਈ ਬਹੁਤ ਹੀ ਗੈਰਜ਼ਿੰਮੇਵਰਾਨਾਂ ਤੇ ਭੜਕਾਊ ਸੀ।

ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਉੱਤਰੀ ਕੋਰੀਆ ਖਿਲਾਫ ਪਾਬੰਦੀਆਂ ਨੂੰ ਲਾਗੂ ਕਰਨ ਲਈ ਪੈਸੇਫਿਕ ਓਸ਼ਨ ਵਿੱਚ ਸੰਯੁਕਤ ਰਾਸ਼ਟਰ ਦੇ ਮਿਸ਼ਨ ਤਹਿਤ ਹਿੱਸਾ ਲੈ ਰਹੇ ਕੈਨੇਡੀਅਨ ਜਹਾਜ਼ਾਂ ਪ੍ਰਤੀ ਚੀਨ ਦੀ ਗਤੀਵਿਧੀ ਨਿੰਦਾਯੋਗ ਸੀ।ਉਨ੍ਹਾਂ



ਆਖਿਆ ਕਿ ਅਸੀਂ ਇਹ ਵੀ ਆਖਾਂਗੇ ਕਿ ਚੀਨ ਵੱਲੋਂ ਸੰਯੁਕਤ ਰਾਸ਼ਟਰ ਦੇ ਫੈਸਲਿਆਂ ਦੀ ਕੋਈ ਕਦਰ ਨਹੀਂ ਕੀਤੀ ਜਾ ਰਹੀ।

ਪਿਛਲੇ ਹਫਤੇ ਕੈਨੇਡੀਅਨ ਫੌਜ ਨੇ ਇਹ ਦੋਸ਼ ਲਾਇਆ ਸੀ ਕਿ ਚੀਨ ਦੇ ਜਹਾਜ਼ ਕਈ ਵਾਰੀ ਕੌਮਾਂਤਰੀ ਸੇਫਟੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਤੇ ਉਨ੍ਹਾਂ ਵੱਲੋਂ ਕੈਨੇਡੀਅਨ ਅਮਲੇ ਨੂੰ ਵੀ ਖਤਰੇ ਵਿੱਚ ਪਾ ਦਿੱਤਾ ਗਿਆ।ਇੱਕ ਬਿਆਨ ਵਿੱਚ ਆਖਿਆ ਗਿਆ ਕਿ ਚੀਨ ਦੇ ਜਹਾਜ਼ਾਂ ਨੇ ਕੈਨੇਡਾ ਦੇ ਲੰਮੀਂ ਰੇਂਜ ਵਾਲੇ ਜਹਾਜ਼ ਦਾ ਰਾਹ ਬਦਲਣ ਦੀ ਕੋਸ਼ਿਸ਼ ਕੀਤੀ ਗਈ ਤੇ ਕੈਨੇਡੀਅਨ ਅਮਲੇ ਨੂੰ ਸੰਭਾਵੀ ਹਾਦਸੇ ਨੂੰ ਰੋਕਣ ਲਈ ਦਿਸ਼ਾ ਬਦਲਣੀ ਪਈ। ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਇਸ ਤਰ੍ਹਾਂ ਦੀਆਂ ਹਰਕਤਾਂ ਚਿੰਤਾ ਦਾ ਕਾਰਨ ਹਨ ਤੇ ਇਨ੍ਹਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

# ਤਿੰਨ ਡੋਜ਼ਾਂ ਲਵਾਉਣ ਵਾਲਿਆਂ ਨੂੰ ਮੰਨਿਆ ਜਾਵੇਗਾ ਪੂਰੀ ਤਰ੍ਹਾਂ ਵੈਕਸੀਨੇਟਿਡ!



ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਦੇ ਪ੍ਰਭਾਵ ਬਾਰੇ ਕਈ ਸਬੂਤ ਸਾਹਮਣੇ ਆਉਣ ਤੋਂ ਬਾਅਦ ਮਾਹਿਰਾਂ ਦਾ ਕਹਿਣਾ ਹੈ ਕਿ ਪਬਲਿਕ ਹੈਲਥ ਅਧਿਕਾਰੀ ਪੂਰੀ ਤਰ੍ਹਾਂ ਵੈਕਸੀਨੇਟਿਡ (ਫੁਲੀ ਵੈਕਸੀਨੇਟਿਡ) ਦੀ ਪਰੀਭਾਸ਼ਾ ਬਦਲ ਸਕਦੇ ਹਨ ਤੇ ਉਨ੍ਹਾਂ ਨੂੰ ਹੀ ਪੂਰੀ ਤਰ੍ਹਾਂ ਵੈਕਸੀਨੇਟਿਡ ਮੰਨਿਆ ਜਾਵੇਗਾ ਜਿੰਨ੍ਹਾਂ ਨੂੰ ਬੂਸਟਰ ਡੋਜ਼ ਵੀ ਲੱਗ ਚੁੱਕੀ ਹੈ।

ਯੂਨੀਵਰਸਿਟੀ ਆਫ ਟੋਰਾਂਟੋ ਦੇ ਇਨਫੈਕਸ਼ੀਅਸ ਡਜ਼ੀਜ਼ ਐਪਿਡੇਮੌਲੋਜਿਸਟ ਕੌਲਿਨ ਫਰਨੈੱਸ ਨੇ ਆਖਿਆ ਕਿ ਸ਼ੁਰੂ ਵਿੱਚ ਜਦੋਂ ਸਾਰਸ-ਕੋਵ-2 ਵੈਕਸੀਨਜ਼ ਕੈਨੇਡਾ ਵਿੱਚ ਉਪਲਬਧ ਹੋਈਆਂ ਸਨ ਤਾਂ ਜੌਹਨਸਨ ਐਂਡ ਜੌਹਨਸਨ ਨੂੰ ਛੱਡ ਕੇ ਬਾਕੀ ਵੈਕਸੀਨਜ਼ ਦੋ ਡੋਜ਼ਾਂ ਲਈ ਹੀ ਤਿਆਰ ਅਤੇ ਟੈਸਟ ਕੀਤੀਆਂ ਗਈਆਂ ਸਨ।ਚਾਈਨੀਜ਼ ਯੂਨੀਵਰਸਿਟੀ ਆਫ ਹਾਂਗ ਕਾਂਗ ਵੱਲੋਂ ਜਾਰੀ ਕੀਤੇ ਗਏ ਨਵੇਂ ਮੈਟਾ ਅਨੈਲੇਸਿਜ਼ ਵਿੱਚ ਵੱਖ ਵੱਖ ਵੈਕਸੀਨਜ਼ ਦੇ ਕਾਂਬੀਨੇਸ਼ਨਜ਼ ਦੀ ਸਾਰਥਕਤਾ ਤੇ ਅਸਰ ਦਾ ਮੁਲਾਂਕਣ ਕੀਤਾ ਗਿਆ। 100 ਮਿਲੀਅਨ ਲੋਕਾਂ ਦੀ ਸ਼ਮੂਲੀਅਤ ਵਾਲੇ 53 ਅਧਿਐਨ ਵਿੱਚ ਪਾਇਆ ਗਿਆ ਕਿ ਕੋਵਿਡ-19 ਇਨਫੈਕਸ਼ਨ ਖਿਲਾਫ ਹਿਫਾਜ਼ਤ ਲਈ ਐਮਆਰਐਨਏ ਵੈਕਸੀਨ ਦੀਆਂ ਤਿੰਨ ਡੋਜ਼ ਕਾਫੀ ਹਨ। ਇਨ੍ਹਾਂ ਅਧਿਐਨ ਵਿੱਚ ਪਾਇਆ ਗਿਆ ਕਿ 96 ਫੀ ਸਦੀ ਮਾਮਲਿਆਂ ਵਿੱਚ ਭਾਵੇਂ ਉਹ ਸਿੰਪਟੋਮੈਟਿਕ ਹੋਣ ਜਾਂ ਏਸਿੰਪਟੋਮੈਟਿਕ ਇਨ੍ਹਾਂ ਵੈਕਸੀਨਜ਼ ਦੀਆਂ ਤਿੰਨ ਡੋਜ਼ਾਂ ਕਾਫੀ ਕਾਰਗਰ ਹਨ।

ਇੱਥੇ ਹੀ ਬੱਸ ਨਹੀਂ ਕੋਵਿਡ-19 ਨਾਲ ਸਬੰਧਤ ਮਰੀਜ਼ਾਂ ਨੂੰ ਹਸਪਤਾਲ ਦਾਖਲ ਕਰਨ ਦੀ ਵੀ 95 ਮਾਮਲਿਆਂ ਵਿੱਚ ਲੋੜ ਨਹੀਂ ਪਈ। ਅਧਿਐਨ ਵਿੱਚ ਇਹ ਵੀ ਪਾਇਆ ਗਿਆ ਕਿ ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਨਾਲ ਹੋਣ ਵਾਲੀ ਇਨਫੈਕਸ਼ਨ ਤੋਂ ਬਚਣ ਲਈ ਤਿੰਨ ਡੋਜ਼ਾਂ ਤਾਂ ਜ਼ਰੂਰੀ ਹਨ। ਪਰ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਅਜੇ ਤੱਕ ਕੋਵਿਡ-19 ਵੈਕਸੀਨ ਦੀਆਂ ਦੋ ਡੋਜ਼ਾਂ ਲੈਣਾ ਹੀ ਸੰਪੂਰਨ ਟੀਕਾਕਰਣ ਦਾ ਹਿੱਸਾ ਮੰਨਿਆ ਜਾ ਰਿਹਾ ਹੈ ਪਰ ਆਉਣ ਵਾਲੇ ਸਮੇਂ ਵਿੱਚ ਏਜੰਸੀ ਕੀ ਫੈਸਲਾ ਕਰੇਗੀ ਇਹ ਤਾਂ ਵਕਤ ਹੀ ਦੱਸੇਗਾ।

# ਕਈ ਗੱਡੀਆਂ ਦੇ ਟਕਰਾਉਣ ਕਾਰਨ ਚਾਰ ਜ਼ਖ਼ਮੀ

ਓਨਟਾਰੀਓ, 9 ਜੂਨ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਕਈ ਗੱਡੀਆਂ ਦੀ ਟੱਕਰ ਵਿੱਚ ਜ਼ਖ਼ਮੀ ਹੋ ਜਾਣ ਕਾਰਨ ਇੱਕ ਰਾਹਗੀਰ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਇਹ ਘਟਨਾ ਰਾਤੀਂ 8:30 ਵਜੇ ਦੇ ਨੇੜੇ ਤੇੜੇ ਬਲੈਕ ਕ੍ਰੀਕ ਡਰਾਈਵ ਤੇ ਟਰੈੱਥਵੇਅ ਡਰਾਈਵ ਦੇ ਇਲਾਕੇ ਵਿੱਚ ਵਾਪਰੀ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਗੰਭੀਰ ਸੱਟਾਂ ਲੱਗੀਆਂ ਸਨ ਜਦਕਿ ਤਿੰਨ ਹੋਰਨਾਂ ਵਿਅਕਤੀਆਂ ਨੂੰ



ਮਾਮੂਲੀ ਸੱਟਾ ਲੱਗੀਆਂ ਸਨ। ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਤਿੰਨ ਡਰਾਈਵਰ ਸ਼ਾਮਲ ਸਨ। ਦੇਰ ਤੋਂ ਬਚਣ ਲਈ ਹੋਰਨਾਂ ਡਰਾਈਵਰਾਂ ਨੂੰ ਇਸ ਇਲਾਕੇ ਵਿੱਚ ਨਾ ਆ ਕੇ ਬਦਲਵੇਂ ਰੂਟ ਅਪਨਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ।ਟਰੈਫਿਕ ਸਰਵਿਸ ਵੱਲੋਂ ਇਸ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਚੀਨ ਨੇ ਕੈਨੇਡਾ ਨੂੰ ਉਕਸਾਏ ਜਾਣ ਉੱਤੇ ਮਾੜੇ ਨਤੀਜੇ ਭੁਗਤਣ ਦੀ ਦਿੱਤੀ ਚੇਤਾਵਨੀ

ਬੀਜਿੰਗ, 9 ਜੂਨ (ਪੋਸਟ ਬਿਊਰੋ) : ਉੱਤਰੀ ਕੋਰੀਆ ਵੱਲੋਂ ਕਥਿਤ ਤੌਰ ਉੱਤੇ ਪਾਬੰਦੀਆਂ ਦੀ ਉਲੰਘਣਾਂ ਕੀਤੇ ਜਾਣ ਦੇ ਮਾਮਲੇ ਦੀ ਨਿਗਰਾਨੀ ਕਰ ਰਹੇ ਕੈਨੇਡਾ ਦੇ ਜਹਾਜ਼ਾਂ ਨੂੰ ਚੀਨ ਦੇ ਲੜਾਕੂ ਜਹਾਜ਼ਾਂ ਵੱਲੋਂ ਤੰਗ ਪਰੇਸ਼ਾਨ ਕਰਨ ਦੇ ਲਾਏ ਗਏ ਦੋਸ਼ਾਂ ਦਾ ਚੀਨ ਵੱਲੋਂ ਖੰਡਨ ਕੀਤਾ ਗਿਆ। ਚੀਨ ਦੇ ਵਿਦੇਸ਼ ਮੰਤਰੀ ਵੱਲੋਂ ਸੋਮਵਾਰ ਨੂੰ ਕੈਨੇਡਾ ਨੂੰ ਚੇਤਾਵਨੀ ਦਿੱਤੀ ਗਈ ਕਿ ਜੇ ਇਸ ਤਰ੍ਹਾਂ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਜਾਂ ਉਕਸਾਇਆ ਗਿਆ ਤਾਂ ਇਸ ਦੇ ਮਾੜੇ ਨਤੀਜੇ ਭੁਗਤਣੇ ਪੈਣਗੇ।

ਇੱਕ ਮੀਡੀਆ ਬ੍ਰੀਫਿੰਗ ਦੌਰਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜਾਓ ਲਿਜੀਆਨ ਨੇ ਆਖਿਆ ਕਿ ਸੰਯੁਕਤ ਰਾਸ਼ਟਰ ਦੀ ਸਕਿਊਰਿਟੀ ਕਾਊਂਸਲ ਵੱਲੋਂ ਪਾਬੰਦੀਆਂ ਲਾਗੂ ਕਰਵਾਉਣ ਦੇ ਨਾਂ ਉੱਤੇ ਕਿਸੇ ਵੀ ਦੇਸ਼ ਨੂੰ ਦੂਜੇ ਦੇਸ਼ ਦੇ ਸਮੁੰਦਰੀ ਪਾਣੀਆਂ ਜਾਂ ਹਵਾਈ ਸਪੇਸ ਵਿੱਚ ਫੌਜੀ ਨਿਗਰਾਨੀ ਦੀ ਖੁੱਲ੍ਹ ਨਹੀਂ ਦਿੱਤੀ ਗਈ।



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਹਫਤੇ ਇਹ ਆਖਿਆ ਸੀ ਕਿ ਕੈਨੇਡਾ ਨੌਰਥ ਪੈਸੇਫਿਕ ਵਿੱਚ ਅਹਿਮ ਮਿਸ਼ਨ ਦਾ ਮਹੱਤਵਪੂਰਨ ਮੈਂਬਰ ਹੈ ਤੇ ਇਹ ਮਿਸ਼ਨ ਇਹ ਵੇਖਣ ਲਈ ਚਲਾਇਆ ਜਾ ਰਿਹਾ ਹੈ ਕਿ ਉੱਤਰੀ ਕੋਰੀਆ ਉੱਤੇ ਪਾਬੰਦੀਆਂ ਸਹੀ ਢੰਗ ਨਾਲ ਲਾਗੂ ਕੀਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਕੈਨੇਡਾ ਦੀ ਫੌਜ ਨੇ ਇਹ ਆਖਿਆ ਸੀ ਕਿ ਚੀਨੀ ਜਹਾਜ਼ਾਂ ਨੇ ਕੈਨੇਡੀਅਨ ਜਹਾਜ਼ਾਂ ਨੂੰ ਧੱਕੇ ਨਾਲ ਉਨ੍ਹਾਂ ਦੇ ਰਾਹ ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ ਸੀ।

# ਸਕਰਿਊਡਰਾਈਵਰ ਨਾਲ ਧਮਕਾ ਕੇ ਡਰਾਈਵਰ ਤੋਂ ਖੋਹੀ ਗੱਡੀ

ਬਰੈਂਪਟਨ, 9 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਦਿਨ ਦਿਹਾੜੇ ਵਾਪਰੀ ਕਾਰਜੈਕਿੰਗ ਦੀ ਘਟਨਾ ਤੋਂ ਬਾਅਦ ਪੀਲ ਰੀਜਨਲ ਪੁਲਿਸ ਇੱਕ ਮਸ਼ਕੂਕ ਦੀ ਭਾਲ ਕਰ ਰਹੀ ਹੈ। ਇਸ ਘਟਨਾ ਵਿੱਚ ਮਸ਼ਕੂਕ ਵੱਲੋਂ ਕਥਿਤ ਤੌਰ ਉੱਤੇ ਡਰਾਈਵਰ ਨੂੰ ਸਕਰਿਊਡਰਾਈਵਰ ਨਾਲ ਧਮਕਾ ਕੇ ਗੱਡੀ ਖੋਹ ਲਈ ਗਈ।

ਕਾਰਜੈਕਿੰਗ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਸਟੀਲਜ਼ ਐਵਨਿਊ ਈਸਟ ਤੇ ਐਡਵਾਂਸ ਬੋਲੀਵਾਰਡ ਏਰੀਆ ਵਿੱਚ ਪਹੁੰਚੀ। ਪੁਲਿਸ ਨੇ ਦੱਸਿਆ ਕਿ ਗ੍ਰੇਅ ਰੰਗ ਦੀ ਹਿਊਂਡਾਇ ਸੇਨਾਟਾ, ਜਿਸ ਦੀ ਲਾਇਸੰਸ ਪਲੇਟ ਸੀਜੇਐਕਸਐਫ 708 ਹੈ, ਚੋਰੀ ਕਰਨ ਤੋਂ ਪਹਿਲਾਂ ਮਸ਼ਕੂਕ ਨੇ ਇੱਕ ਹੋਰ ਵਿਅਕਤੀ ਨੂੰ ਵੀ ਧਮਕਾਇਆ।



ਉਸ ਵਿਅਕਤੀ ਨੂੰ ਕਿਸੇ ਤਰ੍ਹਾਂ ਦਾ ਸ਼ਰੀਰਕ ਨੁਕਸਾਨ ਨਹੀਂ ਪਹੁੰਚਾਇਆ ਗਿਆ। ਮਸ਼ਕੂਕ ਦੇ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਹ ਸਾਊਥ ਏਸ਼ੀਅਨ ਹੈ, ਉਸ ਦੀ ਉਮਰ 32 ਤੋਂ 35 ਸਾਲ ਦਰਮਿਆਨ, ਕੱਦ ਕਾਠੀ ਦਰਮਿਆਨੀ ਹੈ ਤੇ ਉਸ ਨੂੰ ਆਖਰੀ ਵਾਰੀ ਕਾਲੇ ਰੰਗ ਦੀ ਹੁਡੀ ਪਾਇਆਂ ਵੇਖਿਆ ਗਿਆ।

# ਟੈਨੇਸੀ ਵਿਚ ਹੋਈ ਸ਼ੂਟਿੰਗ ਵਿਚ 3 ਹਲਾਕ, 14 ਜ਼ਖ਼ਮੀ

ਟੈਨੇਸੀ, 9 ਜੂਨ (ਪੋਸਟ ਬਿਊਰੋ) : ਐਤਵਾਰ ਨੂੰ ਟੈਨੇਸੀ ਦੇ ਨਾਈਟਕਲੱਬ ਨੇੜੇ ਹੋਈ ਸ਼ੂਟਿੰਗ ਵਿੱਚ ਤਿੰਨ ਲੋਕ ਮਾਰੇ ਗਏ ਜਦਕਿ 14 ਹੋਰ ਜ਼ਖ਼ਮੀ ਹੋ ਗਏ।ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਚੱਟਾਨੂਗਾ ਪੁਲਿਸ ਚੀਫ ਸੈਲੈਸਟੇ ਮਰਫੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 14 ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਏ ਜਦਕਿ ਤਿੰਨ ਵੱਲੋਂ ਜਦੋਂ ਮੌਕੇ ਤੋਂ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਗਈ ਤਾਂ ਹਮਲਾਵਰਾਂ ਵੱਲੋਂ ਉਨ੍ਹਾਂ ਉੱਤੇ ਗੱਡੀ ਚੜ੍ਹਾ ਦਿੱਤੀ ਗਈ। ਗੋਲੀ ਲੱਗਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਮਾਰਿਆ ਗਿਆ। ਹਾਦਸੇ ਦਾ ਸ਼ਿਕਾਰ ਹੋਣ ਵਾਲਿਆਂ ਵਿੱਚ ਸੋਲਾਂ ਬਾਲਗ ਸਨ ਤੇ ਇੱਕ ਨਾਬਾਲਗ ਵਿਅਕਤੀ ਸੀ। ਕਈਆਂ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।




ਇੱਕ ਨਾਈਟਕਲੱਬ ਦੇ ਨੇੜੇ ਮੈਕੈਲੀ ਐਵਨਿਊ ਵਿੱਚ ਤੜ੍ਹਕੇ 2:42 ਉੱਤੇ ਹੋਈ ਸ਼ੂਟਿੰਗ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ। ਮੌਕੇ ਉੱਤੇ ਪੁਲਿਸ ਨੂੰ ਗੋਲੀ ਲੱਗਣ ਕਾਰਨ ਕਈ ਲੋਕ ਜ਼ਖ਼ਮੀ ਹਾਲਤ ਵਿੱਚ ਮਿਲੇ। ਪਤਾ ਲੱਗਿਆ ਹੈ ਕਿ ਇਹ ਗੋਲੀਆਂ ਕਈ ਲੋਕਾਂ ਵੱਲੋਂ ਚਲਾਈਆਂ ਗਈਆਂ। ਹਾਲਾਂਕਿ ਹਾਲ ਦੀ ਘੜੀ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਸ਼ੂਟਿੰਗ ਕਿਉਂ ਕੀਤੀ ਗਈ ਪਰ ਹਾਸਲ ਹੋਈ ਜਾਣਕਾਰੀ ਅਨੁਸਾਰ ਡਾਊਨਟਾਊਨ ਚੱਟਾਨੂਗਾ ਬਿਜ਼ਨਸ ਡਿਸਟ੍ਰਿਕਟ ਵਿੱਚ ਦੋ ਧੜਿਆਂ ਵਿੱਚ ਚੱਲੀਆਂ ਗੋਲੀਆਂ ਕਾਰਨ ਛੇ ਨੌਜਵਾਨਾਂ ਦੇ ਜ਼ਖ਼ਮੀ ਹੋਣ ਤੋਂ ਬਾਅਦ ਇਹ ਸ਼ੂਟਿੰਗ ਹੋਈ।

# ਸਕੂਲਾਂ ਨੂੰ ਮਿਲੀ ਧਮਕੀ ਦੀ ਜਾਂਚ ਕਰ ਰਹੀ ਹੈ ਪੁਲਿਸ

ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦਾ ਕਹਿਣਾ ਹੈ ਕਿ ਸ਼ਹਿਰ ਦੇ ਪੂਰਬ ਵੱਲ ਸਥਿਤ ਇੱਕ ਸਕੂਲ ਵਿੱਚ ਲਾਇਆ ਗਿਆ ਲਾਕਡਾਊਨ ਹਟਾ ਲਿਆ ਗਿਆ ਹੈ। ਸਕੂਲ ਨੂੰ ਮਿਲੀ ਧਮਕੀ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਟੀਡੀਐਸਬੀ ਦਾ ਕਹਿਣਾ ਹੈ ਕਿ ਸਕਾਰਬਰੋ ਵਿੱਚ ਗਿਲਡਵੁੱਡ ਪਾਰਕਵੇਅ ਤੇ ਲਿਵਿੰਗਸਟੋਨ ਰੋਡ ਉੱਤੇ ਸਥਿਤ ਸਰ ਵਿਲਫਰਿੱਡ ਲੌਰੀਅਰ ਕਾਲਜੀਏਟ ਦੇ ਸਾਰੇ ਵਿਦਿਆਰਥੀ ਸੁਰੱਖਿਅਤ ਹਨ।ਟੀਡੀਐਸਬੀ ਨੇ ਦੱਸਿਆ ਕਿ ਵੱਖ ਵੱਖ ਤਰ੍ਹਾਂ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਸਕਾਰ-ਬਰੋ ਵਿੱਚ ਹੀ ਇਸ ਸਕੂਲ ਤੋਂ ਕੁੱਝ ਬਲਾਕਸ ਦੀ ਦੂਰੀ ਉੱਤੇ ਸਥਿਤ ਇੱਕ ਹੋਰ ਜੈਕ ਮਾਈਨਰ ਸੀਨੀਅਰ ਪਬਲਿਕ ਸਕੂਲ ਨੂੰ ਵੀ ਹੋਲਡ ਤੇ ਸਕਿਊਰ ਉੱਤੇ ਰੱਖਿਆ ਗਿਆ। ਪਰ ਬਾਅਦ ਵਿੱਚ




ਇਸ ਨੂੰ ਵੀ ਹਟਾ ਲਿਆ ਗਿਆ।

ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਨ੍ਹਾਂ ਦੋਵਾਂ ਸਕੂਲਾਂ ਨੂੰ ਮਿਲੀਆਂ ਧਮਕੀਆਂ ਦਰਮਿਆਨ ਕੀ ਸਬੰਧ ਸੀ।ਕਈ ਹੋਰਨਾਂ ਸੰਸਥਾਂਵਾਂ ਲਈ ਜਾਰੀ ਕੀਤੇ ਗਏ ਹੋਲਡ ਤੇ ਸਕਿਓਰ ਨੂੰ ਵੀ ਹਟਾ ਲਿਆ ਗਿਆ ਹੈ। ਇਨ੍ਹਾਂ ਵਿੱਚ ਗਿਲਡਵੁੱਡ ਜੂਨੀਅਰ ਪਬਲਿਕ ਸਕੂਲ, ਮੇਪਲਵੁੱਡ ਹਾਈ ਸਕੂਲ, ਈਸਟਵਿਊ ਪਬਲਿਕ ਸਕੂਲ, ਪੋਪਲਰ ਰੋਡ ਜੂਨੀਅਰ ਪਬਲਿਕ ਸਕੂਲ ਤੇ ਐਲਿਜ਼ਾਬੈੱਥ ਸਿਮਕੋਅ ਜੂਨੀਅਰ ਪਬਲਿਕ ਸਕੂਲ ਸ਼ਾਮਲ ਸਨ।

# ਪਾਣੀ ਵਿੱਚ ਡੁੱਬਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ



ਮਿਸੀਸਾਗਾ, 9 ਜੂਨ (ਪੋਸਟ ਬਿਊਰੋ) : ਇਸ ਵੀਕੈਂਡ ਵੈਲਿੰਗਟਨ ਕਾਊਂਟੀ ਵਿੱਚ ਮਿਸੀਸਾਗਾ ਦੇ ਵਿਅਕਤੀ ਦੀ ਡੁੱਬ ਜਾਣ ਕਾਰਨ ਹੋਈ ਮੌਤ ਦੀ ਜਾਂਚ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

ਸ਼ਨਿੱਚਰਵਾਰ ਨੂੰ ਸ਼ਾਮੀਂ 6:20 ਉੱਤੇ ਪੁਲਿਸ ਨੂੰ ਰੌਕਵੁੱਡ ਵਿੱਚ ਗ੍ਰੈਂਡ ਰਿਵਰ ਕੰਜ਼ਰਵੇਸ਼ਨ ਅਥਾਰਟੀ ਵਿਖੇ ਇੱਕ ਵਿਅਕਤੀ ਦੇ ਡੁੱਬਣ ਦੀ ਖਬਰ ਮਿਲੀ। ਇਸ ਤੋਂ ਤੁਰੰਤ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ।ਪੁਲਿਸ ਨੇ ਦੱਸਿਆ ਕਿ ਇੱਕ ਬੋਟ ਦੇ ਡੁੱਬ ਜਾਣ ਕਾਰਨ ਉਸ ਉੱਤੇ ਸਵਾਰ ਪਿਓ-ਧੀ ਪਾਣੀ ਵਿੱਚ ਜਾ ਡਿੱਗੇ। ਨੇੜੇ ਖੜ੍ਹੇ ਲੋਕਾਂ ਵੱਲੋਂ ਦੋਵਾਂ ਨੂੰ ਪਾਣੀ ਵਿੱਚੋਂ ਬਾਹਰ ਕੱਢ ਲਿਆ ਗਿਆ। ਐਮਰਜੰਸੀ ਅਮਲੇ ਨੇ ਮੌਕੇ ਉੱਤੇ ਪਹੁੰਚ ਕੇ ਸੱਤ ਸਾਲਾ ਬੱਚੀ ਦਾ ਇਲਾਜ ਕੀਤਾ ਤੇ ਉਸ ਨੂੰ ਬਚਾਅ ਲਿਆ।

ਇਸ ਦੌਰਾਨ 33 ਸਾਲਾ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਸ ਦੀ ਮੌਤ ਹੋ ਗਈ। ਓਪੀਪੀ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਟਾਊਨਹਾਊਸ ਕੰਪਲੈਕਸ ਵਿੱਚ ਲੱਗੀ ਅੱਗ

ਮਿਸੀਸਾਗਾ, 9 ਜੂਨ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਮਿਸੀਸਾਗਾ ਦੇ ਟਾਊਨਹਾਊਸ ਕਾਂਪਲੈਕਸ ਵਿੱਚ ਅੱਗ ਲੱਗ ਜਾਣ ਕਾਰਨ ਕਈ ਘਰਾਂ ਨੂੰ ਖਾਲੀ ਕਰਵਾ ਲਿਆ ਗਿਆ।

ਅੱਗ ਉੱਤੇ ਕਾਬੂ ਪਾਏ ਜਾਣ ਲਈ ਕਈ ਫਾਇਰ ਟਰੱਕ ਸੱਦੇ ਗਏ। ਇਸ ਦੌਰਾਨ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਇਹ ਅੱਗ




ਗਲੈਨ ਐਰਿਨ ਡਰਾਈਵ ਤੇ ਮੈਡੋਵਾਲ ਟਾਊਨ ਸੈਂਟਰ ਸਰਕਲ ਵਾਲੇ ਇਲਾਕੇ ਵਿੱਚ ਦੁਪਹਿਰੇ 2:00 ਵਜੇ ਤੋਂ ਬਾਅਦ ਲੱਗੀ।

ਇਸ ਇਲਾਕੇ ਵਿੱਚ ਮੌਜੂਦ ਡਰਾਈਵਰਾਂ ਨੂੰ ਬਦਲਵੇਂ ਰੂਟ ਤੋਂ ਜਾਣ ਲਈ ਆਖਿਆ ਗਿਆ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਅੱਗ ਕਿਉਂ ਲੱਗੀ।

# ਡੰਪਸਟਰ ਵਿੱਚੋਂ ਜਿਸ ਬੱਚੀ ਦਾ ਮਿਲਿਆ ਸੀ ਪਿੰਜਰ, ਪੁਲਿਸ ਨੇ ਜਾਰੀ ਕੀਤਾ ਉਸ ਦਾ ਸਕੈੱਚ

ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਪਿਛਲੇ ਮਹੀਨੇ ਜਿਸ ਨਿੱਕੀ ਬੱਚੀ ਦਾ ਪਿੰਜਰ ਡੰਪਸਟਰ ਵਿੱਚੋਂ ਮਿਲਿਆ ਸੀ ਉਸ ਦਾ ਸਕੈੱਚ ਟੋਰਾਂਟੋ ਪੁਲਿਸ ਵੱਲੋਂ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇੱਕ ਸ਼ੱਕੀ ਗੱਡੀ ਦੀ ਤਸਵੀਰ ਵੀ ਜਾਰੀ ਕੀਤੀ ਗਈ ਹੈ।

2 ਮਈ ਨੂੰ ਇੱਕ ਘਰ ਦੇ ਬਾਹਰ ਸਥਿਤ ਡੰਪਸਟਰ ਵਿੱਚੋਂ ਮਨੁੱਖੀ ਪਿੰਜਰ ਮਿਲਣ ਤੋਂ ਬਾਅਦ ਪੁਲਿਸ ਨੂੰ ਸ਼ਾਮੀਂ 4:45 ਉੱਤੇ ਕਾਸਲ ਫਰੈਂਕ ਰੋਡ ਤੇ ਡੇਲ ਐਵਨਿਊ ਏਰੀਆ ਸੱਦਿਆ ਗਿਆ। ਇਸ ਤੋਂ ਕੁੱਝ ਦਿਨ ਬਾਅਦ ਹੀ ਪੋਸਟ ਮਾਰਟਮ ਕੀਤਾ ਗਿਆ ਤੇ ਜਾਂਚਕਾਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਹ ਪਿੰਜਰ ਅਫਰੀਕੀ ਜਾਂ ਮਿਕਸਡ ਅਫਰੀਕੀ ਮੂਲ ਦੀ ਕਿਸੇ ਬਲੈਕ ਬੱਚੀ ਦਾ ਸੀ, ਜਿਸ



ਦੀ ਉਮਰ ਚਾਰ ਤੋਂ ਸੱਤ ਸਾਲ ਦਰਮਿਆਨ ਸੀ।

ਇਸ ਬੱਚੀ ਦੇ ਮੂੰਹ ਵਿੱਚ ਸਾਰੇ ਦੰਦ ਸਨ, ਉਸ ਦਾ ਕੱਦ ਤਿੰਨ ਫੁੱਟ ਛੇ ਇੰਚ, ਕੱਦਕਾਠੀ ਦਰਮਿਆਨੀ ਤੇ ਕਾਲੇ ਘੁੰਗਰਾਲੇ ਵਾਲ ਸਨ। ਇਨ੍ਹਾਂ ਵਾਲਾਂ ਦੇ ਚਾਰ ਹਿੱਸੇ ਕਰਕੇ ਉਸ ਦੀਆਂ ਚਾਰ ਪੋਨੀਟੇਲਜ਼ ਕੀਤੀਆਂ ਹੋਈਆਂ ਸਨ, ਜਿਨ੍ਹਾਂ ਵਿੱਚੋਂ ਦੋ ਗੁੰਦੀਆਂ ਹੋਈਆਂ ਸਨ ਤੇ ਉਨ੍ਹਾਂ ਉੱਤੇ ਕਾਲੇ ਤੇ ਨੀਲੇ ਰੰਗ ਦੇ ਇਲਾਸਟਿਕ ਬੈਂਡਜ਼ ਪਾਏ ਹੋਏ ਸਨ।ਜਾਂਚਕਾਰਾਂ ਦਾ ਮੰਨਣਾ ਸੀ ਕਿ ਇਸ ਪਿੰਜਰ ਨੂੰ ਵੀਰਵਾਰ 28 ਅਪਰੈਲ ਨੂੰ ਦੁਪਹਿਰੇ 12:00 ਵਜੇ ਤੇ ਸੋਮਵਾਰ 2 ਮਈ ਨੂੰ ਦੁਪਹਿਰੇ 4:45 ਉੱਤੇ ਇਸ ਡੰਪਸਟਰ ਵਿੱਚ ਸੁੱਟਿਆ ਗਿਆ ਹੋਵੇਗਾ।

ਪੁਲਿਸ ਦਾ ਮੰਨਣਾ ਹੈ ਕਿ ਇਸ ਬੱਚੀ ਦੀ ਮੌਤ ਪਿਛਲੇ ਸਾਲ ਦੀਆਂ ਗਰਮੀਆਂ ਵਿੱਚ ਹੋਈ ਹੋਵੇਗੀ ਜਾਂ ਉਸ ਤੋਂ ਵੀ ਪਹਿਲਾਂ।ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਵੱਲੋਂ ਬੱਚੀ ਦੇ ਸਕੈੱਚ ਤਿਆਰ ਕਰਵਾ ਕੇ ਜਾਰੀ ਕੀਤੇ ਗਏ ਹਨ।ਇਸ ਮਾਮਲੇ ਦੇ ਸਬੰਧ ਵਿੱਚ ਪੁਲਿਸ ਅਧਿਕਾਰੀਆਂ ਵੱਲੋਂ ਇੱਕ ਸ਼ੱਕੀ ਗੱਡੀ ਦੀ ਤਸਵੀਰ ਵੀ ਜਾਰੀ ਕੀਤੀ ਗਈ ਹੈ। ਇਹ ਗੂੜ੍ਹੇ ਰੰਗ ਦੀ ਪੌਰਸ਼ਾ ਕੇਯੇਨ ਐਸਯੂਵੀ ਹੈ ਜਿਹੜੀ 2011 ਤੋਂ 2014 ਮਾਡਲ ਦੀ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

## ਅੱਜ ਨਾਮਾ

ਅਪਰਾਧੀ ਫੜੀਦੇ, ਫੜੀਦੇ, ਫੜੇ ਜਾ ਰਹੇ,
ਪੜ੍ਹ ਕੇ ਖਬਰ ਤਾਂ ਲਈਏ ਖਾਂ ਹੱਸ ਬੇਲੀ।
ਮਿਲਦਾ ਜਿਹਾ ਹਰ ਖਬਰ ਦਾ ਸਾਰ ਹੁੰਦਾ,
ਫੜ ਲਏ ਦੋ ਤਾਂ ਤੀਜਾ ਗਿਆ ਨੱਸ ਬੇਲੀ।
ਫੜੀਦੇ ਸੱਤ ਤਾਂ ਜਾਵੇਫਿਰ ਨੱਸ ਅੱਠਵਾਂ,
ਜਾਂਵਦਾ ਅੱਡਾ ਨਾ ਰਹਿਣ ਦਾ ਦੱਸ ਬੇਲੀ।
ਦਾਅਵੇ ਚੁਸਤੀ ਦੇ ਬਹੁਤ ਹਨ ਕਰੇ ਜਾਂਦੇ,
ਗੈਂਗਾਂ ਮੂਹਰੇ ਨਹੀਂ ਚੱਲ ਰਿਹਾ ਵੱਸ ਬੇਲੀ।
ਕਾਲੀਆਂ ਭੇਡਾਂ ਦੀ ਲੁਕੀ ਪਈ ਧਾੜ ਜਿੱਥੇ,
ਹਰ ਕੋਈ ਗੱਲ ਵੀ ਹੁੰਦੀ ਆ ਲੀਕ ਬੇਲੀ।
ਨਿਕਲਦੀ ਜਾਂਦੀ ਜੇ ਅੰਦਰਲੀ ਸੂਹ ਸਾਰੀ,
ਹੋਵਣਾ ਅਮਨ-ਕਾਨੂੰਨ ਨਹੀਂ ਠੀਕ ਬੇਲੀ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ ਦਿੰਦੇ ਕਾਂਗਰਸੀ ਆਗੂ ਪੁਲਿਸ ਨੇ ਹਿਰਾਸਤ ਵਿੱਚ ਲਏ

*** ਭਗਵੰਤ ਮਾਨ ਨੇ ਕਾਂਗਰਸ ਆਗੂਆਂ ਉੱਤੇ ਨਿਸ਼ਾਨਾ ਸਾਧਿਆ**





ਚੰਡੀਗੜ੍ਹ, 9 ਜੂਨ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਦੀ ਇਸ ਤੋਂ ਪਹਿਲਾਂ ਕਾਂਗਰਸ ਸਰਕਾਰ ਦੇ ਮੰਤਰੀ ਰਹੇ ਸਾਧੂ ਸਿੰਘ ਧਰਮਸੋਤ ਦੀ ਗ੍ਰਿਫਤਾਰੀ ਅਤੇ ਸੰਗਤ ਸਿੰਘ ਗਿਲਜੀਆਂ ਦੇ ਵਿਰੁੱਧ ਕਾਰਵਾਈ ਦੀ ਸੰਭਾਵਨਾ ਕਾਰਨਪਾਰਟੀ ਦੇ ਹੋਰ ਆਗੂਆਂ ਨਾਲ ਅੱਜ ਵੀਰਵਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰੀ ਰਿਹਾਇਸ਼ ਦੇ ਕੰਪਲੈਕਸ ਵਿਖੇ ਧਰਨਾ ਦਿੱਤਾ, ਜਿੱਥੋਂ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ।

ਵਰਨਣ ਯੋਗ ਹੈ ਕਿ ਇਹ ਕਾਂਗਰਸੀ ਆਗੂਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਲਈ ਅਚਾਨਕ ਉਨ੍ਹਾਂ ਦੀ ਰਿਹਾਇਸ਼ ਉੱਤੇ ਪੁੱਜੇ ਸਨ। ਪੰਜਾਬ ਵਿਧਾਨ ਸਭਾ ਦੀ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰ-ਦਰ ਸਿੰਘ ਰਾਜਾ ਵੜਿੰਗ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਬੈਠਕ ਲਈ ਖੁਦ ਬੁਲ-ਾਇਆ ਸੀ ਅਤੇ ਜਦੋਂ ਉਹ ਆਪਣੇ ਵਿਧਾਇਕਾਂ ਸਮੇਤ ਉਨ੍ਹਾਂ ਦੀ ਰਿਹਾਇਸ਼ ਉੱਤੇ ਪੁੱਜੇ ਤਾਂ ਮਿਲਣ ਦਾ ਸਮਾਂ ਦੇਣ ਤੋਂ ਨਾਂਹ ਕਰ ਦਿੱਤੀ, ਪਰ ਮੁੱਖ ਮੰਤਰੀ ਦਫਤਰ ਦਾ ਕਹਿਣਾ ਹੈ ਕਿ ਏਦਾਂ ਦੀ ਕਿਸੇ ਮੀਟਿੰਗ ਲਈ ਸਮਾਂ ਪਹਿਲਾਂ ਤੋਂ ਤੈਅ ਨਹੀਂ ਸੀ।ਮੁੱਖ ਮੰਤਰੀ ਭਗਵੰਤ ਮਾਨ ਵੱਲੋਂਇਸ ਮੌਕੇ ਕਾਂਗਰਸ ਆਗੂਆਂ ਨੂੰ ਮੀਟਿੰਗ ਲਈ ਸਮਾਂ ਨਾ ਦੇਣਦੇ ਦੋਸ਼ ਹੇਠ ਕਾਂਗਰਸੀ ਆਗੂ ਉਨ੍ਹਾਂ ਦੀ ਰਿਹਾਇਸ਼ਅੱਗੇਧਰਨੇ ਉੱਤੇ ਬੈਠ ਗਏ। ਉਨ੍ਹਾਂ ਨੂੰ ਉਥੋਂ ਹਟਾਉਣ ਲਈ ਸੱਦੀ ਵਾਧੂ ਪੁਲਿਸ ਇਨ੍ਹਾਂ ਸਾਰਿਆਂ ਨੂੰ ਹਿਰਾਸਤ ਵਿੱਚ ਲੈ ਕੇ ਸੈਕਟਰ 3 ਦੇ ਥਾਣੇ ਲੈ ਗਈ।ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਗਏ 36 ਕਾਂਗਰਸੀ ਆਗੂਆਂ, ਜਿਨ੍ਹਾਂ ਵਿੱਚਕੁਝ ਮੌਜੂਦਾ ਵਿਧਾਇਕ ਵੀ ਹਨ, ਦੇ ਖਿਲਾਫ ਚੰਡੀਗੜ੍ਹ ਪੁਲਿਸ ਨੇ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾਅਤੇ ਦੋਸ਼ ਲਾਇਆ ਕਿ ਇਹ ਕਾਂਗਰਸੀ ਆਗੂਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਵਿੱਚ ਧੱਕੇ ਨਾਲ ਵੜੇ ਸਨ। ਇਸ ਤੋਂ ਬਿਨਾ ਉਨ੍ਹਾਂ ਉੱਤੇ ਪੁਲਿਸ ਦੀ ਡਿਊਟੀ ਵਿੱਚ ਵਿਘਨ ਪਾਉਣ ਦਾ ਵੀ ਦੋਸ਼ ਹੈ।

ਕਾਂਗਰਸੀ ਆਗੂਆਂ ਦਾ ਦਾਅਵਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਸਵੇਰੇ 10 ਵਜੇ ਦਾ ਸਮਾਂ ਦੇਣ ਦੇ ਬਾਵਜੂਦ ਮਿਲਣ ਤੋਂ ਨਾਂਹ ਕਰ ਦਿੱਤੀ ਸੀ। ਇਸ ਬਾਰੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਤ ਕਾਂਗਰਸ ਦੇ ਵਿਧਾਇਕਾਂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਦੀ ਰਿਹਾਇਸ਼ ਉੱਤੇ ਤਲਾਸ਼ੀ ਕਰਨ ਦੇ ਨਾਂ ਉੱਤੇ ਉਨ੍ਹਾਂ ਦਾ ਅਪਮਾਨ ਕੀਤਾ ਗਿਆ ਤੇ ਅੱਧਾ ਘੰਟਾ ਉਡੀਕ ਕਰਨ ਲਈ ਕਿਹਾ ਗਿਆ ਤੇ ਫਿਰ ਕੁਝ ਸਮੇਂ ਬਾਅਦ ਕਹਿ ਦਿੱਤਾ ਕਿ ਮੁੱਖ ਮੰਤਰੀ ਉਨ੍ਹਾਂ ਨੂੰ ਨਹੀਂ ਮਿਲਣਗੇ।

ਇਸ ਦੇ ਉਲਟਮੁੱਖ ਮੰਤਰੀ ਭਗਵੰਤ ਮਾਨ ਨੇ ਕਾਂਗਰਸ ਉਤੇ ਟਵੀਟ ਕੀਤਾ ਕਿ 'ਮੈਨੂੰ ਦੁੱਖ ਹੈ ਕਿ ਸਮਾਂ ਲਏ ਤੋਂ ਬਿਨਾਂ ਪੰਜਾਬ ਦੀ ਬਚੀ-ਖੁਚੀ ਕਾਂਗਰਸ ਅੱਜ ਰਿਸ਼ਵਤ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਆਪਣੇ ਲੀਡਰਾਂ ਦੇ ਹੱਕ ਵਿੱਚ ਮੇਰੇ ਘਰ ਧਰਨਾ ਦੇਣ ਆਈ, ਪੰਜਾਬ ਨੂੰ ਲੁੱਟਣ ਵਾਲਿਆਂ ਦਾ ਸਾਥ ਦੇਣਾ ਸਬੂਤ ਹੈ ਕਿ ਰਿਸ਼ਵਤ ਇਨ੍ਹਾਂ ਦੇ ਖੂਨ ਵਿੱਚ ਹੈ। ਨਾਅਰੇ ਲਾ ਰਹੇ ਸਨ ਕਿ ਸਾਡੇ ਹੱਕ, ਐਥੇ ਰੱਖ, ਮਤਲਬ ਰਿਸ਼ਵਤਖੋਰੀ ਕਾਂਗਰਸ ਦਾ ਹੱਕ ਹੈ?'

ਵਰਨਣ ਯੋਗ ਹੈ ਕਿ ਰਾਜ ਦੇ ਵਿਜੀਲੈਂਸ ਬਿਊਰੋ ਨੇ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਵਾਲੀ ਸਰਕਾਰ ਵਿੱਚ ਮੰਤਰੀ ਰਹਿ ਚੁੱਕੇ ਸਾਧੂ ਸਿੰਘ ਧਰਮਸ਼ੋਤ ਨੂੰ ਜੰਗਲਾਤ ਵਿਭਾਗ ਵਿੱਚ ਘਪਲੇ ਵਾਲੇਕੇਸਵਿੱਚਫੜਿਆ ਹੈ। ਉਸ ਉੱਤੇ ਕਰੋੜਾਂ ਦੇ ਭ੍ਰਿਸ਼ਟਾਚਾਰ ਦਾ ਦੋਸ਼ ਹੈ।ਇਸ ਦੌਰਾਨ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਖਿਲਾਫ ਜਾਂਚ ਚੱਲ ਰਹੀ ਹੈਅਤੇ ਕਾਂਗਰਸ ਇਸ ਕਾਰਵਾਈ ਤੋਂ ਨਾਰਾਜ਼ ਹੈ ਅਤੇ ਇਸ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦੀ ਹੈ।

# ਭਾਰਤ ਵਿੱਚ ਰਾਸ਼ਟਰਪਤੀ ਚੋਣ 18 ਜੁਲਾਈ ਨੂੰ, ਨਤੀਜਾ 21 ਨੂੰ

ਨਵੀਂ ਦਿੱਲੀ, 9 ਜੂਨ, (ਪੋਸਟ ਬਿਊਰੋ)- ਭਾਰਤ ਵਿੱਚ ਰਾਸ਼ਟਰਪਤੀ ਚੋਣ ਲਈ ਤਰੀਕ ਦਾ ਐਲਾਨ ਕਰ ਦਿੱਤਾ ਗਿਆ ਹੈ। ਚੋਣ ਕਮਿਸ਼ਨ ਨੇ ਅੱਜ ਵੀਰਵਾਰ ਨੂੰ ਰਾਸ਼ਟਰਪਤੀ ਚੋਣ ਦੀ ਤਰੀਕ ਦਾ ਐਲਾਨ ਕੀਤਾ ਅਤੇ ਕਿਹਾ ਕਿ ਇਹ ਚੋਣ 18 ਜੁਲਾਈ ਨੂੰ ਹੋਵੇਗੀ। ਇਸ ਦਾ ਨੋਟੀਫੀਕੇਸ਼ਨ 15 ਜੂਨ ਨੂੰ ਜਾਰੀ ਹੋਵੇਗਾ ਅਤੇ ਨਾਮਜ਼ਦਗੀ ਪੇਪਰ 29 ਜੂਨ ਤਕ ਦਾਖਲ ਹੋ ਸਕਣਗੇ।ਇਸ ਪਿੱਛੋਂ ਲੋੜ ਹੋਈ ਤਾਂ ਵੋਟਾਂ 18 ਜੁਲਾਈ ਨੂੰ ਪੈ ਕੇ ਨਤੀਜਾ 21 ਜੁਲਾਈ ਨੂੰ ਆਵੇਗਾ।

ਵਰਨਣ ਯੋਗ ਹੈ ਕਿ ਮੌਜੂਦਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦਾ ਕਾਰਜਕਾਲ 24 ਜੁਲਾਈ ਨੂੰ ਖਤਮ ਹੋਣਾ ਹੈ। ਭਾਰਤ ਦੇ ਰਾਸ਼ਟਰਪਤੀ ਦੀ ਚੋਣ ਅਨੁਪਾਤਕ ਪ੍ਰਤੀਨਿਧਤਾ ਨਾਲਸੰਵਿਧਾਨ ਦੀ ਧਾਰਾ 55 ਦੇ ਅਨੁਸਾਰ ਇਕੱਲੇ ਤਬਾਦਲਾ ਯੋਗ ਵੋਟ ਨਾਲ ਕੀਤੀ ਜਾਂਦੀ ਹੈ।ਇਹ ਚੋਣ ਭਾਰਤੀ ਪਾਰਲੀਮੈਂਟ ਦੇ ਦੋਵੇਂ ਸਦਨਾਂ (ਲੋਕ ਸਭਾ ਅਤੇ ਰਾਜ ਸਭਾ) ਦੇ ਨਾਲ ਰਾਜਾਂ ਦੀਆਂ ਅਸੈਂਬਲੀਆਂ ਦੇ ਚੁਣੇ ਮੈਂਬਰਾਂ ਵੱਲੋਂ ਪੰਜ ਸਾਲ ਲਈ ਕੀਤੀ ਜਾਂਦੀ ਹੈ।ਰਾਸ਼ਟਰਪਤੀ ਰਾਮਨਾਥ ਕੋਵਿੰਦ 24 ਜੁਲਾਈ ਨੂੰ ਆਪਣਾ ਕਾਰਜਕਾਲ ਪੂਰਾ ਕਰਨਗੇ, ਉਸ ਤੋਂ ਪਹਿਲਾਂ ਅਗਲੇ ਰਾਸ਼ਟਰਪਤੀ ਦੀ ਚੋਣ ਹੋਣੀ ਹੈ। ਪਿਛਲੀ ਰਾਸ਼ਟਰਪਤੀ ਚੋਣ 17 ਜੁਲਾਈ 2017 ਨੂੰ ਹੋਈ ਤੇ ਨਤੀਜਾ 20 ਜੁਲਾਈ ਨੂੰ ਆਇਆ ਸੀ।ਓਦੋਂ ਕਰੀਬ ਪੰਜਾਹ ਫੀਸਦੀ ਵੋਟਾਂ ਐੱਨ ਡੀਏ ਗੱਠਜੋੜ ਦੇ ਉਮੀਦਵਾਰ ਰਾਮਨਾਥ ਕੋਵਿੰਦ ਨੂੰ ਪਈਆਂ ਸਨ।

ਭਾਰਤ ਦੇ ਸਾਰੇ ਚੁਣੇ ਹੋਏ ਪਾਰਲੀਮੈਂਟ ਮੈਂਬਰ ਅਤੇ ਵਿਧਾਇਕ ਇਸ ਚੋਣ ਦੇ ਵੋਟਰ ਹਨ। ਰਾਸ਼ਟਰਪਤੀ ਬਣਨ ਲਈ ਮੌਜੂਦਾ ਹਾਲਾਤ ਵਿੱਚ 549441 ਵੋਟਾਂ ਦੀ ਲੋੜ ਹੋਵੇਗੀ। ਇਸ ਸਮੇਂ ਰਾਸ਼ਟਰਪਤੀ ਦੀ ਚੋਣ ਲਈ ਇਲੈਕਟੋਰਲ ਕਾਲਜ ਦੇ ਮੈਂਬਰਾਂ ਦੀਆਂ ਵੋਟਾਂ ਦੀ ਕੁੱਲ ਕੀਮਤ 10,98,882 ਹੈ ਅਤੇ ਇਹ ਚੋਣ ਜਿੱਤਣ ਲਈ 5,49,441 ਵੋਟਾਂ ਚਾਹੀਦੀਆਂ ਹਨ। ਰਾਜ ਸਭਾ, ਲੋਕ ਸਭਾ ਜਾਂ ਵਿਧਾਨ ਸਭਾਵਾਂ ਦੇ ਨਾਮਜ਼ਦ ਮੈਂਬਰਾਂ ਅਤੇਰਾਜਾਂ ਦੀਆਂ ਵਿਧਾਨ ਪ੍ਰੀਸ਼ਦਾਂ ਦੇ ਮੈਂਬਰਾਂ ਨੂੰ ਰਾਸ਼ਟਰਪਤੀ ਚੋਣਾਂ ਵਿੱਚ ਵੋਟ ਦਾ ਅਧਿਕਾਰ ਨਹੀਂ ਹੁੰਦਾ।

# ਸਿੱਧੂ ਮੂਸੇਵਾਲਾ ਕੇਸ ਵਿਚ ਇੰਟਰਪੋਲ ਵੱਲੋਂ ਗੈਂਗਸਟਰ ਗੋਲਡੀ ਬਰਾੜ ਦੇ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ





ਨਵੀਂ ਦਿੱਲੀ, 9 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੋਂ ਸੰਸਾਰ ਦੀ ਪੁਲਸ ਇੰਟਰਪੋਲ ਨੇ ਗੈਂਗਸਟਰ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ ਵਿਰੁੱਧ ਰੈੱਡ ਕਾਰਨਰ ਨੋਟਿਸ ਜਾਰੀ ਕਰ ਦਿੱਤਾ ਹੈ। ਭਾਰਤ ਦੀ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਨੇ ਪੰਜਾਬੀ ਗਾਇਕ ਸ਼ੁਭਜੀਤ ਸਿੰਘ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੇ ਗੈਂਗਸਟਰ ਗੋਲਡੀ ਬਰਾੜ ਵਿਰੁੱਧ ਪਹਿਲਾਂ ਵੀ ਰੈੱਡ ਕਾਰਨਰ ਨੋਟਿਸ ਲਈ ਇੰਟਰਪੋਲ ਨੂੰ ਪੱਤਰ ਲਿਖਿਆ ਸੀ, ਪਰ ਉਹ ਸਿੱਧੂ ਮੂਸੇਵਾਲਾ ਦੇ ਕੇਸ ਵਿੱਚ ਨਹੀਂ, ਗੋਲਡੀ ਖਿਲਾਫ 2020 ਅਤੇ 2021 ਵਿੱਚ ਕਤਲ ਅਤੇ ਇਰਾਦਾ ਕਤਲ ਵਾਲੇ ਦੋ ਕੇਸਾਂ ਬਾਰੇ ਸੀ। ਪੰਜਾਬ ਪੁਲਿਸ ਨੇ ਬੀਤੇ ਦਿਨੀਂ ਇਨ੍ਹਾਂ ਦੋ ਕੇਸਾਂ ਦੇ ਆਧਾਰ ਉੱਤੇ ਸੀ ਬੀ ਆਈ ਨੂੰ ਨਵਾਂ ਪੱਤਰ ਲਿਖਿਆ ਸੀ, ਜਿਸ ਉੱਤੇ ਨੋਟਿਸ ਜਾਰੀ ਹੋਇਆ ਹੈ।

ਸੀ ਬੀ ਆਈ ਦੇ ਇੱਕ ਅਧਿਕਾਰੀ ਦੇ ਮੁਤਾਬਕ ਪੰਜਾਬ ਪੁਲਿਸ ਨੇ ਵੱਖ-ਵੱਖ ਕੇਸਾਂ ਵਿੱਚ ਰੈੱਡ ਕਾਰਨਰ ਨੋਟਿਸ (ਆਰ ਸੀ ਐੱਨ) ਜਾਰੀ ਕਰਨ ਦੀ ਬੇਨਤੀ 2 ਜੂਨ ਨੂੰ ਭੇਜੀ ਸੀ। ਗੋਲਡੀ ਵਿਰੁੱਧ ਪਹਿਲਾ ਕੇਸ 2021 ਵਿੱਚ ਫਰੀਦਕੋਟ ਦੇ ਕਟਾਰੀਆ ਪੈਟਰੋਲ ਪੰਪ ਨੇੜੇ ਗੋਲੀਬਾਰੀ ਦਾ ਸੀ।ਇਹ ਗੋਲੀਬਾਰੀ 22 ਨਵੰਬਰ 2020 ਨੂੰ ਹੋਈ ਅਤੇ ਅਕਤੂਬਰ 2021 ਵਿੱਚ ਅਦਾਲਤ ਨੇ ਗੋਲਡੀ ਦਾ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਸੀ। ਪੰਜਾਬ ਪੁਲਿਸ ਨੇ ਇਸ ਦੀ ਚਾਰਜਸ਼ੀਟ 12 ਨਵੰਬਰ 2021 ਨੂੰ ਪੇਸ਼ ਕੀਤੀ ਸੀ। ਦੂਸਰਾ ਕੇਸ ਗੁਰਲਾਲ ਸਿੰਘ ਦੇ ਕਤਲ ਕੇਸ ਬਾਰੇ 18 ਫਰਵਰੀ 2021 ਨੂੰ ਦਰਜ ਹੋਇਆ ਤੇ 13 ਸਤੰਬਰ 2021 ਨੂੰ ਅਦਾਲਤ ਨੇ ਗੋਲਡੀ ਦਾ ਗ੍ਰਿਫਤਾਰੀ ਵਾਰੰਟ ਦਿੱਤਾ ਸੀ। ਪੰਜਾਬ ਪੁਲਿਸ ਨੇ ਇਸ ਕੇਸ ਵਿੱਚ 22 ਨਵੰਬਰ 2021 ਨੂੰ ਚਾਰਜਸ਼ੀਟ ਪੇਸ਼ ਕੀਤੀ ਅਤੇਸੀ ਬੀ ਆਈ ਦਾ ਦਾਅਵਾ ਹੈ ਕਿ ਇਸ ਤੋਂ ਛੇ ਮਹੀਨੇ ਪਿੱਛੋਂ ਪੰਜਾਬ ਪੁਲਿਸ ਨੇ ਗੋਲਡੀ ਬਰਾੜ ਦੇ ਖਿਲਾਫ ਆਰ ਸੀ ਐੱਨ ਜਾਰੀ ਕਰਨ ਲਈ ਬੇਨਤੀ ਭੇਜੀ ਸੀ।

ਸਿੱਧੂ ਮੂਸੇਵਾਲਾ ਦਾ ਕਤਲ ਬੀਤੀ 29 ਮਈ ਨੂੰ ਹੋਇਆ ਸੀ। ਪੰਜਾਬ ਪੁਲਿਸ ਨੇ ਮੂਸੇਵਾਲਾ ਕੇਸ ਵਿੱਚ ਹਾਲੇ ਤੱਕ ਆਰ ਸੀ ਐੱਨ ਬਾਰੇ ਕੁਝ ਨਹੀਂ ਲਿਖਿਆ। ਅਧਿਕਾਰੀ ਅਨੁਸਾਰ ਇਸਦੇ ਲਈ ਪੁਲਿਸ ਨੂੰ ਚਾਰਜਸ਼ੀਟ ਦਾਇਰ ਕਰਨੀ ਤੇ ਅਦਾਲਤ ਤੋਂ ਗ੍ਰਿਫਤਾਰੀ ਵਾਰੰਟ ਲੈਣਾ ਹੋਵੇਗਾ।ਫਿਰ ਪੁਲਿਸ ਸੀ ਬੀ ਆਈ ਨੂੰ ਆਰ ਸੀ ਐੱਨ ਵਾਸਤੇ ਲਈ ਲਿਖ ਸਕੇਗੀ। ਵਰਨਣ ਯੋਗ ਹੈ ਕਿ ਪੰਜਾਬ ਪੁਲਿਸ ਨੇ ਕਿਹਾ ਸੀ ਕਿ ਗੋਲਡੀ ਬਰਾੜ ਦੇ ਰੈੱਡ ਕਾਰਨਰ ਨੋਟਿਸ ਲਈ 19 ਮਈ ਨੂੰ ਸੀ ਬੀ ਆਈ ਨੂੰ ਲਿਖਿਆ ਸੀ, ਪਰਸੀ ਬੀ ਆਈਨੇ ਦੱਸਿਆ ਕਿ ਇਹ ਤਜਵੀਜ਼ 30 ਮਈ ਨੂੰ ਮਿਲੀ ਸੀ।

**ਮਾਨ ਸਰਕਾਰ ਦਾ ਕਿਸਾਨ ਪੱਖੀ ਫ਼ੈਸਲਾ**

# ਟਿਊਬਵੈੱਲਾਂ ਦਾ ਲੋਡ ਵਧਾਉਣ ਦੀ ਫੀਸ 4750 ਤੋਂ ਘਟਾ ਕੇ 2500 ਰੁਪਏ ਕੀਤੀ



ਚੰਡੀਗੜ੍ਹ, 9 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜ ਦੇ ਕਿਸਾਨਾਂ ਨੂੰ ਰਾਹਤ ਦਿੰਦਿਆਂ ਟਿਊਬਵੈੱਲਾਂ ਦਾ ਲੋਡ ਵਧਾਉਣ ਦੀ ਫੀਸ ਮੌਜੂਦਾ 4750 ਰੁਪਏ ਤੋਂ ਘਟਾ ਕੇ 2500 ਰੁਪਏ ਕਰਨ ਦਾ ਐਲਾਨ ਕੀਤਾ ਹੈ।ਉਨ੍ਹਾਂ ਕਿਹਾ ਕਿ 'ਇਸ ਫੈਸਲੇ ਨਾਲ ਹਜ਼ਾਰਾਂ ਕਿਸਾਨਾਂ ਨੂੰ ਲਾਭ ਹੋਵੇਗਾ ਤੇ ਅਸੀਂ ਖੇਤੀ ਨੂੰ ਮਜਬੂਰੀ ਦਾ ਨਹੀਂ, ਸਗੋਂ ਲਾਹੇਵੰਦ ਧੰਦਾ ਬਣਾਉਣਾ ਚਾਹੁੰਦੇ ਹਾਂ।' ਇਸ ਦੇ ਨਾਲ ਪ੍ਰੈੱਸ ਬਿਆਨ ਵਿੱਚਮੁੱਖ ਮੰਤਰੀ ਨੇ ਕਿਹਾ ਕਿ 'ਸਾਡੇ ਰਾਜ ਦੇ ਅਨਾਜ ਉਤਪਾਦਕਾਂ ਨੂੰ ਉਨਾਂ ਦੀ ਆਪਣੀ ਸਰਕਾਰ ਦਾ ਇਹ ਇੱਕ ਨਿਮਾਣਾ ਜਿਹਾ ਤੋਹਫ਼ਾ ਹੈ।'

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਮੁੱਢ-ਕਦੀਮ ਤੋਂ ਖੇਤੀ ਆਧਾਰਤ ਅਰਥਚਾਰਾ ਰਿਹਾ ਹੈ ਤੇ ਏਥੋਂ ਦੀ ਵਸੋਂ ਦਾ ਵੱਡਾ ਹਿੱਸਾ ਖੇਤੀ ਉਤੇ ਨਿਰਭਰ ਹੈ। ਉਨਾਂ ਝੋਰਾ ਪ੍ਰਗਟ ਕੀਤਾ ਕਿ ਅਜੋਕੇ ਦੌਰ ਵਿੱਚ ਕਿਸਾਨ ਨਹੀਂ ਚਾਹੁੰਦਾ ਕਿ ਉਸ ਦਾ ਪੁੱਤ ਖੇਤੀ ਕਰੇ, ਕਿਉਂਕਿ ਖੇਤੀ ਤੋਂ ਕਮਾਈ ਘੱਟ ਹੈ।ਉਨ੍ਹਾ ਕਿਹਾ ਕਿ ਇਹ ਰੁਝਾਨ ਬਦਲਣ ਦੀ ਲੋੜ ਹੈ, ਜਿਸ ਲਈ ਖੇਤੀ ਦੀਆਂ ਲਾਗਤਾਂ ਘਟਾਉਣੀਆਂ ਪੈਣਗੀਆਂ ਤਾਂ ਕਿ ਖੇਤੀ ਲਾਹੇਵੰਦ ਧੰਦਾ ਬਣੇ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕਿਸਾਨਾਂ ਨੂੰ ਟਿਊਬਵੈੱਲਾਂ ਦਾ ਲੋਡ ਵਧਾਉਣ ਲਈ ਵੱਡੀ ਫੀਸ ਭਰਨ ਵਿੱਚਔਖ ਸੀ, ਜਿਸ ਕਾਰਨ ਇਸ ਫੀਸ ਨੂੰ ਕਰੀਬ ਅੱਧੀ ਕਰਦਿੱਤਾ ਹੈ। ਉਨਾਂ ਆਸ ਕੀਤੀ ਕਿ ਇਸ ਨਾਲ ਰਾਜ ਦੇ ਮਿਹਨਤਕਸ਼ ਕਿਸਾਨਾਂ, ਜਿਨ੍ਹਾਂ ਦੇਸ਼ ਦੇ ਅੰਨ ਭੰਡਾਰ ਵਿੱਚ ਯੋਗਦਾਨ ਪਾ ਕੇ ਇਸ ਨੂੰ ਖੁਰਾਕ ਪੱਖੋਂ ਆਤਮ ਨਿਰਭਰ ਬਣਾਇਆ ਹੈ, ਨੂੰ ਲੋੜੀਂਦੀ ਰਾਹਤ ਮਿਲੇਗੀ ਅਤੇ ਖੇਤੀ ਨੂੰ ਹੋਰ ਲਾਹੇਵੰਦ ਬਣਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ।

# ਅਮਰੀਕਾ ਵਿੱਚ ਬੰਦੂਕ ਕੰਟਰੋਲ ਕਾਨੂੰਨ ਦਾ ਬਿੱਲ ਹੇਠਲੇ ਹਾਊਸ ਵਿੱਚ ਪਾਸ

*** ਮਾਰੂ ਹਥਿਆਰ ਖਰੀਦਣ ਦੀ ਉਮਰ ਵਧਾ ਕੇ 21 ਸਾਲ ਕਰਨ ਦਾ ਤਜਵੀਜ਼**




ਵਾਸ਼ਿੰਗਟਨ, 9 ਜੂਨ, (ਪੋਸਟ ਬਿਊਰੋ)- ਅਮਰੀਕਾ ਦੇਓਵਾਲਡੇ, ਬਫੈਲੋ ਅਤੇ ਨਿਊਯਾਰਕ ਵਿੱਚਬੀਤੇ ਦਿਨੀਂ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਚਿੰਤਤ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੀ ਸਰਕਾਰ ਆਪਣੇ ਦੇਸ਼ ਵਿੱਚਬੰਦੂਕ ਕੰਟਰੋਲ ਦਾਇੱਕਵੱਡਾ ਕਾਨੂੰਨ ਬਣਾਉਣ ਵੱਲ ਵਧ ਰਹੀ ਹੈ।

ਇਸ ਤੋਂ ਪਹਿਲਾਂ ਨਿਊਯਾਰਕ ਰਾਜ ਨੇਏਦਾਂ ਦਾ ਕਾਨੂੰਨ ਬਣਾਇਆ ਹੈ। ਇਸਪਿੱਛੋਂ ਪਾਰਲੀਮੈਂਟ ਦੇ ਚੁਣੇ ਹੋਏ ਪ੍ਰਤੀਨਿਧਾਂ ਵਾਲੇ ਹੇਠਲੇ ਹਾਊਸ, ਕਾਂਗਰਸ, ਨੇ ਇਸ ਬੁੱਧਵਾਰ ਪੂਰੇ ਦੇਸ਼ ਵਿੱਚ ਕਾਨੂੰਨ ਦੇ ਵਿਸਥਾਰ ਲਈ ਇੱਕ ਵੱਡਾ ਬੰਦੂਕ ਕੰਟਰੋਲ ਬਿੱਲ ਪਾਸ ਕੀਤਾ ਹੈ। ਇਸ ਕਾਨੂੰਨ ਹੇਠ ਸੈਮੀ-ਆਟੋਮੈਟਿਕ ਰਾਈਫਲ ਖਰੀਦ ਦੀ ਉਮਰ ਹੱਦ ਵਧਾ ਕੇ 21 ਸਾਲ ਕਰਨ ਦਾ ਤਜਵੀਜ਼ ਹੈ ਅਤੇ ਇਸ ਤੋਂ ਨਾਲ 15 ਰਾਊਂਡ ਤੋਂ ਵੱਧ ਸਮਰੱਥਾ ਵਾਲੇ ਮੈਗਜ਼ੀਨਾਂ ਦੀ ਵਿਕਰੀ ਉੱਤੇਰੋਕ ਹੋਵੇਗੀ। ਹਾਊਸ ਨੇ ਇਹ ਪਾਰਟੀ ਲਾਈਨ ਉੱਤੇ 223 ਦੇ ਮੁਕਾਬਲੇ 204 ਵੋਟਾਂ ਨਾਲ ਪਾਸ ਕੀਤਾ, ਪਰ ਉੱਪਰਲੇ ਹਾਊਸ, ਸੈਨੇਟ ਤੋਂ ਪਾਸ ਹੋਣ ਦੀ ਸੰਭਾਵਨਾ ਨਹੀਂ, ਕਿਉਂਕਿ ਸੈਨੇਟ ਵਿੱਚ ਕੁਝ ਮੱਤਭੇਦ ਹਨ, ਜਿਸ ਬਾਰੇ ਸੈਨੇਟ ਇਸ ਵਕਤ ਬਾਇਡਨ ਸਰਕਾਰ ਉੱਤੇ ਦਬਾਅ ਬਣਾ ਰਹੀ ਹੈ।

# ਅਮਰੀਕੀ ਕਮਾਂਡਰ ਮੁਤਾਬਕ ਭਾਰਤੀ ਸਰਹੱਦ ਨੇੜੇ ਚੀਨ ਵੱਲੋਂ ਉਸਾਰੇ ਢਾਂਚੇ ਚਿੰਤਾ ਵਾਲੀ ਗੱਲ



ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਅਮਰੀਕੀ ਫੌਜ ਦੇ ਪੈਸੇਫਿਕ ਖੇਤਰ ਦੇ ਕਮਾਂਡਰ ਚਾਰਲਸ ਏ ਫਲੈਨ ਨੇ ਕੱਲ੍ਹ ਇੱਥੇ ਕਿਹਾ ਕਿ ਭਾਰਤ ਨਾਲ ਲੱਗਦੀ ਸਰਹੱਦ ਨੇੜੇ ਚੀਨ ਵੱਲੋਂ ਕੁਝ ਰੱਖਿਆ ਬੁਨਿਆਦੀ ਢਾਂਚੇ ਬਣਾਏ ਜਾਣਾ ਚਿੰਤਾ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨੀ ਕਮਿਊਨਿਸਟ ਪਾਰਟੀ (ਸੀ ਸੀ ਪੀ) ਦਾ ਅਸਥਿਰ ਅਤੇ ਖਾਰ ਰੱਖਣ ਵਾਲਾ ਵਿਹਾਰ ਮਦਦਗਾਰ ਨਹੀਂ ਹੈ। ਭਾਰਤ ਤੇ ਚੀਨ ਦੀਆਂ ਫੌਜਾਂ ਵਿਚਾਲੇ ਪੰਜ ਮਈ 2020 ਤੋਂ ਪੂਰਬੀ ਲੱਦਾਖ ਵਿੱਚ ਸਰਹੱਦ ਉੱਤੇ ਸਬੰਧ ਤਣਾਅਪੂਰਨ ਹਨ, ਜਦ ਪੈਂਗੋਂਗ ਝੀਲ ਵਾਲੇ ਖੇਤਰ ਵਿੱਚ ਦੋਵਾਂ ਧਿਰਾਂ ਦੀ ਹਿੰਸਕ ਝੜਪ ਹੋਈ ਸੀ। ਪਿਛਲੇ ਮਹੀਨੇ ਇਹ ਗੱਲ ਪਤਾ ਲੱਗੀ ਕਿ ਚੀਨ ਵੱਲੋਂ ਪੂਰਬੀ ਲੱਦਾਖ ਵਿੱਚ ਪੈਂਗੋਂਗ ਝੀਲ ਨੇੜੇ ਰਣਨੀਤਕ ਪੱਖ ਤੋਂ ਅਹਿਮ ਖੇਤਰ ਵਿੱਚ ਦੂਜਾ ਪੁਲ ਉਸਾਰਿਆ ਜਾ ਰਿਹਾ ਹੈ ਅਤੇ ਇਸ ਨਾਲ ਚੀਨ ਲਈ ਇਸ ਖੇਤਰ ਵਿੱਚ ਆਪਣੀਆਂ ਫੌਜਾਂ ਪਹੁੰਚਾਉਣੀਆਂ ਹੋਰ ਵੀ ਜ਼ਿਆਦਾ ਸੌਖੀਆਂ ਹੋ ਜਾਣਗੀਆਂ।

ਜਨਰਲ ਫਾਲੈਨ ਨੇ ਕਿਹਾ, "ਮੇਰਾ ਮੰਨਣਾ ਹੈ ਕਿ ਜਿਸ ਪੱਧਰ ਉੱਤੇਸਰਗਰਮੀ ਚੱਲ ਰਹੀ ਹੈ, ਇਹ ਅੱਖਾਂ ਖੋਲ੍ਹ ਦੇਣ ਵਾਲੀ ਹੈ ਅਤੇ ਪੱਛਮੀ ਇਲਾਕੇ ਵਿੱਚ ਜੋ ਢਾਂਚੇ ਉਸਾਰੇ ਗਏ ਹਨ, ਉਹ ਚਿੰਤਾ ਵਾਲੀ ਗੱਲ ਹਨ।"

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਕੈਲੇਡਨ ਈਸਟ ਦੇ ਵਾਰਡ 3-4 ਵਿਚ ਬਣੇ ਪਾਰਕ ਦਾ ਉਦਘਾਟਨ

ਬਰੈਂਪਟਨ, (ਡਾ. ਝੰਡ) - ਪ੍ਰਾਪਤ ਸੂਚਨਾ ਅਨੁਸਾਰ ਕੈਲੇਡਨ ਈਸਟ ਵਿਚ 33 ਅਰਬਰਟ ਸਪੌਂਸਰ ਐਵੀਨਿਊ ਵਿਚ ਬਣੇ ਨਵੇਂ ਪਾਰਕ ਦਾ ਉਦਘਾਟਨ ਕੈਲੇਡਨ ਦੀ ਐਕਟਿੰਗ ਮੇਅਰ ਕ੍ਰਿਸਟੀਨਾ ਅਰਲੀ ਵੱਲੋਂ ਲੰਘੇ ਵੀਰਵਾਰ 2 ਜੂਨ ਨੂੰ ਰਿਬਨ ਕੱਟ ਕੇ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਪਾਰਕ ਦੀ ਉਸਾਰੀ ਲਈ ਕੈਲੇਡਨ ਦੇ ਵਾਰਡ ਨੰਬਰ 3-4 ਦੀ ਰੀਜਨਲ ਕੌਂਸਲਰ ਜੈਨੀਫ਼ਰ ਇਨਿਸ ਵੱਲੋਂ ਵਿਸ਼ੇਸ਼ ਉਤਸ਼ਾਹ ਵਿਖਾਇਆ ਗਿਆ ਅਤੇ ਉਨ੍ਹਾਂ ਵੱਲੋਂ ਕਾਫ਼ੀ ਕੋਸ਼ਿਸ਼ਾਂ ਕਰਕੇ ਇਸ ਦੇ ਲਈ ਲੋੜੀਂਦੇ ਫ਼ੰਡਾਂ ਦਾ ਪ੍ਰਬੰਧ ਕੀਤਾ ਗਿਆ।




ਸਮਾਗ਼ਮ ਵਿਚ ਸ਼ਾਮਲ ਕੈਲੇਡਨ-ਵਾਸੀਆਂ ਅਤੇ ਆਏ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਐਕਟਿੰਗ ਮੇਅਰ ਕ੍ਰਿਸਟੀਨਾ ਨੇ ਕੈਲਾਡਨ ਸੀਨੀਅਰਜ਼ ਕਲੱਬ ਵੱਲੋਂ ਕੀਤੇ ਜਾ ਰਹੇ ਉਸਾਰੂ ਕੰਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਲੱਬ ਨੂੰ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਯਕੀਨ ਦਿਵਾਇਆ। ਕੈਲੇਡਨ ਸੀਨੀਅਰਜ਼ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਅਤੇ ਮੀਤ-ਪ੍ਰਧਾਨ ਮੁਖਤਿਆਰ ਸਿੰਘ ਹੁੰਦਲ ਵੱਲੋਂ ਆਪਣੇ ਸੰਬੋਧਨਾਂ ਵਿਚ ਪਾਰਕ ਵਿਚ ਲੋੜੀਂਦੀਆਂ ਸਹੂਲਤਾਂ ਅਤੇ ਹੋਰ ਵਸਤਾਂ ਬਾਰੇ ਐਕਟਿੰਗ ਮੇਅਰ ਨੂੰ ਜਾਣੂੰ ਕਰਵਾਇਆ ਗਿਆ ਅਤੇ ਇਹ ਜਲਦੀ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਗਈ ਜਿਸ ਦੇ ਬਾਰੇ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਮਿ-ਲਆ।

ਇਸ ਮੌਕੇ ਕੈਲੇਡਨ ਕਮਿਊਨਿਟੀ ਦੇ ਚੇਅਰਪਰਸਨ ਹੀਦਰ ਸੈਵੇਜ, ਕੌਂਸਲਰ ਨਿੱਕ ਬੋਰ ਅਤੇ ਬਰੈਂਪਟਨ ਦੀਆਂ ਕਈ ਸੀਨੀਅਰਜ਼ ਕਲੱਬਾਂ ਦੇ ਪ੍ਰਧਾਨਾਂ, ਅਹੁਦੇਦਾਰਾਂ ਅਤੇ ਮੈਂਬਰਾਂ ਨੇ ਇਸ ਉਦਘਾਟਨੀ ਸਮਾਰੋਹ ਵਿਚ ਸ਼ਮੂਲੀਅਤ ਕਰਕੇ ਇਸ ਦੀ ਰੌਣਕ ਵਿਚ ਵਾਧਾ ਕੀਤਾ। ਸਥਾਨਕ ਕੈਲੇਡਨ-ਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ ਲਈ ਚਾਹ, ਸਮੋਸੇ, ਮਠਿਆਈ ਅਤੇ ਕੋਲਡ-ਡਰਿੰਕਸ ਦਾ ਵਧੀਆ ਪ੍ਰਬੰਧ ਕੀਤਾ ਗਿਆ। ਅਖ਼ੀਰ ਵਿਚ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਵੱਲੋਂ ਕੈਲੇਡਨ ਦੀ ਐਕਟਿੰਗ ਮੇਅਰ, ਰੀਜਨਲ ਕੌਂਸਲਰ, ਕੌਂਸਲਰ, ਸੀਨੀਅਰਜ਼ ਅਤੇ ਸਮੂਹ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕੀਤਾ। ਕੈਲੇਡਨ ਸੀਨੀਅਰਜ਼ ਕਲੱਬ ਦੀ ਸਰਗ਼ਰਮੀਆਂ ਸਬੰਧੀ ਵਧੇਰੇ ਜਾਣਕਾਰੀ ਦਰਸ਼ਨ ਸਿੰਘ ਗਰੇਵਾਲ ਨੂੰ 647-614-3501 'ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# Extending the Super visa gives illicit cash laborers extra time to work



By: Surjit Singh Flora

Holders of the Parents and Grandparents Super Visa will be able to stay in Canada for up to seven consecutive years under changes to the program announced on Tuesday.

From July 4, the length of stay for Super Visa holders will be increased to five years, with the option to request an additional two years while in Canada.

It was already hard to find jobs for Canadians, PRs, and citizens because of the two-year super visa. As soon as these visitors land here in Canada, they find cash jobs. Now extended to seven, it will be the biggest crisis for normal citizens to find jobs.

The Trudeau Liberals are only interested in their own benefits from the Super Visa fee and are unaware of Canadians' and cheaters' jobs.

So, millions of parents and grandparents don't just come to visit their son or daughter or the family; they easily find cash jobs, such as construction, annual events where you can get a tip, restaurants, hired ladies for $6–10 to make the rotis, cut the salad, and vegetables, while the men find construction work or cleaning.

These restaurant and construction business owners are always looking for cheap labor to make more money. They don't pay taxes or show all of their income, like basements and side jobs. Instead, they pay $20 to $30 to PR or citizens holders. They find someone who needs cash. These visitors are easy to find and willing to work for $14 to $15 cash. Restaurants are looking for these visitor ladies to make rotis, naans, cut salads and vegetables for just under $6 to $10. These owners take advantage and abuse them as they are in need of cash.

But they are not aware that if they get caught, first they will be arrested and taken before an immigration judge. They will be ordered deported from Canada, they will be banned from returning for a number of years, and they will find it almost impossible to actually get approved for any sort of visa to ever return, even once the ban is up. The company that hired them would also be charged under the applicable legislation and would face heavy fines and even the possibility of jail time for key personnel.

They also need to keep in mind that when they work for an employer for cash, the employer is most likely cheating the government out of taxes and payroll benefit contributions.

So, they are in a situation where they are working for a cheater and are also vulnerable because they are working outside the normal system. Prepare to be cheated.

There are no laws and no systems to protect these people. No minimum wage legislation applies to them. None of the fair labor practices laws apply to them. No government agency would protect them if they got hurt. They will have to protect themselves.

So, no, cash jobs are not illegal, so long as both parties are reporting them honestly.

That said, the federal government has better things to do than track down a few hundred dollars in lawn care! But with the extension of the Super Visa to seven years, it will not be just a few hundred dollars' cheat, it will be millions.

These visitors need to know they can't work for cash because the transaction is not recorded and both you and your employer are evading taxes.

In Canada, anyone can find a job through networking, which is really weird. It's really disgusting. We are a democratic country. I have to leave myself at the mercy of other people to get a job that inspires good education and professional qualifications. Cash jobs are a separate story because they are uncommon, and people do not readily disclose them due to income tax departments and violations of the law. They are not paid minimum wages or underpaid, which is again not acceptable for taxpayers. Many hotels offered a weekend job to a student for $5–10 for 10 hours a day. This is literally abusing labour and should be reported.

# ਭਾਈ ਵੀਰ ਸਿੰਘ ਜੀ ਨੂੰ ਯਾਦ ਕਰਦਿਆਂ



-ਸੁਖਚੈਨ ਸਿੰਘ ਕੁਰੜ-

ਮਾਂ-ਬੋਲੀ ਪੰਜਾਬੀ ਦੇ ਲਾਡਲੇ ਪੁੱਤਰਾਂ ਨੂੰ ਯਾਦ ਕਰਦਿਆਂ ਪੰਜਾਬੀ ਸਾਹਿਤ ਦੇ ਪਿਛੋਕੜ ਵਿੱਚ ਜਦ ਆਪਾਂ ਝਾਤ ਮਾਰਦੇ ਹਾਂ ਤਾਂ ਪੰਜਾਬੀ ਸਾਹਿਤ ਦੇ ਪਿਤਾਮਾ ਬਾਬਾ ਫ਼ਰੀਦ ਜੀ ਦੀ ਬਾਣੀ ਸਭ ਤੋਂ ਪਹਿਲਾਂ ਸਾਨੂੰ ਪੰਜਾਬੀ ਹੋਣ 'ਤੇ ਮਾਣ ਕਰਨ ਦਾ ਸੁੱਚਾ ਅਹਿਸਾਸ ਬਖ਼ਸ਼ਦੀ ਹੈ। ਪੰਜਾਬੀ ਸਾਹਿਤ ਦੇ ਪਿਤਾਮਾ ਬਾਬਾ ਫ਼ਰੀਦ ਜੀ ਤੋਂ ਅਸੀਂ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਤੱਕ ਦਾ ਸਫ਼ਰ ਮਾਂ-ਬੋਲੀ ਦੇ ਮਾਣ ਸਦਕਾ ਹੀ ਤੈਅ ਕਰਦੇ ਹਾਂ। ਇਸੇ ਸਫ਼ਰ ਨੂੰ ਤੈਅ ਕਰਦਿਆਂ ਅੱਜ ਅਸੀਂ ਭਾਈ ਵੀਰ ਸਿੰਘ ਜੀ ਦੇ ਜੀਵਨ ਤੇ ਸਾਹਿਤਕ ਸਫ਼ਰ ਬਾਰੇ ਸਾਂਝ ਬਣਾਵਾਂਗੇ।

ਜਨਮ ਤੇ ਪਰਿਵਾਰਕ ਪਿਛੋਕੜ:-

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872 ਈ: ਨੂੰ ਪਿਤਾ ਡਾ. ਚਰਨ ਸਿੰਘ ਤੇ ਮਾਤਾ ਉਤਮ ਕੌਰ ਜੀ ਦੇ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਹੋਇਆ। ਆਪ ਆਪਣੇ ਛੇ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਭਾਈ ਵੀਰ ਸਿੰਘ ਜੀ ਦਾ ਪਿਛੋਕੜ ਦੀਵਾਨ ਕੌੜਾ ਮੱਲ ਜੀ ਨਾਲ਼ ਜਾ ਮਿਲ਼ਦਾ ਹੈ। ਦੀਵਾਨ ਕੌੜਾ ਮੱਲ ਜੀ ਇੱਕ ਐਸੀ ਸ਼ਖਸੀਅਤ ਸਨ ਜੋ ਮੁਲਤਾਨ ਦੇ ਹਾਕਮਾਂ ਕੋਲ ਦੀਵਾਨ ਹੁੰਦੇ ਹੋਇਆਂ ਵੀ ਸਿੱਖਾਂ ਦੀ ਔਖੇ ਵੇਲੇ ਮਦਦ ਕਰਦੇ ਸਨ। ਇਸ ਲਈ ਇਤਿਹਾਸ ਉਹਨਾਂ ਨੂੰ 'ਮਿੱਠਾ ਮੱਲ' ਕਹਿ ਕੇ ਵੀ ਯਾਦ ਕਰਦਾ ਹੈ। ਭਾਈ ਵੀਰ ਸਿੰਘ ਦੇ ਦਾਦਾ ਸੰਤ ਬਾਬਾ ਕਾਹਨ ਸਿੰਘ ਜੀ ਵੀ ਬੜੇ ਹੀ ਗੁਰਬਾਣੀ ਦੇ ਰਸੀਏ, ਨੇਕ ਦਿਲ ਇਨਸਾਨ ਸਨ। ਭਾਈ ਸਾਹਿਬ ਦੇ ਪਿਤਾ ਡਾ: ਚਰਨ ਸਿੰਘ ਹਿੰਦੀ, ਸੰਸਕ੍ਰਿਤ, ਫਾਰਸੀ, ਅੰਗਰੇਜ਼ੀ ਤੇ ਬ੍ਰਿਜ਼ ਭਾਸ਼ਾ ਦੇ ਉਚਕੋਟੀ ਦੇ ਕਵੀ ਸਨ। ਭਾਈ ਸਾਹਿਬ ਜੀ ਦੇ ਨਾਨਾ ਪੰਡਤ ਗਿਆਨੀ ਹਜ਼ਾਰਾ ਸਿੰਘ ਵੀ ਉਰਦੂ ਫਾਰਸੀ ਦੇ ਚੰਗੇ ਜਾਣਕਾਰ ਸਨ। ਇੰਨ੍ਹਾਂ ਨੇ ਉਰਦੂ ਫਾਰਸੀ ਦੀਆਂ ਕਿਤਾਬਾਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ। ਇੰਨ੍ਹੀਆਂ ਮਹਾਨ ਸ਼ਖ਼ਸੀਅਤਾਂ ਦੀ ਸੰਗਤ ਜਿਸ ਰੂਹ ਨੇ ਬਚਪਨ ਤੋਂ ਮਾਣੀ ਹੋਵੇ, ਜਿਸ ਰੂਹ ਨੂੰ ਬਚਪਨ ਵਿੱਚ ਲੋਰੀਆਂ ਵੀ ਗੁਰਬਾਣੀ ਦੇ ਸ਼ਬਦ ਪੜ੍ਹ ਕੇ ਦਿੱਤੀਆਂ ਜਾਂਦੀਆਂ ਹੋਣ, ਉਸ ਕਲਮ 'ਚੋਂ ਕੁਦਰਤ ਨਿਕਲੇ ਸ਼ਬਦ ਆਪਣੇ ਆਪ ਵਿੱਚ ਸਮੇਂ ਨੂੰ ਪ੍ਰਵਾਨ ਹੋ ਜਾਂਦੇ ਹਨ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ: 'ਮੈਂ ਜੋ ਕੁੱਝ ਲਿਖਿਆ ਹੈ, ਉਹ ਜੋ ਕੁੱਝ ਮੈਂ ਸਤਗੁਰਾਂ ਦੀ ਮਹਾਨ ਪਵਿੱਤਰ ਬਾਣੀ ਤੋਂ ਸਮਝਿਆਂ ਹੈ ਸੱਚਾ ਤੇ ਸਿੱਧਾ ਰਸਤਾ ਜੀਵਨ ਪੱਧਰ ਦਾ ਉਸੇ ਨੂੰ ਦੁਖੀ ਜਗਤ ਲਈ ਪੇਸ਼ ਕਰਨ ਦਾ ਜਤਨ ਕਰਦਾ ਰਿਹਾ ਹਾਂ।"

ਸਿੱਖਿਆ, ਵਿਆਹ ਤੇ ਵਿਸ਼ੇਸ਼ ਕਾਰਜ:-

ਭਾਈ ਸਾਹਿਬ ਨੂੰ ਵਿੱਦਿਅਕ ਅਤੇ ਧਾਰਮਿਕ ਵਾਤਾਵਰਣ ਵਿਰਸੇ ਵਿੱਚ ਹੀ ਪ੍ਰਾਪਤ ਹੋਇਆ। ਭਾਈ ਸਾਹਿਬ ਨੇ ਆਪਣੀ ਮੁੱਢਲੀ ਵਿੱਦਿਆ ਆਪਣੇ ਨਾਨੇ ਗਿਆਨੀ ਹਜ਼ਾਰਾ ਸਿੰਘ ਪਾਸੋਂ ਪ੍ਰਾਪਤ ਕੀਤੀ। ਅੱਠ ਸਾਲ ਦੀ ਉਮਰ ਤੱਕ ਭਾਈ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਕਰ ਲਿਆ ਸੀ। ਸੰਨ 1891 ਵਿੱਚ ਉਸ ਨੇ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਵਿੱਚ ਐਂਟਰੈਂਸ ਦੇ ਇਮਤਿਹਾਨ ਵਿੱਚ ਜ਼ਿਲ੍ਹੇ ਵਿੱਚੋਂ ਅੱਵਲ ਦਰਜਾ ਪ੍ਰਾਪਤ ਕੀਤਾ, ਜਿਸ ਤੋਂ ਖ਼ੁਸ਼ ਹੋ ਕੇ ਡਿਸਟ੍ਰਿਕਟ ਬੋਰਡ ਨੇ ਆਪ ਨੂੰ ਸੋਨੇ ਦਾ ਤਮਗਾ ਇਨਾਮ ਵਜੋਂ ਦਿੱਤਾ। ਇਹ ਪਰੀਖਿਆ ਪਾਸ ਕਰਨ ਤੋਂ ਦੋ ਸਾਲ ਪਹਿਲਾਂ ਵਿੱਚ ਭਾਈ ਸਾਹਿਬ ਦਾ ਵਿਆਹ ਬੀਬੀ ਚਤੁਰ ਕੌਰ ਨਾਲ ਹੋ ਗਿਆ ਸੀ, ਜਿਸ ਦੀ ਕੁੱਖੋਂ ਦੋ ਧੀਆਂ ਕਰਤਾਰ ਕੌਰ ਅਤੇ ਸੁਸ਼ੀਲ ਕੌਰ ਨੇ ਜਨਮ ਲਿਆ।

ਭਾਈ ਵੀਰ ਸਿੰਘ ਨੇ ਗੁਰਬਾਣੀ, ਸਿੱਖ ਇਤਿਹਾਸ ਤੇ ਹਿੰਦੂ ਮਿਥਿਹਾਸ ਦਾ ਡੂੰਘਾ ਅਧਿਐਨ ਕੀਤਾ ਜਿਸ ਕਾਰਨ ਆਪ ਦੀ ਰੁਚੀ ਮੁੱਢ ਤੋਂ ਹੀ ਧਾਰਮਿਕ ਤੇ ਸਮਾਜ ਸੇਵਾ ਵਿੱਚ ਲੱਗ ਗਈ। 1892 ਈਸਵੀ ਵਿੱਚ ਆਪ ਨੇ ਵਜ਼ੀਰ ਸਿੰਘ ਨਾਲ ਮਿਲ ਕੇ ਅੰਮ੍ਰਿਤਸਰ ਵਿਖੇ ਵਜ਼ੀਰ ਹਿੰਦ ਪ੍ਰੈਸ ਲਗਾਇਆ। 1894 ਈਸਵੀ ਵਿੱਚ ਖਾਲਸਾ ਟਰੈਕਟ ਸੁਸਾਇਟੀ ਦੀ ਨੀਂਹ ਰੱਖ ਕੇ 'ਨਿਰ-ਗੁਣਿਆਰਾ' ਅਰਧ ਮਾਸਿਕ ਟਰੈਕਟ ਕੱਢਿਆ। 1899 ਈ: ਵਿੱਚ 'ਖਾਲਸਾ ਸਮਾਚਾਰ' ਸਪਤਾਹਿਕ ਪਰਚਾ ਚਾਲੂ ਕੀਤਾ। ਆਪ 'ਸਿੰਘ ਸਭਾ ਲਹਿਰ' ਅਤੇ 'ਚੀਫ਼ ਖਾਲਸਾ ਦੀਵਾਨ' ਦੇ ਮੋਢੀਆਂ ਵਿੱਚੋਂ ਇੱਕ ਸਨ। ਆਪ ਦੇ ਯਤਨਾਂ ਸਦਕਾ ਹੀ 'ਸਿੱਖ ਐਜੂਕੇਸ਼ਨ' ਕਮੇਟੀ ਦੀ ਸਥਾਪਨਾ ਹੋਈ।

ਸਾਹਿਤਕ ਸਫ਼ਰ:-

ਭਾਈ ਵੀਰ ਸਿੰਘ ਦੀਆਂ ਕੁੱਝ ਆਰੰਭਿਕ ਰਚਨਾਵਾਂ ਜਿਵੇਂ ਨਨਾਣ ਭਰਜਾਈ, ਸਿਖਿਆਦਾਇਕ ਵਾਰਤਾਲਾਪ ਅਤੇ ਭਰਥਰੀ ਹਰੀ ਦਾ 'ਨੀਤੀ ਸਤਕ' (ਅਨੁਵਾਦ) ਨਿਰੋਲ ਪ੍ਰੰਪਰਾਗਤ ਰੂਪ ਤੇ ਸ਼ੈਲੀ ਦੀ ਗੁਆਹੀ ਭਰਦੇ ਹਨ। ਇਨ੍ਹਾਂ ਵਿਚ ਸੁਧਾਰਵਾਦੀ ਤੇ ਉਪਦੇਸ਼ਾਤਮਕ ਰੁਚੀ ਪ੍ਰਦਾਨ ਹੈ। ਦੋਹਾਂ ਵਿਚ ਬੈਂਤ ਛੰਦ ਦੀ ਵਰਤੋਂ ਕੀਤੀ ਹੈ। ਭਾਈ ਵੀਰ ਸਿੰਘ ਦੀ ਪਹਿਲੀ ਕਾਵਿ-ਰਚਨਾ 'ਰਾਣਾ ਸੂਰਤ ਸਿੰਘ' (ਮਹਾਂਕਾਵਿ) ਪ੍ਰਕਾਸ਼ਿਤ ਹੋਈ। ਇਸ ਮਹਾਂਕਾਵਿ ਵਿੱਚ ਅਧਿਆਤਮਵਾਦ ਦੀ ਵਿਆਖਿਆ ਹੈ। ਰਾਣਾ ਸੂਰਤ ਸਿੰਘ ਦੀ ਰਚਨਾ ਉਪਰੰਤ ਭਾਈ ਵੀਰ ਸਿੰਘ ਨੇ ਛੋਟੀਆਂ ਕਵਿਤਾਵਾਂ ਦੀ ਰਚਨਾ ਕੀਤੀ। ਦਿਲ ਤਰੰਗ,ਤ੍ਰੇਲ ਤੁਪਕੇ,ਲਹਿਰਾਂ ਦੇ ਹਾਰ,ਮਟਕ ਹੁਲਾਰੇ,ਬਿਜਲੀਆਂ ਦੇ ਹਾਰ,ਪ੍ਰੀਤ ਵੀਣਾਂ,ਮੇਰੇ ਸਾਂਈਆਂ ਜੀਉ,ਕੰਬਦੀ ਕਲਾਈ, ਨਿੱਕੀ ਗੋਦ ਵਿੱਚ ਆਦਿ।

ਭਾਈ ਵੀਰ ਸਿੰਘ ਨੇ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਭਾਗ ਪਹਿਲਾ ਅਤੇ ਭਾਗ ਦੂਜਾ ਤੇ ਬਾਬਾ ਨੌਧ ਸਿੰਘ ਚਾਰ ਨਾਵਲ ਲਿਖੇ ਅਤੇ ਇੱਕ ਨਾਟਕ ਰਾਜਾ ਲੱਖਦਾਤਾ ਸਿੰਘ ਵਿੱਚ ਛਪਵਾਇਆ। ਇਹ ਸਿੱਖੀ ਸੁਧਾਰ ਦਾ ਪਹਿਲਾ ਪੰਜਾਬੀ ਨਾਟਕ ਹੈ। ਭਾਈ ਵੀਰ ਸਿੰਘ ਨੇ ਗੁਰੂ ਕਲਗੀਧਰ ਚਮਤਕਾਰ, ਗੁਰੂ ਨਾਨਕ ਚਮਤਕਾਰ ਅਤੇ ਸ਼ਬਦ ਗੁਰੂ ਚਮਤਕਾਰ ਆਦਿ ਵਾਰਤਕ ਰਚਨਾਵਾਂ ਦੀ ਰਚਨਾ ਕੀਤੀ।

ਭਾਈ ਵੀਰ ਸਿੰਘ ਲਈ ਵੱਖੋ-ਵੱਖ ਵਿਦਵਾਨਾਂ ਦੇ ਵਿਚਾਰ:-

ਭਾਈ ਸਾਹਿਬ ਨੂੰ ਅਕਸਰ ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਪੰਜਾਬੀ ਦਾ ਵਰਡਸਵਰਥ ਵੀ ਕਿਹਾ ਜਾਂਦਾ ਹੈ। ਪ੍ਰੋਫੈਸਰ ਪੂਰਨ ਸਿੰਘ ਉਹਨਾਂ ਨੂੰ ਚੂੜਾਮਣੀ ਕਵੀ ਆਖਦੇ ਹਨ। ਮੌਲਾ ਬਖਸ਼ ਕੁਸ਼ਤਾ ਉਹਨਾਂ ਨੂੰ ਟੈਗੋਰ ਤੇ ਇਕਬਾਲ ਦੇ ਬਰਾਬਰ ਰੱਖਦਾ ਹੈ। ਸੁਰਿੰਦਰ ਸਿੰਘ ਕੋਹਲੀ ਅਨੁਸਾਰ ਉਹ ਨਵੀਨ ਕਵਿਤਾ ਦਾ ਮੋਢੀ ਹੈ। ਲਾਲਾ ਧਨੀ ਰਾਮ ਚਾਤ੍ਰਿਕ ਉਸਨੂੰ ਮੁਕਟਮਣੀ ਕਹਿੰਦਾ ਹੈ। ਭਾਰਤ ਦੇ ਪ੍ਰਸਿੱਧ ਦਾਰਸ਼ਨਿਕ ਡਾ. ਰਾਧਾ ਕ੍ਰਿਸ਼ਨਨ ਨੇ ਭਾਈ ਵੀਰ ਸਿੰਘ ਨੂੰ 'ਭਾਰਤ ਦੀ ਸਨਾਤਨੀ ਵਿਦਵਤਾ ਦੇ ਪ੍ਰਤਿਨਿਧ' ਕਿਹਾ ਹੈ। ਸ੍ਰੀ ਹਰਿੰਦਰਨਾਥ ਚਟੋਪਾਧਿਆਏ ਨੇ ਭਾਈ ਸਾਹਿਬ ਨੂੰ 'ਪੰਜਾਂ ਦਰਿਆਵਾਂ ਦੀ ਧਰਤੀ ਦੇ ਛੇਵੇਂ ਦਰਿਆ' ਦੀ ਉਪਾਧੀ ਦਿੱਤੀ ਹੈ। ਡਾ.ਰਤਨ ਸਿੰਘ ਜੱਗੀ ਨੇ ਉਨ੍ਹਾਂ ਨੂੰ ਵੀਹਵੀਂ ਸਦੀ ਦਾ ਭਾਈ ਗੁਰਦਾਸ ਕਿਹਾ ਹੈ। ਡਾ: ਦੀਵਾਨ ਸਿੰਘ ਭਾਈ ਵੀਰ ਸਿੰਘ ਜੀ ਬਾਰੇ ਲਿਖਦਾ ਹੈ ਕਿ ' ਪੰਜਾਬੀ ਵਿੱਚ ਭਾਈ ਵੀਰ ਸਿੰਘ ਕੁਦਰਤ ਦੀ ਕਵਿਤਾ ਦਾ ਮੋਢੀ ਹੈ।

ਮਾਣ ਸਨਮਾਨ:-

ਭਾਈ ਸਾਹਿਬ ਦੀ ਸਾਹਿਤਕ ਦੇਣ ਸਦਕਾ 1949 ਈਸਵੀ ਵਿੱਚ ਆਪ ਨੂੰ ਪੰਜਾਬ ਯੂਨੀਵਰਸਿਟੀ ਨੇ 'ਡਾਕਟਰ ਆਫ ਓਰੀਐਂਟਲ ਲਰਨਿੰਗ' ਦੀ ਡਿਗਰੀ ਪ੍ਰਦਾਨ ਕੀਤੀ। 1950 ਵਿਚ ਭਾਈ ਵੀਰ ਨੂੰ ਵਿਦਿਅਕ ਕਾਨਫ਼ਰੰਸ ਵਿਚ ਅਭਿਨੰਦਨ ਗ੍ਰੰਥ ਭੇਂਟ ਕੀਤਾ ਗਿਆ।

1952 ਵਿਚ ਆਪ ਨੂੰ ਪੰਜਾਬ ਵਿਧਾਨ ਸਭਾ ਕੌਂਸਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ। 1955 ਵਿਚ ਆਪ ਦੀ ਪੁਸਤਕ 'ਮੇਰੇ ਸਾਂਈਆਂ ਜੀਉ' ਨੂੰ ਸਾਹਿਤ ਅਕਾਦਮੀ ਵਲੋਂ ਪੰਜ ਹਜ਼ਾਰ ਦਾ ਇਨਾਮ ਮਿਲਿਆ। 1956 ਵਿਚ ਭਾਈ ਵੀਰ ਸਿੰਘ ਨੂੰ ਪਦਮ ਭੂਸ਼ਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਪੰਜਾਬੀ ਮਾਂ ਬੋਲੀ ਦਾ ਇਹ ਸੁੱਚਾ ਹੀਰਾ ਭਾਈ ਵੀਰ ਸਿੰਘ ਲਗਪਗ 70 ਸਾਲ ਪੰਜਾਬੀ ਸਾਹਿਤ ਦੀ ਸੇਵਾ ਕਰਦੇ ਹੋਏ 10 ਜੂਨ 1957 ਨੂੰ ਇਸ ਦੁਨੀਆਂ ਤੋਂ ਆਪਣੇ ਹਿੱਸੇ ਦੇ ਫ਼ਰਜ਼ ਪੂਰਦਿਆਂ ਵਿਦਾਇਗੀ ਲੈ ਗਿਆ। ਪੰਜਾਬੀ ਸਾਹਿਤ ਵਿੱਚ ਭਾਈ ਸਾਹਿਬ ਦਾ ਨਾਂ ਰਹਿੰਦੀ ਦੁਨੀਆਂ ਤੱਕ ਉਹਨਾਂ ਦੀਆਂ ਰਚਨਾਵਾਂ ਰਾਹੀਂ ਜਿਊਂਦਾ ਰਹੇਗਾ।

# ਹਨੂਮਾਨ ਚਾਲੀਸਾ ਵਿਵਾਦ ਕੇਸ ਵਿੱਚ ਰਾਣਾ ਜੋੜੇ ਖਿਲਾਫ ਦੋਸ਼ ਪੱਤਰ ਦਾਖਲ

ਮੁੰਬਈ, 9 ਜੂਨ (ਪੋਸਟ ਬਿਊਰੋ)- ਮੁੰਬਈ ਪੁਲਸ ਨੇ ਹਨੂਮਾਨ ਚਾਲੀਸਾ ਪਾਠ ਵਿਵਾਦ ਕੇਸ ਵਿੱਚ ਆਜ਼ਾਦ ਪਾਰਲੀਮੈਂਟ ਮੈਂਬਰ ਨਵਨੀਤ ਰਾਣਾ ਅਤੇ ਉਨ੍ਹਾਂ ਦੇ ਵਿਧਾਇਕ ਪਤੀ ਰਵੀ ਰਾਣਾ ਦੇ ਖਿਲਾਫ ਧਾਰਾ 353 ਹੇਠ ਕੱਲ੍ਹ ਦੋਸ਼ ਪੱਤਰ ਦਾਖਲ ਕੀਤਾ ਹੈ। ਇਹ ਧਾਰਾ ਕਿਸੇ ਜਨਤਕ ਅਧਿਕਾਰੀ ਨੂੰ ਉਨ੍ਹਾਂ ਦੇ ਫਰਜ਼ ਦੀ ਪਾਲਣਾ ਕਰਨ ਤੋਂ ਰੋਕਣ ਬਾਰੇ ਹੈ। ਦੋਵੇਂ ਨੇਤਾ ਇਸ ਵੇਲੇ ਜ਼ਮਾਨਤ ਉੱਤੇ ਹਨ। ਮਾਮਲੇ ਦੀ ਜਾਂਚ ਕਰ ਰਹੀ ਖਾਰ ਪੁਲਸ ਨੇ ਬੋਰੀਵਲੀ ਉਪਨਗਰ ਵਿੱਚ ਧਾਰਾ 353 ਦੇ ਤਹਿਤ ਦਰਜ ਦੂਸਰੀ ਸ਼ਿਕਾਇਤ ਦੇ ਸਬੰਧ ਵਿੱਚ ਦੋਸ਼ ਪੱਤਰ ਦਾਖਲ ਕੀਤਾ ਹੈ।

ਰਾਣਾ ਜੋੜੇ ਨੇ ਇੱਥੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਦੀ ਨਿੰਜੀ ਰਿਹਾਇਸ਼ 'ਮਾਤੋਸ਼੍ਰੀ' ਦੇ ਬਾਹਰ ਹਨੂਮਾਨ ਚਾਲੀਸਾ ਦੇ ਪਾਠ ਦਾ ਐਲਾਨ ਕੀਤਾ ਸੀ, ਜਿਸ ਪਿੱਛੋਂ 23 ਅਪ੍ਰੈਲ ਨੂੰ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਐਲਾਨ ਪਿੱਛੋਂ ਠਾਕਰੇ ਦੀ ਪਾਰਟੀ ਸ਼ਿਵ ਸੈਨਾ ਦੇ ਕਾਰਕੁੰਨ ਭੜਕ ਗਏ ਅਤੇ ਤਣਾਅ ਬਣ ਗਿਆ ਸੀ। ਦੱਸਣਾ ਬਣਦਾ ਹੈ ਕਿ ਰਾਣਾ ਜੋੜੇ ਨੇ ਸ਼ਹਿਰ ਵਿੱਚ ਹੋਣ ਵਾਲੀ ਪ੍ਰਧਾਨ ਮੰਤਰੀ ਨਰਿੰਦਰਮੋਦੀ ਦੇ ਦੌਰੇ ਦੇ ਹਵਾਲੇ ਨਾਲ ਆਪਣੀ ਯੋਜਨਾ ਰੱਦ ਕਰ ਦਿੱਤੀ ਸੀ। ਰਾਣਾ ਜੋੜੇ ਖਿਲਾਫ ਧਾਰਾ 353 ਦੇ ਨਾਲ 153 (ਏ) ਅਤੇ 124-ਏ ਅਤੇ ਮੁੰਬਈ ਪੁਲਸ ਐਕਟ ਦੀ ਧਾਰਾ 135 ਦਾ ਕੇਸ ਵੀ ਦਰਜ ਕੀਤਾ ਗਿਆ ਸੀ। ਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਸੀ।

# ਵੁੱਡਬ੍ਰਿਜ ਵਿੱਚ ਇੱਕ ਵਿਅਕਤੀ ਨੂੰ ਕਾਰ ਵਿੱਚ ਹੀ ਮਾਰੀ ਗਈ ਗੋਲੀ

ਪੰਨਾ 1 ਦਾ ਬਾਕੀ

ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਪਾਇਆ ਕਿ ਇੱਕ ਵਿਅਕਤੀ ਨੂੰ ਗੋਲੀ ਲੱਗੀ ਹੈ। ਉਸ ਨੂੰ ਇਲਾਜ ਲਈ ਫੌਰਨ ਹਸਪਤਾਲ ਦੇ ਟਰੌਮਾ ਸੈਂਟਰ ਲਿਜਾਇਆ ਗਿਆ। ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਫਰਾਰ ਹੋਏ ਮਸ਼ਕੂਕਾਂ ਤੇ ਇੱਕ ਗੱਡੀ ਦੀ ਭਾਲ ਕਰ ਰਹੇ ਹਨ।

ਸਟਾਫ ਸਾਰਜੈਂਟ ਡੇਵਿਡ ਮਿਛੇਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਫੋਰੈਂਸਿਕ ਆਫੀਸਰਜ਼ ਮੌਕੇ ਉੱਤੇ ਮੌਜੂਦ ਹਨ ਤੇ ਸਬੂਤਾਂ ਦੀ ਭਾਲ ਕਰ ਰਹੇ ਹਨ। ਇਸ ਤੋਂ ਇਲਾਵਾ ਸੀਸੀਟੀਵੀ ਫੁਟੇਜ ਹਾਸਲ ਕਰਨ ਤੇ ਚਸ਼ਮਦੀਦਾਂ ਨੂੰ ਸਾਹਮਣੇ ਆਉਣ ਲਈ ਵੀ ਆਖਿਆ ਜਾ ਰਿਹਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW

# ਜ਼ਖਮੀ ਬਾਂਦਰੀ ਆਪਣੇ ਬੱਚੇ ਦੇ ਨਾਲ ਖੁਦ ਇਲਾਜ ਕਰਵਾਉਣ ਵਾਸਤੇ ਹਸਪਤਾਲ ਜਾ ਪੁੱਜੀ

ਰੋਹਤਾਸ, 9 ਜੂਨ (ਪੋਸਟ ਬਿਊਰੋ)- ਬਿਹਾਰ ਦੇ ਰੋਹਤਾਸ ਜ਼ਿਲ੍ਹੇ ਦੇ ਇੱਕ ਕਲੀਨਿਕ ਵਿੱਚ ਬੀਤੇ ਦਿਨੀਂ ਜ਼ਖਮੀ ਬਾਂਦਰੀ ਆਪਣੇ ਬੱਚੇ ਦੇ ਨਾਲ ਇਲਾਜ ਕਰਾਉਣ ਪਹੁੰਚ ਗਈ। ਇਸ ਦਾ ਵੀਡੀਓ ਇੰਟਰਨੈਟ ਮੀਡੀਆ ਉੱਤੇ ਵਾਇਰਲ ਹੋ ਰਿਹਾ ਹੈ, ਜਿਹੜਾ ਸ਼ਾਹਜੁਮਾ ਮੁਹੱਲੇ ਦੇ ਡਾਕਟਰ ਐਸ ਐਨ ਅਹਿਮਦ ਦੇ ਨਿੱਜੀ ਕਲੀਨਿਕ ਦਾ ਦੱਸਿਆ ਜਾਂਦਾ ਹੈ।



ਮਿਲੀ ਜਾਣਕਾਰੀ ਅਨੁਸਾਰ ਪੂਰੇ ਇਲਾਜ ਦੌਰਾਨ ਬਾਂਦਰੀ ਨੇ ਆਪਣਾ ਬੱਚਾ ਸੀਨੇ ਨਾਲ ਲਾਈ ਰੱਖਿਆ। ਡਾਕਟਰ ਦੇ ਮੁਤਾਬਕ ਬਾਂਦਰੀ ਨੂੰ ਕਿਸੇ ਕਾਰਨ ਸੱਟ ਲੱਗ ਗਈ ਸੀ। ਉਹ ਉਨ੍ਹਾਂ ਦੇ ਕਲੀਨਿਕ ਸਾਹਮਣੇ ਆ ਕੇ ਬੈਠ ਗਈ। ਇਹ ਦੇਖ ਕੇ ਡਾਕਟਰ ਨੇ ਉਸ ਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ ਤਾਂ ਉਹ ਆਪਣੇ ਬੱਚੇ ਨੂੰ ਸੀਨੇ ਨਾਲ ਚਿਪਕਾਈ ਖੁਦ ਹੀ ਜਾ ਕੇ ਡਾਕਟਰ ਦੇ ਕੋਲ ਪਏ ਸਟੂਲ ਉੱਤੇ ਬੈਠ ਗਈ। ਜਦ ਡਾਕਟਰ ਨੇ ਜ਼ਖਮ ਸਾਫ ਕਰਨ ਲਈ ਮਲ੍ਹਮ ਪੱਟੀ ਕੱਢੀ ਤਾਂ ਆਰਾਮ ਨਾਲ ਸਫਾਈ ਕਰਾਉਣ ਲੱਗੀ। ਇਲਾਜ ਵੇਲੇ ਬਾਂਦਰੀ ਨੇ ਇੱਕ ਪਲ ਵੀ ਆਪਣੇ ਬੱਚੇ ਨੂੰ ਖੁਦ ਤੋਂ ਵੱਖ ਨਹੀਂ ਹੋਣ ਦਿੱਤਾ। ਡਾਕਟਰ ਨੇ ਵੀ ਉਸ ਦੀ ਮੱਲ੍ਹਮ ਪੱਟੀ ਕਰ ਕੇ ਬਾਹਰ ਭੇਜ ਦਿੱਤਾ।ਇਸ ਦੌਰਾਨ ਉਸ ਨੂੰ ਦੇਖਣ ਲਈ ਕਲੀਨਿਕ ਵਿੱਚ ਭਾਰੀ ਭੀੜ ਇਕੱਠੀ ਹੋ ਗਈ। ਲੋਕ ਆਪਣੇ-ਆਪਣੇ ਫੋਨ ਨਾਲ ਉਸ ਦੀ ਵੀਡੀਓ ਬਣਾ ਰਹੇ ਸਨ। ਇਨ੍ਹਾਂ ਸਭ ਤੋਂ ਬੇਪ੍ਰਵਾਹ ਬਾਂਦਰੀ ਇਲਾਜ ਦੇ ਬਾਅਦ ਖੁਦ ਹੀ ਬੱਚੇ ਦੇ ਨਾਲ ਬਾਹਰ ਨਿਕਲ ਗਈ।

## ਪੰਜਾਬੀ ਖੇਡ ਸਾਹਿਤ-97

# ਨਰਿੰਦਰ ਸਿੰਘ ਕਪੂਰ ਦੇ ਖੇਡਕਥਨ

-ਪ੍ਰਿੰ. ਸਰਵਣ ਸਿੰਘ-

ਨਰਿੰਦਰ ਸਿੰਘ ਕਪੂਰ ਵਿਲੱਖਣ ਵਾਰਤਕ ਦਾ ਖਿਡਾਰੀ ਹੈ। ਚਕਾਚੌਂਧ ਕਰਦੇ ਫਿਕਰਿਆਂ ਦਾ ਸਿਰਜਕ! ਅਖੇ ਵਾਰਤਕ ਟੁਰਦੀ ਹੈ, ਕਵਿਤਾ ਨੱਚਦੀ ਹੈ, ਆਲੋਚਨਾ ਪਰੇਡ ਕਰਦੀ ਹੈ। ਵਾਰਤਕ ਦੀ ਉਡਾਣ ਦੂਰ ਤਕ ਹੁੰਦੀ ਹੈ, ਕਵਿਤਾ ਦੀ ਬਹੁਤ ਉੱਚੀ। ਉਸ ਦੇਖੇਡਕਥਨ, ਖੇਡ ਮੈਦਾਨਾਂ ਦੀਆਂ ਕੰਧਾਂ ਅਤੇ ਸਟੇਡੀਅਮਾਂ ਦੀਆਂ ਪੌੜੀਆਂ 'ਤੇ ਲਿਖੇ ਜਾਣ ਲੱਗੇ ਹਨ। ਇਹਦਾ ਤੋਰਾ ਅਸੀਂ ਆਪਣੇ ਪਿੰਡ ਚਕਰ ਦੇ ਸਕੂਲ ਤੇ ਸਪੋਰਟਸ ਅਕੈਡਮੀ ਤੋਂ ਤੋਰਿਆ ਸੀ। ਮਸਲਨ:ਓਲੰਪਿਕਸ ਵਿਚ ਸੌ ਮੀਟਰ ਦੀ ਦੌੜ, ਦੌੜ ਨਹੀਂ; ਧਰਤੀ ਉਤੇ ਕੁਝ ਸਕਿੰਟਾਂ ਦੀ ਉਡਾਣ ਹੁੰਦੀ ਹੈ।ਕੁਸ਼ਤੀ-ਕਬੱਡੀ ਗਰੀਬਾਂ ਦੀਆਂ ਖੇਡਾਂ ਹਨ, ਹੋਰਨਾਂ ਖੇਡਾਂ ਲਈ ਸਾਮਾਨ ਦੀ ਲੋੜ ਪੈਂਦੀ ਹੈ ਪਰ ਇਨ੍ਹਾਂ ਖੇਡਾਂ 'ਚ ਕਪੜੇ ਵੀ ਲਾਹੁਣੇ ਪੈਂਦੇ ਹਨ।ਜਿੱਤਣ ਵਾਲੇ ਦੇ ਗਲ 'ਚ 'ਹਾਰ' ਇਸ ਲਈ ਪਾਏ ਜਾਂਦੇ ਹਨ ਤਾਂ ਕਿ ਉਹ ਜਿੱਤਾਂ ਨੂੰ ਹੀ ਨਹੀਂ, 'ਹਾਰਾਂ' ਨੂੰ ਵੀ ਯਾਦ ਰੱਖੇ।ਖੇਡਾਂ ਕਸਰਤ ਹੀ ਨਹੀਂ ਹੁੰਦੀਆਂ, ਇਹ ਮਨੁੱਖ ਵਿਚ ਆਪਸੀ ਸਦਭਾਵਨਾ ਅਤੇ ਜਿੱਤ ਦਾ ਭਰੋਸਾ ਉਪਜਾਉਂਦੀਆਂ ਹਨ।ਓਲੰਪਿਕਸ ਵਿਚ ਭਾਗ ਲੈਣ ਵਾਲੇ, ਚਾਰ ਸਾਲ ਦਾ ਗਰਭ ਹੰਢਾਉਂਦੇ ਹਨ।ਖੇਡਾਂ ਵਿਚ ਜਿੱਤ ਕਦੇ-ਕਦੇ ਹੁੰਦੀ ਹੈ, ਹਾਰ ਹੁੰਦੀ ਹੀ ਰਹਿੰਦੀ ਹੈ।

ਫੈਸਲਾਕੁਨ ਪੜਾਓ ਵਿਚ, ਫੁੱਟਬਾਲ ਦੀ ਖੇਡ, ਗੋਲਕੀਪਰ ਦੇ ਆਲੇ ਦੁਆਲੇ ਘੁੰਮਣ ਲੱਗ ਪੈਂਦੀ ਹੈ।ਚੈਂਪੀਅਨ ਨੂੰ ਅਸਫਲਤਾ ਦਾ ਡਰ ਹੁੰਦਾ ਹੈ, ਬਾਕੀਆਂ ਨੂੰ ਜਿੱਤਣ ਦਾ ਲਾਲਚ ਹੁੰਦਾ ਹੈ।ਸ਼ੈਂਪੇਨ ਜੇਤੂਆਂ ਲਈ ਹੁੰਦੀ ਹੈ, ਹਾਰਿਆਂ ਲਈ ਸ਼ਰਾਬ ਹੁੰਦੀ ਹੈ।ਪਿਆਰ ਦੀ ਖੇਡ ਵਿਚ, ਇਸਤਰੀ ਕੋਲ ਦਰਜਨਾਂ ਪੈਂਤੜੇ ਅਤੇ ਸੈਂਕੜੇ ਦਾਓ-ਪੇਚ ਹੁੰਦੇ ਹਨ।ਸੰਸਾਰ ਦੀ ਸਭ ਤੋਂ ਮਹਿੰਗੀ ਖੇਡ, ਯੁੱਧ ਕਹਿਲਾਉਂਦੀ ਹੈ।ਖੇਡ ਦੇ ਅਰਥ ਖੇਡਣ ਤੋਂ ਹਨ; ਜਦੋਂ ਖੇਡ, ਮੁਕਾਬਲਾ ਬਣ ਜਾਵੇ, ਖੇਡ ਗੁਆਚ ਜਾਂਦੀ ਹੈ ਅਤੇ ਦਿਲਚਸਪੀ ਖੇਡ ਵਿਚ ਨਹੀਂ, ਜਿੱਤ-ਹਾਰ ਵਿਚ ਰਹਿ ਜਾਂਦੀਹੈ।ਖੇਡਾਂ ਵਿਚ ਇਕ ਦੀ ਜਿੱਤ, ਕਈਆਂ ਦੀ ਹਾਰ 'ਤੇ ਉੱਸਰੀ ਹੁੰਦੀ ਹੈ। ਹਾਰਨ ਵਿਚ ਖਿਡਾਰੀਆਂ ਦਾ ਕੋਈ ਦੋਸ਼ ਨਹੀਂ ਹੁੰਦਾ; ਦੋਸ਼ ਉਨ੍ਹਾਂ ਵਿਚ ਹੁੰਦਾ ਹੈ, ਜਿਹੜੇ ਹਰ ਵਾਰੀ ਉਨ੍ਹਾਂ ਨੂੰ ਜਿੱਤਦੇ ਹੀ ਵੇਖਣਾ ਚਾਹੁੰਦੇ ਹੁੰਦੇ ਹਨ। ਖੇਡਾਂ ਅਸਲ ਜੀਵਨ ਨਹੀਂ ਹੁੰਦੀਆਂ, ਪਰ ਇਹ ਅਸਲ ਜੀਵਨ ਲਈ ਬੜੀ ਪੱਕੀ ਤਿਆਰੀ ਹੁੰਦੀਆਂ ਹਨ...।

ਨਰਿੰਦਰ ਸਿੰਘ ਕਪੂਰ ਪੰਜਾਬੀ ਦਾ ਪਾਪੂਲਰ ਲੇਖਕ ਹੈ। ਨਵੇਕਲੀ ਵਾਰਤਕ ਦਾ ਅਫ਼ਲਾਤੂਨ! ਉਹਦੇ ਪਾਠਕਹਜ਼ਾਰਾਂ ਦੀ ਗਿਣਤੀ ਵਿਚ ਹਨ। ਉਹਦੀਆਂ ਕਿਤਾਬਾਂ ਗਰਮ ਪਕੌੜਿਆਂ ਤੇ ਤਾਜ਼ਾ ਜਲੇਬੀਆਂ ਵਾਂਗ ਵਿਕਦੀਆਂ ਹਨ।ਉਸ ਦੇਅਜਿਹੇ ਫਿਕਰੇਉਹਦੇ ਫੈਨ ਨੋਟਬੁੱਕਾਂ 'ਚ ਨੋਟ ਕਰਦੇ ਰਹਿੰਦੇ ਹਨ: ਕਾਰਲ ਮਾਰਕਸ, ਰੱਬ ਨੂੰ ਨਾ ਮੰਨਣ ਵਾਲਿਆਂ ਦਾ ਰੱਬ ਹੈ। ਜਿਸ ਪਿਆਰ ਵਿਚ ਕੋਈ ਖ਼ਤਰਾ ਨਹੀਂ ਹੁੰਦਾ, ਉਹ ਵਿਆਹ ਹੁੰਦਾ ਹੈ। ਹੱਸਣ ਮਗਰੋਂ ਚਿਹਰਾ ਪੂੰਝਣਾ ਨਹੀਂ ਪੈਂਦਾ, ਰੋਣ ਮਗਰੋਂ ਧੋਣਾ ਵੀ ਪੈਂਦਾ ਹੈ। ਭਾਰਤੀ ਧਰਮਾਂ ਨੇ ਧਨ ਦੀ ਨਿੰਦਾ ਕਰ-ਕਰ ਕੇ, ਇਸ ਦਾ ਲਾਲਚ ਵਧਾ ਦਿੱਤਾ ਹੈ। ਆਪਣਾ ਭਵਿੱਖ ਜੋਤਸ਼ੀਆਂ ਤੋਂ ਪੁੱਛਣ ਵਾਲਿਆਂ ਦਾ ਕੋਈ ਭਵਿੱਖ ਹੁੰਦਾ ਹੀ ਨਹੀਂ। ਸੰਬੰਧ ਵਿਗੜੇ ਹੋਣ ਤਾਂ ਸਧਾਰਨ ਸ਼ਬਦ ਵੀ ਵਿਅੰਗ ਪ੍ਰਤੀਤ ਹੁੰਦੇ ਹਨ। ਇਕ ਸੰਸਾਰ ਵਿਚ ਅਸੀਂ ਜਿਊਂਦੇ ਹਾਂ, ਇਕ ਸੰਸਾਰ ਸਾਡੇ ਵਿਚ ਜਿਊਂਦਾ ਹੈ। ਕੁੜੀਆਂ ਨੂੰ ਵਿਆਹ ਵਾਲਾ ਜੀਵਨ ਨਹੀਂ, ਵਿਆਹ ਵਾਲਾ ਸਮਾਗਮ ਚੰਗਾ ਲਗਦਾ ਹੈ...।

2021 ਵਿਚ ਉਸ ਦੀ ਸਵੈਜੀਵਨੀ 'ਧੁੱਪਾਂ-ਛਾਵਾਂ' ਛਪੀ। ਉਸ ਦੇ ਸਰਵਰਕ ਉਤੇ ਛਪਿਆ ਹੈ: ਇਹ ਮੇਰੀ ਜ਼ਿੰਦਗੀ ਦੀਆਂ ਧੁੱਪਾਂ-ਛਾਵਾਂ ਦੀ ਸੰਖੇਪ ਕਹਾਣੀ ਹੈ। ਮੇਰੇ ਬਚਪਨ ਵਿਚ ਮੁਸ਼ਕਿਲਾਂ ਸਨ ਪਰ ਅਸੰਭਵ ਕੁਝ ਨਹੀਂ ਸੀ। ਜਵਾਨੀ ਵਿਚ ਹਾਰਾਂ ਅਤੇ ਅਸਫਲਤਾਵਾਂ ਅਨੇਕਾਂ ਸਨ ਪਰ ਅਵਸਰਾਂ ਅਤੇ ਅਨੁਭਵਾਂ ਦੀਆਂ ਡੂੰਘੀਆਂ ਸਿੱਖਰਾਂ ਦੀ ਵੀ ਭਰਮਾਰ ਸੀ। ਜ਼ਿੰਦਗੀ ਦੀ ਹਰ ਸਵੇਰ ਵਿਚ ਸੱਜਰੀ ਉਮੀਦ ਸੀ। ਮਸ਼ਾਲਾਂ ਵਰਗੇ ਸਾਥੀਆਂ ਅਤੇ ਫੁਲਕਾਰੀਆਂ ਵਰਗੀਆਂ ਨਾਰਾਂ ਨੇ ਮੇਰੀਆਂ ਉਦਾਸੀਆਂ ਵਿਚ ਸ਼ਿੱਦਤ ਅਤੇ ਮਾਯੂਸੀਆਂ ਵਿਚ ਰੌਣਕ ਭਰੀ ਹੈ। ਜਿੱਤ ਦੇ ਭਰੋਸੇ ਵਾਲੀ ਇਹ ਸਵੈਜੀਵਨੀ ਜ਼ਿੰਦਗੀ ਦੀਆਂ ਵੰਗਾਰਾਂ ਅਤੇ ਚਣੌਤੀਆਂ ਵਿਚੋਂ ਤਲਾਸ਼ੇ ਅਵਸਰਾਂ ਦੀ ਦਾਸਤਾਨ ਹੈ, ਜਿਸ ਵਿਚ ਖੁੱਲ੍ਹੀਆਂ ਅੱਖਾਂ ਨਾਲ ਵੇਖੇ ਸੁਪਨਿਆਂ ਦੇ ਰੰਗ ਅਤੇ ਜੀਵਨ ਵਿਚ ਕਮਾਏ ਅਤੇ ਮਾਣੇ ਝੂਟਿਆਂ ਦੇ ਹੁਲਾਰੇ ਹਨ।

ਉਸ ਦੀਆਂ ਪਹਿਲਾਂ ਛਪੀਆਂਪੁਸਤਕਾਂ ਦੇ ਨਾਂ ਹਨ: ਸੱਚੋ-ਸੱਚ, ਦਰ-ਦਰਵਾਜ਼ੇ, ਰਾਹ-ਰਸਤੇ, ਮਾਲਾ ਮਣਕੇ, ਮਾਲਾ ਮਣਕੇ ਭਾਗ ਦੂਜਾ, ਕੱਲਿਆਂ ਦਾ ਕਾਫ਼ਲਾ, ਖਿੜਕੀਆਂ, ਕੁੰਜੀਆਂ, ਬੁਨਿਆਦਾਂ, ਡੂੰਘੀਆਂ ਸਿਖਰਾਂ, ਅੰਤਰ-ਝਾਤ, ਆਹਮੋ-ਸਾਹਮਣੇ, ਬੂਹੇ-ਬਾਰੀਆਂ, ਸੁਖ਼ਨ-ਸੁਨੇਹੇ, ਮੇਲ-ਜੋਲ, ਵਿਆਖਿਆ ਵਿਸ਼ਲੇਸ਼ਣ, ਤਰਕਵੇਦ, ਰੋਸ਼ਨੀਆਂ, ਨਿੱਕੀਆਂ-ਨਿੱਕੀਆਂ ਗੱਲਾਂ, ਮੇਲ-ਜੋਲ ਤੇ ਸ਼ੁਭ ਇੱਛਾਵਾਂ। ਉਸ ਨੇ ਆਲੋਚਨਾ ਤੇ ਖੋਜਦੀਆਂ ਚਾਰ ਪੁਸਤਕਾਂ ਲਿਖਣ ਨਾਲ ਪੰਜ ਪੁਸਤਕਾਂ ਦੇ ਅਨੁਵਾਦ ਵੀ ਛਪਵਾਏ ਹਨ।ਉਹਦੀ ਸਵੈਜੀਵਨੀ ਇੰਜ ਤੁਰਦੀ ਹੈ: ਆਪਣੀ ਸਵੈਜੀਵਨੀ ਵਿਚ ਮੈਂ ਆਪਣੇ ਬਚਪਨ ਦੇ ਵੇਰਵੇ ਵਿਸਥਾਰ ਨਾਲ ਦਰਜ ਕੀਤੇ ਹਨ ਕਿਉਂਕਿ ਮੇਰਾ ਬਚਪਨ ਆਮ ਬੱਚਿਆਂ ਦੇ ਬਚਪਨ ਤੋਂ ਵੱਖਰੀ ਭਾਂਤ ਦਾ ਸੀ। ਜਿਹੜਾ ਆਮ ਬੱਚਿਆਂ ਲਈ ਖੇਡਣ ਦਾ ਸਮਾਂ ਸੀ, ਉਹ ਮੇਰੇ ਲਈ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਭਾਂਤ-ਭਾਂਤ ਦੇ ਕੰਮ ਕਰਨ ਦਾ ਸਮਾਂ ਸੀ, ਜਿਸ ਤੋਂ ਨਿਆਰੇ ਅਨੁਭਵ ਪ੍ਰਾਪਤ ਹੁੰਦੇ ਰਹੇ।

ਬਚਪਨ ਵਿਚ ਹੀ ਮੈਂ ਇਕ ਅਖ਼ਬਾਰ ਵਿਚ ਕੰਮ ਕਰਨ ਲੱਗ ਪਿਆ ਸਾਂ ਅਤੇ ਅਜਿਹਾ ਵਾਪਰਨਾ ਮੇਰੇ ਜੀਵਨ ਵਿਚ ਇਕ ਸੁਨਹਿਰੀ ਮੋੜ ਸੀ, ਕਿਉਂਕਿ ਇਥੇ ਕੰਮ ਕਰਦਿਆਂ ਸਾਰਾ ਸੰਸਾਰ ਮੇਰੇ ਸਾਹ-ਮਣੇ ਖੁੱਲ੍ਹ ਗਿਆ ਸੀ। ਇਸ ਅਨੁਭਵ ਦੀ ਬਦੌਲਤ ਹੀ ਮੈਂ ਜਰਨਲਿਜ਼ਮ ਦੇ ਵਿਸ਼ੇ 'ਤੇ ਪੀਐਚਡੀ ਕੀਤੀ, ਲਿਖਣਾ ਆਰੰਭਿਆ ਅਤੇ ਜਰਨਲਿਜ਼ਮ ਦਾ ਪ੍ਰੋਫ਼ੈਸਰ ਬਣਿਆ। ਸਕੂਲ ਵਿਚ ਗੁਜ਼ਾਰਿਆ ਸਮਾਂ ਬੜਾ ਦਿਲਚਸਪ, ਰੰਗੀਨ ਅਤੇ ਯਾਦਗਾਰੀ ਅਨੁਭਵ ਸੀ। ਬਿਜਲੀ ਬੋਰਡ ਅਤੇ ਬੈਂਕ ਵਿਚ ਗੁਜ਼ਾਰਿਆ ਸਮਾਂ, ਯੂਨੀਵਰਸਿਟੀ ਵਿਚ ਦਾਖਲ ਹੋ ਕੇ ਪੜ੍ਹਨ ਲਈ ਤਿਆਰੀਅਤੇ ਮਾਇਕ ਸਰੋਤ ਜੁਟਾਉਣ ਦਾ ਸਮਾਂ ਸੀ। ਮੇਰੇ ਜੀਵਨ ਵਿਚ ਯੂਨੀਵਰਸਿਟੀ ਵਿਚ ਦਾਖਲ ਹੋ ਕੇ ਕੀਤੀ ਐਮਏ ਅੰਗਰੇਜ਼ੀ ਦੀ ਪੜ੍ਹਾਈ ਲਲਾਰੀ ਦਾ ਉਹ ਤੱਸਲਾ ਸਾਬਤ ਹੋਈ, ਜਿਥੇ ਮੇਰੇ ਖੱਦਰ ਉਤੇ ਰੇਸ਼ਮੀ ਰੰਗ ਚੜ੍ਹਿਆ ਸੀ। ਤਿੰਨ ਕਾਲਜਾਂ ਵਿਚ ਅਧਿਆਪਨ ਕਰਨਾ ਅਤੇ ਅਗਲੇਰੀ ਪੜ੍ਹਾਈ ਜਾਰੀ ਰੱਖਣਾ, ਯੂਨੀਵਰਸਿਟੀ ਵਿਚ ਮੇਰੀ ਨਿਯੁਕਤੀ ਦਾ ਕਾਰਨ ਬਣਿਆ। ਯੂਨੀਵਰਸਿਟੀ ਵਿਚ ਪਹਿਲਾਂ ਹੀ ਨਿਯੁਕਤ, ਲੜਕੀ ਨਾਲ ਮੇਰੇ ਵਿਆਹ ਨਾਲ ਬਣੀ ਪਤਨੀ, ਮੇਰੀ ਜ਼ਿੰਦਗੀ ਦੀ ਬਰਕਤ ਸਾਬਤ ਹੋਈ। ਮੇਰੇ ਪੀਐਚਡੀ ਕਰਦਿਆਂ ਹੀ 'ਪੰਜਾਬੀ ਟ੍ਰਿਬਿਊਨ' ਦਾ ਆਰੰਭ ਹੋਣਾ ਮੇਰੇ ਲਈ ਵਰਦਾਨ ਹੋਇਆ, ਜਿਸ ਵਿਚ ਮੈਂ ਦਾਰਸ਼ਨਿਕ ਅਤੇ ਮਨੋਵਿ-ਗਿਆਨਕ ਵਾਰਤਕ ਦੀ ਰਚਨਾ ਕਰਦਾ ਤੇ ਛਪਵਾਉਂਦਾ ਰਿਹਾ। ਇਵੇਂ ਮੇਰਾ ਪਾਠਕ-ਵਰਗ ਉਸਰਦਾ ਗਿਆ। ਯੂਨੀਵਰਸਿਟੀ ਵਿਚ ਮੇਰੀ ਕਲਾਸ ਵਿਚ ਤੀਹ ਵਿਦਿਆਰਥੀ ਹੁੰਦੇ ਸਨ ਪਰੰਤੂ 'ਪੰਜਾਬੀ ਟ੍ਰਿਬਿਊਨ' ਰਾਹੀਂ ਸੈਂਕੜੇ-ਹਜ਼ਾਰਾਂ ਪਾਠਕ-ਵਿਦਿਆਰਥੀ ਮੇਰੇ ਸੰਪਰਕ ਵਿਚ ਆਏ।

ਪੁਰਸ਼ਾਂ ਦੇ ਮੁਕਾਬਲੇ ਮਿਲਣ ਵਾਲੀਆਂ ਇਸਤਰੀਆਂ ਵਧੇਰੇ ਦਿਲਚਸਪ ਅਤੇ ਗੁੰਝਲਦਾਰ ਸਨ। ਕੁਝ ਲੜਾਕੀਆਂ ਅਤੇ ਨਿਰਮੋਹੀਆਂ ਸਨ ਪਰ ਬਹੁਤੀਆਂ ਮਮਤਾ ਦੀਆਂ ਮੂਰਤੀਆਂ ਸਨ। ਕਈ ਸੋਹਣੀਆਂ, ਸੁਨੱਖੀਆਂ, ਸਿਆਣੀਆਂ ਅਤੇ ਮਿਹਰਬਾਨ ਇਸਤਰੀਆਂ ਦੇ ਸੰਪਰਕ ਵਿਚ ਆਉਣ ਦਾ ਅਵਸਰ ਮਿਲਿਆ। ਕਈਆਂ ਨੂੰ ਮੈਂ ਪਿਆਰ ਕੀਤਾ ਪਰ ਕਿਸੇ ਨੇ ਮੈਨੂੰ ਪਿਆਰ ਕਰਨ ਯੋਗ ਨਹੀਂ ਸਮਝਿਆ। ਇਸ ਮਾਯੂਸੀ ਅਤੇ ਉਦਾਸੀ ਕਾਰਨ ਪਏ ਘਾਟੇ ਨੂੰ, ਨਫ਼ੇ ਵਿਚ ਬਦਲਣ ਲਈ, ਮੈਂ ਫ਼ਿਲਾਸਫ਼ੀ ਵੱਲ ਝੁਕਿਆ। ਲਿਖਣ ਜਾਂ ਪੜ੍ਹਨ ਵਾਸਤੇ ਮੈਨੂੰ ਮੂਡ ਬਣਾਉਣ ਦੀ ਲੋੜ ਨਹੀਂ ਪੈਂਦੀ। ਮੈਨੂੰ ਪਤਵੰਤਿਆਂ ਦੀ ਥਾਂ ਸਾਧਾਰਨ ਇਸਤਰੀਆਂ ਅਤੇ ਪੁਰਸ਼ ਚੰਗੇ ਲੱਗਦੇ ਹਨ। ਸਮੁੱਚੇ ਰੂਪ ਵਿਚ ਮੈਂ ਸਾਧਾਰਨ, ਸਰਲ ਅਤੇ ਸੰਜਮੀ ਆਦਤਾਂ ਵਾਲਾ ਔਸਤ ਵਿਅਕਤੀ ਹਾਂ, ਇਵੇਂ ਤੁਹਾਡੇ ਹੱਥ ਵਿਚ ਇਕ ਸਾਧਾਰਨ ਵਿਅਕਤੀ ਦੀ ਸਵੈਜੀਵਨੀ ਹੈ। ਮੇਰੇ ਕਹਿਣ 'ਤੇ ਉਸ ਨੇ ਆਪਣੇ ਜੀਵਨ ਵਿਚ ਖੇਡਾਂ ਬਾਰੇ ਵੀਆਪਣੀ ਸੁੰਦਰ ਹੱਥਲਿਖਤ ਭੇਜੀ ਜੋ ਉਸ ਦੀ ਸਵੈਜੀਵਨੀ 'ਚ ਨਵਾਂ ਵਾਧਾ ਹੈ:

ਮੇਰੇ ਜੀਵਨ ਦੀਆਂ ਖੇਡਾਂ

ਦੇਸ਼ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ ਅਤੇ ਅਸੀਂ ਉਜਾੜੇ ਦਾ ਸੰਤਾਪ ਭੋਗ ਰਹੇ ਸਾਂ। ਮੇਰੀ ਜਿਹੜੀ ਉਮਰ ਨਾਲ ਖਿਡੌਣਿਆਂ ਦਾ ਸੰਬੰਧ ਹੋਣਾ ਸੀ, ਉਹ ਸਮਾਂ ਅਸੀਂ ਮਜਬੂਰੀਆਂ ਅਤੇ ਮਾਯੂਸੀਆਂ ਨਾਲ ਜੂਝਦੇ ਰਹੇ। ਲਗਭਗ ਪੰਦਰ੍ਹਾਂ ਸਾਲ ਉੱਜੜੇ ਹੋਏ ਸ਼ਰਨਾਰਥੀਆਂ ਨੂੰ ਆਪਣੇ ਪੈਰਾਂ 'ਤੇ ਖਲੋਣ ਵਿਚ ਲੱਗ ਗਏ। ਮੈਨੂੰ ਯਾਦ ਹੈ ਕਿ ਰਸੋਈ ਦੇ ਥੋੜ੍ਹੇ ਜਿਹੇ ਭਾਂਡਿਆਂ ਨੂੰ ਇਕ ਲਾਈਨ ਵਿਚ ਰੱਖ ਕੇ ਕੜਛੀ ਜਾਂ ਚਮਚੇ ਨਾਲ ਉਨ੍ਹਾਂ ਨੂੰ ਵਜਾਉਂਦੇ ਸਾਂ। ਇਹ ਮੇਰਾ ਜਲਤਰੰਗ ਸੀ। ਹਰੇਕ ਕੌਲੀ-ਗਲਾਸ ਦਾ ਆਕਾਰ ਅਤੇ ਰੂਪ ਵੱਖਰਾ ਹੋਣ ਕਰਕੇ ਆਵਾਜ਼ਾਂ ਵੱਖਰੀਆਂ ਹੁੰਦੀਆਂ ਸਨ। ਮੈਂ ਮਹਿਸੂਸ ਕੀਤਾ ਹੈ ਕਿ ਖੇਡ ਖਿਡੌਣਿਆਂ ਵਿਚ ਨਹੀਂ ਹੁੰਦੀ, ਖੇਡ ਬੱਚੇ ਦੇ ਅੰਦਰ ਹੁੰਦੀ ਹੈ ਅਤੇ ਬੱਚੇ ਨੂੰ ਜੋ ਕੁਝ ਵੀ ਮਿਲੇ, ਉਹ ਉਸੇ ਨਾਲ ਖੇਡ ਸਿਰਜ ਲੈਂਦਾ ਹੈ। ਕੁਝ ਬੱਚੇ ਲੁਡੋ ਖੇਡਦੇ ਸਨ, ਜਿਸ ਵਿਚ ਸੱਪਾਂ ਨਾਲ ਥੱਲੇ ਲੁੜ੍ਹਕਣ ਅਤੇ ਪੌੜੀਆਂ ਨਾਲ ਉਪਰ ਜਾਇਆ ਜਾਂਦਾ ਸੀ। ਅਸੀਂ ਸ਼ਰਨਾਰਥੀ ਕੈਂਪ ਵਿਚ ਰਹਿੰਦੇ ਸਾਂ, ਜਿਥੇ ਸੰਗਰਾਂਦ-ਪੂਰਨਮਾਸ਼ੀ ਵਾਲੇ ਦਿਨ ਸਾਡੀ ਮਾਂ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਲੰਗਰ ਦੀ ਸੇਵਾ ਕਰਨ ਚਲੀ ਜਾਇਆ ਕਰਦੀ ਸੀ ਅਤੇ ਅਸੀਂ ਦੁਪਹਿਰ ਦਾ ਅਤੇ ਕਈ ਵਾਰ ਸਵੇਰ ਦਾ ਬਚਿਆ ਲੰਗਰ ਰਾਤ ਨੂੰ ਖਾਣ ਲਈ ਗੁਰਦੁ-ਆਰੇ ਪਹੁੰਚਣ ਲਈ ਦੌੜ ਕੇ ਜਾਇਆ ਕਰਦੇ ਸਾਂ। ਕੈਂਪ ਤੋਂ ਗੁਰਦੁਆਰਾ ਲਗਭਗ ਤਿੰਨ ਫਰਲਾਂਗ ਦੂਰ ਸੀ ਪਰ ਜਾਂਦੇ ਅਸੀਂ ਦੌੜ ਕੇ ਹੀ ਸਾਂ, ਇਹ ਸਾਡਾ ਅਥਲੈਟਿਕ ਮੁਕਾਬਲਾ ਹੁੰਦਾ ਸੀ।

ਜਦੋਂ ਸਾਨੂੰ ਸ਼ਹਿਰ ਵਿਚ ਇਕ ਛੋਟਾ ਜਿਹਾ ਮਕਾਨ ਅਲਾਟ ਹੋ ਗਿਆ ਤਾਂ ਅਸੀਂ ਰਾਤ ਵੇਲੇ ਘਰ ਦੇ ਨੇੜਲੇ ਗੁਰਦੁਆਰੇ ਜਾਂਦੇ ਸਾਂ। ਗੁਰਦੁਆਰੇ ਅੰਦਰ ਖੁੱਲ੍ਹੀ ਥਾਂ ਸੀ ਜਿਥੇ ਬੱਚੇ ਰਲ ਕੇ ਲੁਕਣ-ਮੀਟੀ ਖੇਡਦੇ ਸਨ। ਅਸਲ ਗੱਲ ਇਹ ਸੀ ਕਿ ਗੁਰਦੁਆਰੇ ਅੰਦਰ ਬੈਠੇ ਬਾਬੇ ਅਸੀਂ ਆਪਸ ਵਿਚ ਵੰਡੇ ਹੋਏ ਸਨ। ਕੀਰਤਨ ਸਾਨੂੰ ਸਮਝ ਨਹੀਂ ਸੀ ਪੈਂਦਾ, ਜਿਸ ਕਾਰਨ ਅਸੀਂ ਬਾਹਰ ਖੇਡਦੇ ਸਾਂ ਪਰ ਸਾਨੂੰ ਪਛਾਣ ਸੀ ਕਿ ਤੇਜ਼-ਤੇਜ਼ ਗਾਏ ਜਾਣ ਵਾਲੇ ਅਨੰਦ ਸਾਹਿਬ ਮਗਰੋਂ ਅਰਦਾਸ ਹੁੰਦੀ ਸੀ ਜਿਸ ਮਗਰੋਂ ਪ੍ਰਸ਼ਾਦ ਮਿਲਦਾ ਸੀ। ਅਸੀਂ ਅਰਦਾਸ ਵੇਲੇ ਆਪਣੇ ਬਾਬੇ ਕੋਲ ਪਹੁੰਚ ਜਾਂਦੇ ਸਾਂ। ਸਾਨੂੰ ਆਪਣਾ ਪ੍ਰਸ਼ਾਦ ਤਾਂ ਮਿਲਦਾ ਹੀ ਸੀ, ਬਾਬੇ ਵੀ ਆਪਣਾ ਪ੍ਰਸ਼ਾਦ ਦੇ ਦਿੰਦੇ ਸਨ। ਬਚਪਨ ਦੌਰਾਨ ਸਾਡਾ ਧਿਆਨ ਖੇਡਾਂ ਵੱਲ ਨਹੀਂ, ਕੁਝ ਖਾਣ-ਪੀਣ ਵੱਲ ਵਧੇਰੇ ਹੁੰਦਾ ਸੀ। ਭੁੱਖ ਲੱਗੀ ਹੀ ਰਹਿੰਦੀ ਸੀ, ਜਿਥੋਂ ਜੋ ਮਿਲ ਜਾਂਦਾ ਸੀ, ਉਸ ਨੂੰ ਸੁਆਦ ਨਾਲ ਖਾ ਲਿਆ ਜਾਂਦਾ ਸੀ। ਹੋਰ ਬੱਚਿਆਂ ਨਾਲ ਗੁਜ਼ਾਰੇ ਇਸ ਸਮੇਂ ਦੌਰਾਨ ਅਸੀਂ ਲਾਪ੍ਰਵਾਹ ਤੇ ਬੇਪ੍ਰਵਾਹ ਹੁੰਦੇ ਸਾਂ। ਦੌੜ ਭੱਜ ਹੋਣ ਕਾਰਨ ਸਾਨੂੰ ਸਭ ਕੁਝ ਸੌਖਿਆਂ ਹੀ ਹਜ਼ਮ ਹੋ ਜਾਂਦਾ ਸੀ।

ਉਜਾੜੇ ਕਾਰਨ ਵੱਡੀ ਗਿਣਤੀ ਵਿਚ ਸ਼ਰਨਾਰਥੀ ਪਟਿਆਲੇ ਆਏ ਸਨ। ਇਵੇਂ ਜੀਵਨ ਦੇ ਮੁੱਢਲੇ ਸਾਲ, ਹੋਰਾਂ ਵਾਂਗ ਮੈਂ ਵੀ ਗਰੀਬੀ ਅਤੇ ਮਜਬੂਰੀਆਂ ਨਾਲ ਖੇਡਦਾ ਰਿਹਾ। ਉਂਜ ਉਸ ਵੇਲੇ ਦੀਆਂ ਖੇਡਾਂ ਵਿਚ ਮੁੰਡਿਆਂ ਲਈ ਗੁੱਲੀ-ਡੰਡਾ ਅਤੇ ਬੰਟੇ ਖੇਡੇ ਜਾਂਦੇ ਸਨ। ਕੁੜੀਆਂ ਪੀਚੋ, ਅੱਡੀ-ਟੱਪਾ ਅਤੇ ਗੀਟੇ ਖੇਡਦੀਆਂ ਸਨ। ਸਾਡੇ ਘਰ ਨੇੜੇ ਇਕ ਪਾਰਕ ਹੁੰਦਾ ਸੀ ਜਿਸ ਵਿਚ ਜਲਸੇ ਹੁੰਦੇ। ਇਹ ਪਾਰਕ ਦਿਨ ਵੇਲੇ ਖਾਲੀ ਹੁੰਦਾ ਸੀ, ਜਿਥੇ ਅਸੀਂ ਗੁੱਲੀ-ਡੰਡਾ ਖੇਡਦੇ ਸਾਂ। ਸਾਡੇ ਨਾਲ ਚੋਚੋ ਨਾਂ ਦੀ ਇਕ ਕੁੜੀ ਵੀ ਗੁੱਲੀ-ਡੰਡਾ ਖੇਡਦੀ ਸੀ, ਜਿਹੜੀ ਮੁੰਡਿਆਂ ਵਾਂਗ ਟੁਰਦੀ ਅਤੇ ਮੁੰਡਿਆਂ ਵਾਂਗ ਹੀ ਬੋਲਦੀ ਸੀ। ਮਹੱਤਵਪੂਰਨ ਗੱਲ ਇਹ ਸੀ ਕਿ ਉਹ ਅਕਸਰ ਹੀ ਮੁੰਡਿਆਂ ਨੂੰ ਹਰਾ ਦਿੰਦੀ ਸੀ। ਰਾਤ ਦੀ ਰੋਟੀ ਖਾ ਕੇ ਮੁੰਡੇ-ਕੁੜੀਆਂ ਗਲ਼ੀ ਵਿਚ ਹੀ ਲੁਕਣ-ਮੀਟੀ ਖੇਡਦੇ ਸਾਂ। ਕਈ ਖੇਡਾਂ ਅਸੀਂ ਆਪ ਹੀ ਸਿਰਜ ਲੈਂਦੇ ਸਾਂ। ਹੁਣ ਤਾਂ ਸਾਡੇ ਬਚਪਨ ਦੀਆਂ ਖੇਡਾਂ ਲੋਪ ਹੀ ਹੋ ਗਈਆਂ ਹਨ। ਮੈਨੂੰ ਯਾਦ ਹੈ ਕਿ ਸਾਡੇ ਕੋਲ ਖੇਡਣ ਦੇ ਵਸੀਲੇ ਤੇ ਸਾਮਾਨ ਨਾ ਹੋਣ ਕਾਰਨ ਅਸੀਂ ਸੈਰ ਬਹੁਤ ਕਰਦੇ ਸਾਂ। ਜਿਸ ਨੂੰ ਜਿਹੜਾ ਸਾਈਕਲ ਮਿਲ ਜਾਂਦਾ ਸੀ, ਉਹ ਉਸ ਨੂੰ ਖੂਬ ਚਲਾਉਂਦਾ ਸੀ। ਅਸੀਂ ਸਾਈਕਲਾਂ 'ਤੇ ਚੰਡੀਗੜ੍ਹ ਤਕ ਚਲੇ ਜਾਂਦੇ ਸਾਂ। ਜਿਸ ਸਕੂਲ ਵਿਚ ਮੈਂ ਪੜ੍ਹਿਆ ਉਸ ਦੀ ਗਰਾਊਂਡ ਨਹੀਂ ਸੀ, ਜਿਸ ਕਾਰਨ ਸਕੂਲ ਵਿਚ ਖੇਡਣ ਦਾ ਕੋਈ ਪ੍ਰਬੰਧ ਨਹੀਂ ਸੀ। ਅਸੀਂ ਖੇਡੇ ਤਾਂ ਘੱਟ ਪਰ ਭੱਜ-ਦੌੜ ਵਾਲਾ ਕੰਮ ਬਹੁਤ ਕਰਦੇ ਸਾਂ, ਜਿਸ ਕਾਰਨ ਸਾਡੀ ਖੂਬ ਕਸਰਤ ਹੋ ਜਾਂਦੀ ਸੀ ਅਤੇ ਅਸੀਂ ਰਿਸ਼ਟ-ਪੁਸ਼ਟ ਰਹਿੰਦੇ ਸਾਂ। ਮੈਨੂੰ



ਨਹੀਂ ਯਾਦ ਕਿ ਮੈਂ ਕਦੇ ਬਿਮਾਰ ਪਿਆ ਸਾਂ। ਮੈਂ ਬਚਪਨ ਵਿਚ ਹੀ ਕੰਮ ਕਰਨ ਲੱਗ ਪਿਆ ਸਾਂ ਪਰ ਸਾਡਾ ਰੋਜ਼ ਸਕੂਲ ਜਾਣਾ ਨਿਸ਼ਚਿਤ ਸੀ।

ਬੀਏ ਦੀ ਪੜ੍ਹਾਈ ਮੈਂ ਪ੍ਰਾਈਵੇਟ ਵਜੋਂ ਕੀਤੀ ਅਤੇ ਐਮਏ ਅੰਗਰੇਜ਼ੀ ਮੈਂ ਪੰਜਾਬੀ ਯੂਨੀਵਰਸਿਟੀ ਤੋਂ ਕੀਤੀ। ਮੈਨੂੰ ਤਿੰਨ ਸਰਕਾਰੀ ਕਾਲਜਾਂ, ਨਾਭਾ, ਸੰਗਰੂਰ ਅਤੇ ਮਹਿੰਦਰਾ ਕਾਲਜ ਵਿਚ ਪੜ੍ਹਾਉਣ ਦਾ ਅਵਸਰ ਮਿਲਿਆ। ਇਨ੍ਹਾਂ ਕਾਲਜਾਂ ਵਿਚ ਖੇਡਾਂ ਦਾ ਚੰਗਾ ਪ੍ਰਬੰਧ ਸੀ। ਸੰਗਰੂਰ ਮੈਂ ਚਾਰ ਸਾਲ ਰਿਹਾ ਜਿਥੇ ਮੈਂ ਫੁੱਟਬਾਲ ਦੀ ਖੇਡ ਦਾ ਇਨਚਾਰਜ ਹੁੰਦਾ ਸੀ ਅਤੇ ਟੀਮ ਨੂੰ ਵੱਖ-ਵੱਖ ਕਾਲਜਾਂ ਵਿਚ ਮੁਕਾਬਲੇ ਦੇ ਮੈਚਾਂ ਲਈ ਲੈ ਕੇ ਜਾਂਦਾ ਸਾਂ। ਸੰਗਰੂਰ ਅਤੇ ਮਲੇਰਕੋਟਲਾ ਦੀਆਂ ਟੀਮਾਂ ਮਜ਼ਬੂਤ ਸਨ। ਉਂਜ ਵੀ ਸੰਗਰੂਰ ਵਿਚ ਸ਼ਾਮ ਨੂੰ ਖੇਡਾਂ ਖੇਡਣ ਦਾ ਰਿਵਾਜ ਸੀ। ਸੰਗਰੂਰ ਦੀ ਬੌਕਸਿੰਗ ਟੀਮ ਪੰਜਾਬ ਵਿਚ ਮੋਹਰੀ ਟੀਮ ਹੁੰਦੀ ਸੀ। ਜਦੋਂ ਮੈਂ ਮਹਿੰਦਰਾ ਕਾਲਜ ਵਿਚ ਆਇਆ ਤਾਂ ਇਥੇ ਮੈਂ ਤੈਰਾਕੀ ਸਿੱਖੀ। ਮਹਿੰਦਰਾ ਕਾਲਜ ਵਿਦਵਾਨ ਪ੍ਰੋਫ਼ੈਸਰਾਂ ਅਤੇ ਉੱਘੇ ਖਿਡਾਰੀਆਂ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਵਾਂਗ ਪ੍ਰਸਿੱਧ ਰਿਹਾ ਹੈ। ਮਹਿੰਦਰਾ ਕਾਲਜ ਵਿਚ ਕੁਝ ਨਾ ਕੁਝ ਹੁੰਦਾ ਹੀ ਰਹਿੰਦਾ ਸੀ, ਜਿਹੜਾ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਹੁਲਾਰਾ ਦਿੰਦਾ ਸੀ।

ਪੰਜ ਸਾਲ ਤਿੰਨ ਕਾਲਜਾਂ ਵਿਚ ਅਧਿਆਪਨ ਦਾ ਕਾਰਜ ਕਰ ਕੇ ਮੈਂ ਪੰਜਾਬੀ ਯੂਨੀਵਰਸਿਟੀ ਵਿਚ ਨਿਯੁਕਤ ਹੋ ਗਿਆ। ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਖੇਡਾਂ ਦੇ ਪੱਖੋਂ ਦੇਸ਼ ਦੀਆਂ ਸਿਰਕੱਢ ਯੂਨੀਵਰਸਿਟੀਆਂ ਰਹੀਆਂ ਹਨ ਅਤੇ ਖੇਡਾਂ ਦੀ ਦੇਸ਼ ਦੀ ਵੱਕਾਰੀ ਮਾਕਾ ਟਰਾਫੀ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਯੂਨੀਵਰਸਿਟੀ ਨੂੰ ਮਿਲਦੀ ਰਹੀ ਹੈ। ਯੂਨੀਵਰਸਿਟੀ ਦੇ ਨੇੜੇ ਹੀ ਰਹਾਇਸ਼ ਹੋਣ ਕਰਕੇ ਮੈ ਸਵੇਰੇ-ਸ਼ਾਮ ਸੈਰ ਕਰਨ ਯੂਨੀਵਰਸਿਟੀ ਜਾਂਦਾ ਰਿਹਾ ਹਾਂ। ਯੂਨੀਵਰਸਿਟੀ ਦੇ ਵਾਲੀਬਾਲ ਕੋਚ ਮੇਰੇ ਮਿੱਤਰ ਬਣ ਗਏ ਸਨ ਅਤੇ ਸ਼ਾਮ ਮੈਂ ਅਕਸਰ ਉਨ੍ਹਾਂ ਵੱਲੋਂ ਕਰਵਾਏ ਜਾਂਦੇ ਅਭਿਆਸੀ ਮੈਚਾਂ ਨੂੰ ਵੇਖਦਾ ਰਿਹਾ ਹਾਂ। ਭਾਵੇਂ ਕਿਸੇ ਪ੍ਰਮਾਣਕ ਖੇਡ ਦਾ ਸਰਗਰਮ ਖਿਡਾਰੀ ਤਾਂ ਨਹੀਂ ਰਿਹਾ ਪਰ ਖੇਡਾਂ ਵਿਚ ਮੈਂ ਦਿਸਚਸਪੀ ਜ਼ਰੂਰ ਲੈਂਦਾ ਰਿਹਾਂ ਹਾਂ।ਮੇਰਾ ਇਕ ਬੇਟਾ ਸਕੇਟਿੰਗ ਕਰਦਾ ਰਿਹਾ ਹੈ। ਮੇਰੀ ਬੇਟੀ ਟੇਬਲ ਟੈਨਿਸ ਦੀ ਨੈਸ਼ਨਲ ਪੱਧਰ ਦੀ ਜੂਨੀਅਰ ਖਿਡਾਰਨ ਹੈ ਅਤੇ ਆਈਏਐਸ ਅਧਿਕਾਰੀ ਹੋਣ ਦੇ ਬਾਵਜੂਦ ਉਹ ਹੁਣ ਵੀ ਖੇਡਾਂ ਵਿਚ ਭਾਗ ਲੈਂਦੀ ਹੈ ਤੇ ਮੈਰਾਥਨ ਰੱਨਰ ਹੈ। ਮੇਰੀ ਧਾਰਨਾ ਹੈ ਕਿ ਬੱਚਿਆਂ ਨੂੰ ਅਜਿਹੇ ਸਕੂਲ ਵਿਚ ਦਾਖਲ ਕਰਵਾਉਣਾ ਚਾਹੀਦਾ ਹੈ, ਜਿਸ ਦਾ ਆਲਾ-ਦੁਆਲਾ ਵਿਸ਼ਾਲ ਤੇ ਖੁੱਲ੍ਹਾ-ਡੁੱਲ੍ਹਾ ਹੋਵੇ ਅਤੇ ਜਿਸ ਵਿਚ ਖੇਡਣ ਦੀਆਂ ਸਹੂਲਤਾਂ ਵੀ ਹੋਣ। ਖੇਡਾਂ ਵਿਚ ਭਾਗ ਲੈਣ ਕਾਰਨ ਵਿਦਿਆਰਥੀ ਚੁਸਤ ਨਹੀਂ ਹੁੰਦੇ, ਖੇਡਾਂ ਵਿਚ ਚੁਸਤ ਵਿਦਿਆਰਥੀ ਹੀ ਭਾਗ ਲੈਂਦੇ ਹਨ। ਮੈਨੂੰ ਹਾਕੀ, ਫੁੱਟਬਾਲ, ਵਾਲੀਬਾਲ, ਬਾਸਕਟਬਾਲ, ਕਬੱਡੀ ਆਦ ਖੇਡਾਂ ਵਿਸ਼ੇਸ਼ ਤੌਰ 'ਤੇ ਚੰਗੀਆਂ ਲੱਗਦੀਆਂ ਹਨ।

ਯੂਨੀਵਰਸਿਟੀ ਵਿਚ ਫੈਕਲਟੀ ਦੇ ਡੀਨ ਵਜੋਂ ਮੈਂ ਦੋ ਸਾਲ ਖੇਡ ਵਿਭਾਗ ਦਾ ਮੁਖੀ ਵੀ ਰਿਹਾਂ ਹਾਂ ਅਤੇ ਖੇਡਾਂ ਦੇ ਮਹੱਤਵਪੂਰਨ ਮੁਕਾਬਲਿਆਂ ਵਿਚ ਸ਼ਾਮਲ ਹੁੰਦਾ ਰਿਹਾ ਹਾਂ। ਪ੍ਰਿੰ. ਸਰਵਣ ਸਿੰਘ ਜੀ ਨਾਲ ਮੇਰੀ ਜਾਣ-ਪਛਾਣ ਯੂਨੀਵਰਸਿਟੀ ਵਿਚ ਇਕ ਖੇਡ ਮੇਲੇ ਦੌਰਾਨ ਹੀ ਹੋਈ ਸੀ, ਉਂਜ ਮੈਂ ਖੇਡਾਂ ਬਾਰੇ ਉਨ੍ਹਾਂ ਦੀਆਂ ਲਿਖਤਾਂ ਨੂੰ ਕਾਫੀ ਅਰਸੇ ਤੋਂ ਦਿਲਚਸਪੀ ਨਾਲ ਪੜ੍ਹਦਾ ਰਿਹਾ ਹਾਂ। ਪੰਜਾਬ ਵਿਚ ਖੇਡ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਉਨ੍ਹਾਂ ਦਾ ਯੋਗਦਾਨ ਸਲਾਹੁਣਯੋਗ ਹੈ। ਸਾਨੂੰ ਖੇਡਾਂ ਤੇ ਖੇਡ ਸਾਹਿਤ ਵਿਚ ਦਿਲਚਸਪੀ ਜਗਾਉਣ ਵਾਲੇ ਉਨ੍ਹਾਂ ਵਰਗੇ ਉਤਸ਼ਾਹੀ ਮਾਹਿਰਾਂ ਦੀ ਹੋਰਵੀ ਲੋੜ ਹੈ।

ਖੇਡਾਂ ਬਾਰੇ ਲੇਖਕ ਦੇ ਹੋਰ ਕਥਨ ਓਲੰਪਿਕਸ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਸ ਵਿਚ ਸਰਵੋਤਮ ਦੇ ਵਿਰੁੱਧ ਸਰਵੋਤਮ ਹੀ ਜੂਝਦੇ ਹਨ।ਰਾਜਨੀਤੀ ਵਿਚ ਸਖ਼ਤ ਮੁਕਾਬਲਾ ਹੈ, ਵਪਾਰ ਵਿਚ ਮੁਕਾਬਲਾ ਹੋਰ ਵੀ ਸਖ਼ਤ ਹੈ, ਖੇਡਾਂ ਵਿਚ ਮੁਕਾਬਲੇ ਤੋਂ ਸਿਵਾਇ ਕੁਝ ਹੈ ਹੀ ਨਹੀਂ।ਓਲੰਪਿਕਸ ਵਿਚ ਹੁਣ ਵੀ ਦੌੜ ਉਵੇਂ ਲਾਈ ਜਾਂਦੀ ਹੈ, ਜਿਵੇਂ ਸ਼ਿਕਾਰੀ ਯੁੱਗ ਵਿਚਲੇ ਅਨੇਕਾਂ ਬੰਦੇ, ਸ਼ਿਕਾਰ ਪਿੱਛੇ ਦੌੜ ਰਹੇ ਹੋਣ।ਇੰਗਲੈਂਡ ਨੇ ਖੇਡ ਦੇ ਮੈਦਾਨ ਵਿਚ ਸਿੱਖੇ ਮੁੱਲਵਾਨ ਅਤੇ ਵਿਹਾਰਕ ਸ਼ਬਦਾਂ ਨੂੰ ਵਰਤ ਕੇ, ਸੰਸਾਰ 'ਤੇ ਰਾਜ ਕੀਤਾ ਹੈ।ਜੂਏ ਵਿਚ ਸਭ ਤੋਂ ਦਿਲਚ-ਸਪ ਚੀਜ਼ ਜਿੱਤਣਾ ਹੁੰਦੀ ਹੈ; ਦੂਜੀ ਸਭ ਤੋਂ ਦਿਲਚਸਪ ਚੀਜ਼ ਹਾਰਨਾ ਹੁੰਦੀ ਹੈ, ਤੀਜੀ ਦਿਲਚਸਪ ਚੀਜ਼ ਕੋਈ ਨਹੀਂ ਹੁੰਦੀ।ਹਰ ਟੀਮ ਅੰਦਰ ਦੋ ਟੀਮਾਂ ਹੁੰਦੀਆਂ ਹਨ; ਇਕ ਹਮਲਾ ਕਰਨ ਵਾਲੀ, ਇਕ ਬਚਾਓ ਕਰਨ ਵਾਲੀ।ਬਰਾਬਰ ਦੀਆਂ ਟੀਮਾਂ ਵਿਚ, ਜਦੋਂ ਮੈਚ ਦਿਲਚਸਪ ਹੋ ਜਾਵੇ ਤਾਂ ਉਸ ਮੈਚ ਨੂੰ ਖਿਡਾਰੀ ਨਹੀਂ, ਦਰਸ਼ਕ ਖੇਡਣ ਲੱਗ ਪੈਂਦੇ ਹਨ।


ਜੇਤੂਆਂ ਨੂੰ ਹਾਰਿਆਂ ਦੀ ਨਫਰਤ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਉਨ੍ਹਾਂ ਦੀ ਖੇਡ ਵਿਚ ਨੁਕਸ ਨਾ ਲੱਭੇ ਤਾਂ ਉਨ੍ਹਾਂ ਦੇ ਵਿਹਾਰ ਵਿਚ ਨੁਕਸ ਕੱਢਿਆ ਜਾਂਦਾ ਹੈ।ਜੇਤੂ ਕਦੇ ਨਹੀਂ ਥੱਕਦਾ, ਥੱਕਣ ਵਾਲਾ ਕਦੇ ਨਹੀਂ ਜਿੱਤਦਾ।ਯੁੱਧ, ਚੋਣ, ਖੇਡ ਅਤੇ ਜੂਏ ਵਿਚ ਕੇਵਲ ਅਤੇ ਕੇਵਲ ਜਿੱਤ ਮਹੱਤਵਪੂਰਨ ਹੁੰਦੀ ਹੈ।ਇਕ ਛਾਲ ਮਾਰੋਗੇ ਤਾਂ ਉਹ ਵਡੇਰੀ ਛਾਲ ਮਾਰਨ ਦਾ ਰਾਹ ਖੋਲ੍ਹ ਦੇਵੇਗੀ।ਖੇਡ ਇਸ ਕਰਕੇ ਦਿਲਚਸਪ ਹੁੰਦੀ ਹੈ, ਕਿਉਂਕਿ ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਇਹ ਕਿਵੇਂ ਮੁੱਕੇਗੀ?ਖੇਡ ਕੋਈ ਵੀ ਹੋਵੇ, ਉਸ ਨੂੰ ਦਿਲਚਸਪ, ਹਾਰਨ ਵਾਲੀ ਟੀਮ ਬਣਾਉਂਦੀ ਹੈ।ਖੇਡਾਂ ਵਿਚਲਾ ਮਨੋਰੰਜਨ, ਟਕਰਾਓ ਵਿਚੋਂ ਉਪਜਦਾ ਹੈ ਅਤੇ ਤਣਾਓ ਨਾਲ ਵਧਦਾ ਹੈ।ਕਈ ਜਿੱਤਣਾ ਹੀ ਚਾਹੁੰਦੇ ਹਨ, ਹਾਰਨ 'ਤੇ ਉਹ ਦੰਗਾ ਫਸਾਦ ਕਰਦੇ ਹਨ।ਖੇਡ ਕੋਈ ਵੀ ਹੋਵੇ, ਦੋ ਵੇਲਿਆਂ 'ਤੇ ਸਵੈਕਾਬੂ ਬਣਾਈ ਰੱਖਣ ਦੀ ਬੜੀ ਲੋੜ ਹੁੰਦੀ ਹੈ; ਜਿੱਤਣ ਵੇਲੇ ਅਤੇ ਹਾਰਨ ਵੇਲੇ।ਹਾਰ ਤੋਂ ਬਚਣ ਨੂੰ ਜਿੱਤ ਨਹੀਂ ਕਹਿੰਦੇ; ਜਿੱਤ ਵੱਖਰੇ ਢੰਗ ਨਾਲ ਲੜਨ ਅਤੇ ਜਦੋਜਹਿਦ ਕਰਨ ਦਾ ਨਾਂ ਹੁੰਦੀ ਹੈ।

ਖੇਡ ਰਾਹੀਂ, ਖੇਡ ਨਾਲ ਹੀ ਨਹੀਂ, ਅਸੀਂ ਖੇਡ ਮੈਦਾਨ ਦੇ ਖੁੱਲ੍ਹੇਪਣ ਅਤੇ ਹਾਜ਼ਰ ਦਰਸ਼ਕਾਂ ਦੀ ਹਾਜ਼ਰੀ ਨਾਲ ਪ੍ਰਭਾਵਿਤ ਹੁੰਦੇ ਹਾਂ।ਸਕੂਲੋਂ ਦੌੜਨ ਵਾਲੇ, ਦੌੜਨ ਦੇ ਮਾਹਿਰ ਤਾਂ ਹੋ ਜਾਂਦੇ ਹਨ, ਪਰ ਉਹ ਪਹੁੰਚਦੇ ਕਿਤੇ ਨਹੀਂ।ਜਿੱਤਣ-ਹਾਰਨ ਨਾਲ ਕੋਈ ਫਰਕ ਨਹੀਂ ਪੈਂਦਾ, ਇਹ ਗੱਲ ਕਿਸੇ ਹਾਰਨ ਵਾਲੇ ਨੇ ਹੀ ਕਹੀ ਹੋਵੇਗੀ; ਫਰਕ ਪੈਂਦਾ ਹੀ ਜਿੱਤਣ-ਹਾਰਨ ਨਾਲ ਹੈ।ਯੂਨਾਨੀਆਂ ਕੋਲ ਇਕ ਸਾਲ ਦਾ ਨਹੀਂ, ਚਾਰ ਸਾਲ ਦਾ ਸੰਕਲਪ ਸੀ; ਓਲੰਪਿਕਸ ਵਾਂਗ ਹਰ ਉਤਸਵ ਚਾਰ ਸਾਲਾਂ ਮਗਰੋਂ ਮਨਾਇਆ ਜਾਂਦਾ ਸੀ।ਸਵੇਰ ਦੀ ਸੈਰ ਸਰੀਰ ਨੂੰ ਸਾਰਾ ਦਿਨ ਅਸੀਸਾਂ ਦਿੰਦੀ ਰਹਿੰਦੀ ਹੈ।ਵੱਡੇ ਖਿਡਾਰੀਆਂ ਦਾ ਉਦੇਸ਼, ਇਹ ਜਾਂ ਉਹ ਮੈਚ ਜਿੱਤਣਾ ਨਹੀਂ ਹੁੰਦਾ, ਚੈਂਪੀਅਨ ਬਣਨਾ ਹੁੰਦਾ ਹੈ।ਭਾਵੇਂ ਨੈਪੋਲੀਅਨ ਅੰਤ ਨੂੰ ਹਾਰਿਆ ਪਰ ਗਿਣਿਆ ਸੰਸਾਰ ਦੇ ਮਹਾਨ ਜੇਤੂਆਂ ਵਿਚ ਜਾਂਦਾ ਹੈ।ਸਰੀਰਕ ਅਤੇ ਆਰਥਿਕ ਘਾਟਾਂ, ਹਿੰਮਤੀਆਂ ਨੂੰ ਨਹੀਂ ਰੋਕਦੀਆਂ, ਇਹ ਕੰਮਚੋਰਾਂ ਨੂੰ ਹੀ ਰੋਕਦੀਆਂ ਹਨ।ਜਿਹੜੀ ਜਿੱਤ ਵਿਚ ਇਨਸਾਫ਼ ਨਹੀਂ ਹੁੰਦਾ, ਉਹ ਜਿੱਤ ਨਹੀਂ ਹਾਰ ਹੁੰਦੀ ਹੈ।ਮਨੁੱਖ ਉਤੇ ਦਸ ਸਾਲ ਦੀ ਉਮਰ 'ਤੇ ਖੇਡ, ਵੀਹ 'ਤੇ ਮਨਮਰਜ਼ੀ, ਤੀਹ 'ਤੇ ਚਲਾਕੀ, ਚਾਲੀ 'ਤੇ ਰੁਤਬਾ, ਪੰਜਾਹ 'ਤੇ ਜਾਇਦਾਦ ਅਤੇ ਸੱਠ ਪਿੱਛੋਂ ਬਿਮਾਰੀ ਦਾ ਰਾਜ ਹੁੰਦਾ ਹੈ।ਖੇਡ ਰਾਹੀਂ ਬੱਚੇਆਪਣਾ ਇਕ ਛੋਟਾ ਜਿਹਾ ਸੰਸਾਰ ਸਿਰਜਦੇ ਹਨ। ਉਹ ਆਪਣੇ ਸਿਰਜੇ ਸੰਸਾਰ ਨੂੰ ਹੀ ਅਸਲੀ ਸੰਸਾਰ ਸਮਝਦੇ ਹਨ।

ਪੰਜਾਬੀਆਂ ਦੇ ਸ਼ਰਨਾਰਥੀ ਹੋਣ ਦਾ ਸੰਤਾਪ

ਮੇਰੀ ਮਾਂ ਦੱਸਿਆ ਕਰਦੀ ਸੀ ਕਿ ਜਦੋਂ ਰੌਲੇ ਪੈ ਗਏ ਤਾਂ ਉਜਾੜੇ ਵਾਪਰੇ ਅਤੇ ਵਸਦੇ-ਰਸਦੇ ਪਰਿਵਾਰ ਸ਼ਰਨਾਰਥੀਆਂ ਦੇ ਲੰਮੇ ਕਾਫ਼ਲੇ ਬਣ ਗਏ। ਉਸ ਭੀੜ ਵਿਚ ਕਿਸੇ ਨੇ ਸਿਰ 'ਤੇ ਲੋਹੇ ਦਾ ਟਰੰਕ ਚੁੱਕਿਆ ਹੋਇਆ ਸੀ। ਉਸ ਦੇ ਅਚਾਨਕ ਗਰਦਨ ਮੋੜਨ 'ਤੇ, ਟਰੰਕ ਦਾ ਇਕ ਕੋਨਾ, ਮੇਰੇ ਦਾਦਾ ਜੀ ਦੀ ਅੱਖ ਵਿਚ ਵੱਜ ਗਿਆ ਸੀ। ਸ਼ਰਨਾਰਥੀਆਂ ਦੇ ਕਾਫ਼ਲੇ ਵਿਚ ਕਿਸੇ ਇਲਾਜ ਜਾਂ ਸਹਾਇਤਾ ਦੀ ਕੋਈ ਸੰਭਾਵਨਾ ਨਹੀਂ ਸੀ ਜਿਸ ਕਾਰਨ ਦਾਦਾ ਜੀ ਨੂੰ ਪਹਿਲਾਂ ਇਕ ਅੱਖ ਅਤੇ ਕੁਝ ਘੰਟਿਆਂ ਮਗਰੋਂ ਦੂਜੀ ਅੱਖ ਤੋਂ ਵੀ ਦਿਸਣਾ ਬੰਦ ਹੋ ਗਿਆ ਸੀ। ਇਸ ਹਾਲਤ ਵਿਚ ਦਾਦਾ ਜੀ ਨੂੰ ਸੰਭਾਲਣਾ ਬੜਾ ਮੁਸ਼ਕਲ ਸੀ। ਦਾਦਾ ਜੀ ਨੂੰ ਆਵਾਜ਼ਾਂ ਤਾਂ ਸੁਣਦੀਆਂ ਸਨ ਪਰ ਦਿਸਦਾ ਕੁਝ ਨਹੀਂ ਸੀ। ਮੈਂ ਕੇਵਲ ਦੋ ਸਾਲ ਦਾ ਸਾਂ, ਮੇਰੀ ਭੈਣ ਚਾਰ ਸਾਲ ਦੀ ਅਤੇ ਮੇਰਾ ਵੱਡਾ ਭਰਾ ਅੱਠ ਸਾਲ ਦਾ ਸੀ। ਮੈਨੂੰ ਚੁੱਕਣਾ ਤੇ ਟੋਰਨਾ ਦੋਵੇਂ ਮੁਸ਼ਕਲ ਸਨ।

ਮੇਰਾ ਭਰਾ ਦੱਸਦਾ ਸੀ ਕਿ ਅਸੀਂ ਲੋਕਾਂ ਦੀ ਭੀੜ ਵਿਚ ਟੁਰੀ ਜਾਂਦੇ ਸਾਂ। ਥਕਾਵਟ, ਭੁੱਖ, ਪਿਆਸ ਅਤੇ ਸਹਿਮ ਨਾਲ ਸਾਡਾ ਹੀ ਨਹੀਂ, ਹਰ ਕਿਸੇ ਦਾ ਬੁਰਾ ਹਾਲ ਸੀ। ਪਰਿਵਾਰ ਵਿਛੜ ਗਏ ਸਨ, ਗੁਆਚੇ ਵਿਅਕਤੀ ਤੇ ਬੱਚੇ ਲਭਣੇ ਸੰਭਵ ਨਹੀਂ ਸਨ। ਮੇਰੀ ਮਾਂ ਦੱਸਦੀ ਸੀ ਕਿ ਦਾਦਾ ਜੀ ਬੜੇ ਸਬਰ ਸੰਤੋਖ ਵਾਲੇ ਵਿਅਕਤੀ ਸਨ। ਜਦੋਂ




ਉਨ੍ਹਾਂ ਲਈ ਸਹਾਰੇ ਤੋਂ ਬਿਨਾਂ ਚੱਲਣਾ ਸੰਭਵ ਨਾ ਰਿਹਾ ਤਾਂ ਉਨ੍ਹਾਂ ਨੇ ਮੇਰੇ ਮਾਤਾ-ਪਿਤਾ ਨੂੰ ਕਿਹਾ, ਮੇਰੇ ਕਾਰਨ ਤੁਸੀਂ ਹੋਰਨਾਂ ਨਾਲੋਂ ਨਿੱਖੜ ਜਾਓਗੇ। ਮੈਨੂੰ ਇਕ ਪਾਸੇ ਲਿਟਾ ਦਿਓ ਤੇ ਆਪ ਲੰਘ ਜਾਓ। ਦਾਦਾ ਜੀ ਦੇ ਇਸ ਸੁਝਾਓ ਨਾਲ ਸਹਿਮਤ ਹੋਣਾ ਬੜਾ ਮੁਸ਼ਕਲ ਸੀ। ਦਾਦਾ ਜੀ ਦੇ ਬਾਰ-ਬਾਰ ਕਹਿਣ 'ਤੇ, ਅੰਤ ਨੂੰ ਮੇਰੇ ਮਾਪਿਆਂ ਨੇ ਇਕ ਖੂਹ ਨਾਲ ਬਣੇ ਥੜ੍ਹੇ ਉਤੇ ਦਾਦਾ ਜੀ ਨੂੰ ਲਿਟਾ ਦਿੱਤਾ ਜਿਥੇ ਉਹ ਲੇਟ ਵੀ ਸਕਦੇ ਸਨ। ਇਹੋ ਜਿਹੀ ਘਟਨਾ ਭੁਲਣੀ ਸੰਭਵ ਨਹੀਂ ਹੁੰਦੀ। ਮੇਰੀ ਮਾਂ ਕਿਤਨੇ ਹੀ ਸਾਲ, ਇਸ ਗੱਲ ਨੂੰ ਯਾਦ ਕਰਕੇ ਰੋਂਦੀ ਰਹਿੰਦੀ ਸੀ ਅਤੇ ਮੇਰੇ ਪਿਤਾ ਜੀ ਸਦਮੇ ਨਾਲ ਆਪਣਾ ਮਾਨਸਿਕ ਸੰਤੁਲਨ ਗੁਆ ਬੈਠੇ ਸਨ। ਮੇਰੀ ਮਾਂ ਕਈ ਸਾਲਾਂ ਮਗਰੋਂ, ਪਿਤਾ ਜੀ ਨੂੰ ਨਾਲ ਲੈ ਕੇ ਇਕ ਜਥੇ ਨਾਲ ਪਾਕਿ-ਸਤਾਨ ਗਈ, ਜਿਥੇ ਉਸ ਥੜ੍ਹੇ ਨੂੰ ਲਭਦੀ ਰਹੀ। ਉਸ ਦਾ ਪਰੇਸ਼ਾਨ ਮਨ ਇਹੀ ਆਸ ਲਾਈ ਬੈਠਾ ਸੀ ਕਿ ਮੇਰੇ ਦਾਦਾ ਜੀ ਅਜੇ ਵੀ ਉਥੇ ਹੀ ਪਏ ਹੋਣਗੇ! ਮੇਰੀ ਮਾਂ ਉਂਝ ਬੜੇ ਦ੍ਰਿੜ ਇਰਾਦੇ ਵਾਲੀ ਸੀ ਪਰ ਇਸ ਗੱਲ ਨੂੰ ਯਾਦ ਕਰਦਿਆਂ, ਉਸ ਦੀਆਂ ਅੱਖਾਂ ਉੱਬਲ ਪੈਂਦੀਆਂ ਸਨ। ਸ਼ਰਨਾਰਥੀ ਹੋਣ ਦੀ, ਉਜੜਨ ਅਤੇ ਵਿਛੜਨ ਦੀ, ਸੰਤਾਪ ਹੰਢਾਉਣ ਜਿਹੀ ਬਦਕਿਸਮਤੀ ਕੋਈ ਹੋਰ ਨਹੀਂ ਹੋ ਸਕਦੀ।

principalsarwansingh@gmail.com

# ਗੱਡਾ ਆ ਗਿਓ ਸੰਦੂਕੋਂ ਖਾਲੀ...

-ਜੱਗਾ ਸਿੰਘ ਆਦਮਕੇ-

ਪੁਰਾਤਨ ਸਮੇਂ ਤੋਂ ਮਨੁੱਖ ਆਵਾਜਾਈ ਅਤੇ ਢੋਆ-ਢੁਆਈ ਲਈ ਵੱਖ ਵੱਖ ਸਾਧਨਾਂ ਦੀ ਵਰਤੋਂ ਕਰਦਾ ਰਿਹਾ ਹੈ। ਸ਼ੁਰੂ ਵਿੱਚ ਜੰਗਲੀ ਜਾਨਵਰਾਂ ਨੂੰ ਪਾਲਤੂ ਬਣਾ ਕੇ ਉਨ੍ਹਾਂ ਨੂੰ ਢੋਆ-ਢੁਆਈ ਲਈ ਵਰਤਦਾ ਰਿਹਾ। ਸਮੇਂ ਨਾਲ ਜ਼ਿੰਦਗੀ ਨੂੰ ਆਸਾਨ ਬਣਾਉਣ ਲਈ ਹੋਰ ਵਸਤਾਂ ਦੀ ਕਾਢ ਦੇ ਨਾਲ ਆਵਾਜਾਈ ਅਤੇ ਢੋਆ ਢੁਆਈ ਲਈ ਗੱਡੇ ਵਰਗੇ ਸਾਧਨਾਂ ਨੂੰ ਲੱਭਿਆ। ਇਸ ਤਰ੍ਹਾਂ ਗੱਡਾ ਮਨੁੱਖੀ ਸਭਿਅਤਾ ਵਿੱਚ ਕਾਫੀ ਪੁਰਾਤਨ ਆਵਾਜਾਈ ਦਾ ਸਾਧਨ ਹੈ। ਇਸ ਦਾ ਪ੍ਰਮਾਣ ਸਿੰਧ ਘਾਟੀ ਦੀ ਸਭਿਅਤਾ ਸਮੇਂ ਗੱਡੇ ਦੇ ਅਵਸ਼ੇਸ਼ ਅਤੇ ਚਿੱਤਰ ਮਿਲਣ ਤੋਂ ਲੱਗ ਸਕਦਾ ਹੈ। ਪੰਜਾਬ ਦਾ ਕਿੱਤਾ ਮੁੱਖ ਰੂਪ ਵਿੱਚ ਖੇਤੀ ਨਾਲ ਜੁੜਿਆ ਹੈ। ਅਜਿਹਾ ਹੋਣ ਕਾਰਨ ਖੇਤੀ ਵਿੱਚ ਵਰਤੇ ਜਾਂਦੇ ਜਾਨਵਰਾਂ ਤੇ ਦੂਸਰੇ ਸਾਧਨਾਂ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਉਨ੍ਹਾਂ ਵਿੱਚੋਂ ਅਜਿਹਾ ਇੱਕ ਸਾਧਨ ਗੱਡਾ ਹੈ। ਗੱਡਾ ਆਵਾਜਾਈ ਦੇ ਸਾਧਨ ਦੇ ਨਾਲ ਖੇਤੀ ਆਦਿ ਲਈ ਢੋਆ-ਢੁਆਈ ਦਾ ਉਪਯੋਗੀ ਸਾਧਨ ਰਿਹਾ ਹੈ। ਇਸ ਕਾਰਨ ਇਹ ਪੰਜਾਬੀ ਸਭਿਆਚਾਰ ਵਿੱਚ ਵੀ ਖਾਸ ਸਥਾਨ ਰੱਖਦਾ ਹੈ।

ਮੇਲਿਆਂ, ਵਿਆਹਾਂ ਜਾਂ ਦੂਸਰੇ ਉਦੇਸ਼ਾਂ ਲਈ ਆਮ ਲੋਕਾਂ ਤੋਂ ਲੈ ਕੇ ਸਜੀਆਂ ਮੁਟਿਆਰਾਂ ਤੱਕ ਗੱਡੇ ਦੀ ਸਵਾਰੀ ਕਰਦੇ ਰਹੇ ਹਨ। ਅਜਿਹਾ ਹੋਣ ਕਾਰਨ ਟੱਪਿਆਂ ਬੋਲੀਆਂ ਵਿੱਚ ਗੱਡੇ ਦੀ ਸਵਾਰੀ ਦੇ ਸਮੇਂ ਲੱਗਦੇ ਹੁਲਾਰਿਆਂ ਦਾ ਵੇਰਵਾ ਕੁਝ ਇਸ ਤਰ੍ਹਾਂ ਮਿਲਦਾ ਹੈ :

ਤੇਰੇ ਝੁਮਕੇ ਲੈਣ ਹੁਲਾਰੇ<br>
ਨੀਂ ਗੱਡੇ ਉਤੇ ਜਾਣ ਵਾਲੀਏ।

ਕੱਚੀਆਂ ਪਹੀਆਂ, ਉਭੜ ਖਾਭੜ ਰਸਤਿਆਂ ਉਪਰੋਂ ਗੁਜ਼ਰਦਿਆਂ ਗੱਡੇ ਦਾ ਹਚਖੋਲੇ ਖਾਣਾ ਆਮ ਗੱਲ ਸੀ। ਅਜਿਹੇ ਸਮੇਂ ਜੇ ਗੱਡਾ ਤੇਜ਼ ਹੁੰਦਾਂ ਤਾਂ ਅਜਿਹਾ ਹੋਰ ਵੀ ਮਹਿਸੂਸ ਹੁੰਦਾ। ਗੱਡੇ ਦੀ ਤੇਜ਼ੀ ਕਾਰਨ ਲੱਗਦੇ ਡਰ ਅਤੇ ਅਜਿਹਾ ਹੋਣ ਕਾਰਨ ਆਉਂਦੀ ਸਮੱਸਿਆ ਕਰਨ ਗੱਡੇ ਨੂੰ ਹੌਲੀ ਤੋਰਨ ਦੀ ਸਲਾਹ ਵੀ ਕੁਝ ਇਸ ਤਰ੍ਹਾਂ ਦਿੱਤੀ ਜਾਂਦੀ :

ਗੱਡ ਗਡੀਰੇ ਵਾਲਿਆ,<br>
ਗੱਡਾ ਹੌਲੀ ਹੌਲੀ ਤੋਰ<br>
ਮੇਰੇ ਦੁਖਣ ਕੰਨਾਂ ਦੀਆਂ ਵਾਲੀਆਂ<br>
ਮੇਰੇ ਦਿਲ ਵਿੱਚ ਪੈਂਦੇ ਹੌਲ।

ਢੋਆ-ਢੁਆਈ ਦਾ ਸਾਧਨ ਹੋਣ ਦੇ ਕਾਰਨ ਵਿਆਹ ਸਮੇਂ ਦਾਜ ਲਿਆਉਣ ਲਈ ਵੀ ਗੱਡਾ ਚਾਹੀਦਾ ਸੀ, ਪਰ ਜੇ ਦਾਜ ਘੱਟ ਦਿੱਤਾ ਜਾਂਦਾ ਜਾਂ ਸੰਦੂਕ ਵਰਗੀ ਚੀਜ਼ ਨਾ ਦਿੱਤੀ ਜਾਂਦੀ, ਤਾਂ ਇਸ ਦਾ ਮਿਹਣਾ ਕੁਝ ਏਦਾਂ ਦਿੱਤਾ ਜਾਂਦਾ :

ਗੱਡਾ ਆ ਗਿਆ ਸੰਦੂਕੋਂ ਖਾਲੀ<br>
ਬਹੁਤਿਆਂ ਭਰਾਵਾਂ ਵਾਲੀਏ।

ਆਧੁਨਿਕ ਸਾਧਨਾਂ ਦੀ ਅਣਹੋਂਦ ਸਮੇਂ ਬਰਾਤ ਜਾਣ ਲਈ ਊਠ, ਗੱਡੇ, ਘੋੜੇ ਵਰਤੇ ਜਾਂਦੇ ਸਨ। ਇਸ ਉਦੇਸ਼ ਲਈ ਊਠਾਂ ਤੇ ਗੱਡਿਆਂ ਨੂੰ ਖੂਬ ਸ਼ਿੰਗਾਰਿਆ ਜਾਂਦਾ ਸੀ। ਬਰਾਤ ਲਈ ਲੈ ਕੇ ਜਾਂਦੇ ਬਲਦਾਂ ਦੇ ਗਲਾਂ ਵਿੱਚ ਪਾਈਆਂ ਟੱਲੀਆਂ ਦੀ ਟੁਣਕਾਰ ਦਾ ਸੰਗੀਤ ਸੁਣਾਈ ਦਿੰਦਾ। ਅਜਿਹਾ ਨਾ ਹੋਣ ਕਾਰਨ ਵਿਆਹ ਹੋਣ ਤੋਂ ਖੁੰਝੇ ਲੋਕਾਂ ਦੀ ਇਸ ਸਮੇਂ ਦੀ ਦਿਲੀ ਖਾਹਿਸ਼ ਦਾ ਵਰਣਨ ਮਲਵਈ ਗਿੱਧੇ ਦੀਆਂ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਕੀਤਾ ਮਿਲਦਾ ਹੈ :

ਓ ਸਾਨੂੰ ਤਾਂ ਤੂੰ ਸਾਜ ਕੇ ਰੱਬਾ<br>
ਆਪ ਹੋ ਗਿਆ ਅੰਨ੍ਹਾ।<br>
ਓ ਸਾਡੀ ਵਾਰੀ ਕੀ ਕਾਲ ਪੈ ਗਿਆ<br>
ਮੁੱਕ ਗਈਆਂ ਤੇਰੇ ਘਰ ਰੰਨਾਂ<br>
'ਕੱਲਾ ਮੈਨੂੰ ਮਿਲਜੇ ਜੇ ਰੱਬਾ<br>
ਤੇਰੇ ਦੋਵੇਂ ਗੋਡੇ ਭੰਨਾਂ।<br>
ਓ ਰੱਥ ਗੱਡਿਆਂ ਵਿੱਚ ਖੜਕਣ ਟੱਲੀਆਂ<br>
ਚੜ੍ਹ ਚੜ੍ਹ ਜਾਵਣ ਜੰਨਾਂ<br>
ਦੇ ਦੇ ਛੜਿਆਂ ਨੂੰ ਵੀ ਰੰਨਾਂ

ਦਾਜ ਦੇਣਾ ਕਾਫੀ ਸਮੇਂ ਤੋਂ ਪੰਜਾਬੀ ਸਭਿਆਚਾਰ ਦਾ ਮਹੱਤਵਪੂਰਨ ਹਿੱਸਾ ਰਿਹਾ ਹੈ। ਇਹ ਗੱਡੇ ਉੱਤੇ ਲੱਦ ਕੇ ਭੇਜਿਆ ਜਾਂਦਾ ਸੀ। ਵਿਆਹ ਦੇ ਗੀਤਾਂ ਵਿੱਚ ਦਾਜ ਦਾ ਗੱਡਾ ਦੇਣ ਦੀ ਗੱਲ ਵੀ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ :

ਕਿਉਂ ਖੜ੍ਹਾ ਵੀਰਾ ਕਿਉਂ ਖੜ੍ਹਾ<br>
ਵੇ ਕਿਉਂ ਖੜ੍ਹਾ ਤੂੰ ਦਿਲਗੀਰ<br>
ਕੋਈ ਗੱਡਾ ਦੇਣਗੇ ਦਾਜ ਦਾ<br>
ਤੇ ਤੇਰੇ ਮਗਰ ਲਾਉਣਗੇ<br>
ਵੇ ਅੰਤੋਂ ਪਿਆਰਿਆ ਵੇ-ਹੀਰ

ਗੱਡੇ ਨੂੰ ਬਲਦ ਜੋੜ ਕੇ ਰਿਸ਼ਤੇਦਾਰੀਆਂ ਵਿੱਚ ਜਾਣਾ ਆਵਾਜਾਈ ਦਾ ਜ਼ਰੂਰੀ ਹਿੱਸਾ ਸੀ। ਅਜਿਹਾ ਹੋਣ ਕਾਰਨ ਗੱਡੇ ਰਾਹੀਂ ਕੁਝ ਇਸ ਤਰ੍ਹਾਂ ਵੀ ਬਿਆਨ ਕੀਤਾ ਮਿਲਦਾ ਹੈ :

ਗੱਡਾ ਜੋੜ ਕੇ ਆ ਗਿਆ ਸਹੁਰੇ<br>
ਆਣ ਖੜ੍ਹਾ ਦਰਵਾਜ਼ੇ<br>
ਬਲਦਾਂ ਤੇਰਿਆਂ ਨੂੰ ਭੋਅ ਦਾ ਟੋਕਰਾ<br>
ਤੈਨੂੰ ਦੋ ਪਰਸ਼ਾਦੇ<br>
ਨੀਵੀਂ ਪਾ ਬਹਿੰਦਾ<br>
ਪਾ ਲਏ ਭੌਰ'ਤੇ ਦਾਬੇ

ਗੱਡਾ ਅਸਲ ਵਿੱਚ ਨਾਭ, ਬੂਜਲੀ, ਗਜ਼, ਸ਼ਗਨੀ, ਪਿੰਜਣੀ ਆਦਿ ਵਰਗੇ ਭਾਗਾਂ ਨੂੰ ਜੋੜ ਕੇ ਤਿਆਰ ਹੁੰਦਾ, ਪਰ ਕਿਸੇ ਚਾਅ, ਹੁਲਾਸ ਵਿੱਚ ਕਈ ਵਾਰ ਗੱਡੇ ਦੇ ਇਨ੍ਹਾਂ ਹਿੱਸਿਆਂ ਨਾਲ ਕੁਝ ਅਜਿਹਾ ਵੀ ਵਾਪਰ ਜਾਂਦਾ :

ਚਾਅ ਮੁਕਲਾਵੇ ਦਾ<br>
ਗੱਡੇ ਚੜ੍ਹਦੀ ਨੇ ਪਿੰਜਣੀ ਤੋੜੀ

ਅਜੋਕੇ ਸਾਦਨਾਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਕਿਸੇ ਕੋਲ ਚੰਗਾ ਗੱਡਾ ਅਤੇ ਬਲਦ ਹੋਣਾ ਮਾਣ ਤੇ ਉਸ ਦੇ ਖੁਸ਼ਹਾਲ ਹੋਣ ਦਾ ਪ੍ਰਤੀਕ ਸੀ। ਵਿਆਹ ਦੇ ਗੀਤਾਂ ਰਾਹੀਂ ਭੈਣਾਂ ਵੱਲੋਂ ਆਪਣੇ ਵੀਰ ਦੇ ਇਸ ਪੱਖ ਦੀ ਪ੍ਰਸ਼ੰਸਾ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ :

ਗੱਡਾ ਵੇ ਵੀਰਾ ਤੇਰਾ ਰੁਣਝੁਣਿਆ<br>
ਵੇ ਕੋਈ ਬਲਦ ਕਲਹਿਰੀ ਮੋਰ<br>
ਛਾਂਟਾ ਵੀ ਤੇਰਾ ਰੇਸ਼ਮੀ<br>
ਦਿੱਤੀ ਛੱਡ ਬਲਦਾਂ ਦੀ<br>
ਵੇ ਸੁਣ ਗਡਵਾਣੀਆ ਵੇ-ਡੋਰ

ਗੱਡਾ ਆਪਣੇ ਖਾਸ ਮਹੱਤਵ ਕਾਰਨ ਕਿਸਾਨਾਂ ਲਈ ਬੇਹੱਦ ਮਹੱਤਵਪੂਰਨ ਵਸਤੂ ਰਿਹਾ ਹੈ। ਆਪਣੇ ਬਾਬਲ ਵੱਲੋਂ ਕੀਤੇ ਦਾਨ ਦੀ ਪ੍ਰਸ਼ੰਸਾ ਕਰਦੇ ਸਮੇਂ ਗੱਡਾ ਦਾਨ ਕਰਨ ਦੀ ਗੱਲ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ :

ਸਣੇ ਗੱਡਾ ਪੁੰਨ ਕੀਤਾ<br>
ਵੀਰ ਮੇਰੇ ਧਰਮੀਂ ਨੇ।


ਵਿਆਹ ਦੇ ਮੇਲ ਦਾ ਵਿਆਹ ਵਾਲੇ ਸਥਾਨ ਉੱਤੇ ਗੱਡਿਆਂ ਉਤੇ ਜਾਣਾ ਉਸ ਸਮੇਂ ਦੀ ਜ਼ਰੂਰਤ ਤੇ ਆਮ ਗੱਲ ਸੀ। ਅਜਿਹਾ ਹੋਣ ਕਾਰਨ ਵਿਆਹ ਦੀਆਂ ਬੋਲੀਆਂ, ਗੀਤਾਂ ਵਿੱਚ ਨਾਨਕਿਆਂ ਦਾਦਕੀਆਂ ਦੀ ਨੋਕ ਝੋਕ ਸਮੇਂ ਦਾਦਕੀਆਂ ਵੱਲੋਂ ਮਾਮੀਆਂ ਨੂੰ ਕੁਝ ਇਸ ਤਰ੍ਹਾਂ ਕਹਿ ਕੇ ਸੁਣਾਇਆ ਜਾਂਦਾ :

ਜੇ ਮਾਮੀਏ ਤੈਨੂੰ ਨੱਚਣਾ ਨ੍ਹੀਂ ਆਉਂਦਾ<br>
ਵਿਆਹ ਕਾਸ ਤੋਂ ਆਈ<br>
ਨੀਂ ਗੱਡਾ ਜਵਾਕਾਂ ਦਾ<br>
ਨੀਂ ਲੱਡੂ ਖਾਣ ਨੂੰ ਲਿਆਈ<br>
ਨੀਂ ਗੱਡਾ ਜਵਾਕਾਂ ਦਾ।

ਇਸ ਤਰ੍ਹਾਂ ਗੱਡਾ ਆਵਾਜਾਈ ਦਾ ਸਾਧਨ ਹੋਣ ਦੇ ਨਾਲ ਪੰਜਾਬੀ ਜਨ ਜੀਵਨ ਵਿੱਚ ਆਪਣੀ ਪਛਾਣ ਅਤੇ ਪੰਜਾਬੀ ਸਭਿਆਚਾਰ ਵਿੱਚ ਖਾਸ ਸਥਾਨ ਰੱਖਦਾ ਰਿਹਾ ਹੈ। ਭਾਵੇਂ ਗੱਡਾ ਮੌਜੂਦ ਸਮੇਂ ਆਵਾਜਾਈ ਤੇ ਢੋਆ-ਢੁਆਈ ਦੇ ਆਧੁਨਿਕ ਸਾਧਨਾਂ ਦੀ ਬਹੁਤਾਤ ਹੋਣ ਕਾਰਨ ਬੀਤੇ ਸਮੇਂ ਦੀ ਚੀਜ਼ ਬਣ ਗਿਆ ਹੈ, ਪਰ ਅੱਜ ਵੀ ਬਹੁਤ ਸਾਰੇ ਲੋਕਾਂ ਵੱਲੋਂ ਗੱਡੇ ਨੂੰ ਸਭਿਆਚਾਰ ਦੀ ਅਹਿਮ ਤੇ ਮਹੱਤਵਪੂਰਨ ਵਸਤੂ ਵਜੋਂ ਸਾਂਭਿਆ ਹੋਇਆ ਹੈ। ਅਜਾਇਬ ਘਰਾਂ ਆਦਿ ਵਿੱਚ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਦੂਸਰੀਆਂ ਵਸਤੂਆਂ ਵਿੱਚ ਗੱਡਾ ਵੀ ਸ਼ੁਮਾਰ ਹੁੰਦਾ ਹੈ।

# ਲੋਕਤੰਤਰ ਦੀ ਲੋੜ ਹੈ ਤਕੜੀ ਵਿਰੋਧੀ ਧਿਰ, ਆਗੂਆਂ ਦੀ ਨਹੀਂ, ਕੋਈ ਰੰਗ ਤਾਂ ਵਿਖਾਵੇਗਾ ਲੋਕਤੰਤਰ





ਜਤਿੰਦਰ ਪੰਨੂ

ਭਾਰਤ ਦੇਸ਼ ਇਸ ਵਕਤ ਅਗਲੀਆਂ ਪਾਰਲੀਮੈਂਟ ਚੋਣਾਂ ਦੀ ਤਿਆਰੀ ਦੇ ਦੌਰ ਵਿੱਚ ਦਾਖਲ ਹੋ ਚੁੱਕਾ ਹੈ। ਕੇਂਦਰ ਦੀ ਸਰਕਾਰ ਚਲਾ ਰਹੀ ਭਾਰਤੀ ਜਨਤਾ ਪਾਰਟੀ ਹੋਰਨਾਂ ਤੋਂ ਇਸ ਮਾਮਲੇ ਵਿੱਚ ਅੱਗਲਵਾਂਢੀ ਚੱਲਦੀ ਜਾਪਦੀ ਹੈ ਤੇ ਉਸ ਦਾ ਬਦਲ ਹੋਣ ਦਾ ਹਾਲੇ ਤੱਕ ਦਾਅਵਾ ਕਰਦੀ ਕਾਂਗਰਸ ਪਾਰਟੀ ਆਪਣੀ ਲੀਡਰਸ਼ਿਪ ਦੀਆਂ ਅੰਦਰੂਨੀ ਉਲਝਣਾਂ ਕਾਰਨ ਅਗਲੀਆਂ ਚੋਣਾਂ ਦੀ ਤਿਆਰੀ ਦਾ ਵੱਡਾ ਕੰਮ ਭੁੱਲੀ ਬੈਠੀ ਜਾਪਦੀ ਹੈ। ਇਸ ਵੇਲੇ ਪਾਰਲੀਮੈਂਟ ਵਿਚਲੀ ਵਿਰੋਧ ਦੀ ਮੁੱਖ ਧਿਰ ਕਾਂਗਰਸ ਪਾਰਟੀ ਭਵਿੱਖ ਦੀ ਆਪਣੀ ਜ਼ਿਮੇਵਾਰੀ ਤੋਂ ਅਵੇਸਲੀ ਹੋ ਸਕਦੀ ਹੈ, ਪਰ ਲੋਕਤੰਤਰ ਆਪਣੀਆਂ ਲੋੜਾਂ ਨੂੰ ਅੱਖੋਂ ਪਰੋਖਾ ਨਹੀਂ ਕਰ ਸਕਦਾ ਅਤੇ ਹਰ ਸਮੇਂ ਦੇਸ਼ ਦੀ ਸਰਕਾਰ ਦੇ ਮੂਹਰੇ ਡਟਣ ਵਾਲੀ ਵਿਰੋਧੀ ਧਿਰ ਦਾ ਹੋਣਾ ਵੀ ਤੇ ਮਜ਼ਬੂਤ ਹੋਣਾ ਵੀ ਲੋਕਤੰਤਰ ਦੀ ਇੱਕ ਵੱਡੀ ਲੋੜ ਹੁੰਦੀ ਹੈ। ਜਦੋਂ ਤੇ ਜਿਸ ਦੇਸ਼ ਦੀ ਵਿਰੋਧੀ ਧਿਰ ਕਮਜ਼ੋਰ ਹੋ ਜਾਵੇ ਜਾਂ ਹੌਸਲਾ ਛੱਡ ਕੇ ਨਿਗੂਣੀਆਂ ਗੱਲਾਂ ਵਿੱਚ ਰੁੱਝ ਜਾਵੇ, ਓਥੇ ਸਰਕਾਰ ਚਲਾਉਣ ਵਾਲੀ ਧਿਰ ਨਿਰੰਕੁਸ਼ ਹੋ ਕੇ ਆਪਣੀ ਮਨ-ਮਰਜ਼ੀ ਕਰਨ ਵਿੱਚ ਹੱਦਾਂ ਟੱਪਣ ਲੱਗ ਜਾਂਦੀ ਹੈ। ਹਾਥੀ ਦੀ ਗਰਦਨ ਉੱਤੇ ਬੈਠ ਕੇ ਉਸ ਨੂੰ ਕੰਟਰੋਲ ਕਰਦੇ ਮਹਾਵਤ ਦੇ ਹੱਥ ਵਿੱਚ ਫੜੇ ਹੋਏ ਲੋਹੇ ਦੇ ਕੁੰਡੇ ਨੂੰ 'ਅੰਕੁਸ਼' ਕਹਿੰਦੇ ਹਨ ਅਤੇ ਜਦੋਂ ਉਹ ਲੋਹੇ ਦਾ ਅੰਕੁਸ਼ ਮਹਾਵਤ ਕੋਲ ਨਾ ਹੋਵੇ ਤਾਂ ਹਾਥੀ 'ਨਿਰੰਕੁਸ਼' ਹੋ ਜਾਂਦਾ ਹੈ ਤੇ ਮਹਾਵਤ ਦੀ ਪ੍ਰਵਾਹ ਨਹੀਂ ਕਰਿਆ ਕਰਦਾ। ਇਸ ਵਕਤ ਭਾਰਤ ਦੇ ਲੋਕਤੰਤਰ ਦੀ ਅਗਵਾਈ ਕਰਨ ਵਾਲੇ ਵੀ ਆਪਣੇ ਸਾਹਮਣੇ ਵਿਰੋਧੀ ਧਿਰ ਦੇ ਖੋਖਲੇਪਣ ਕਾਰਨ ਨਿਰੰਕੁਸ਼ ਜਾਪਦੇ ਹਨ।

ਕਿਸੇ ਵਕਤ ਇੱਕ ਸੰਸਾਰ ਪ੍ਰਸਿੱਧ ਸ਼ਖਸੀਅਤ ਇੰਦਰਾ ਗਾਂਧੀ ਦੀ ਅਗਵਾਈ ਨੂੰ ਚੁਣੌਤੀ ਦੇਣਾ ਅਸੰਭਵ ਮੰਨਿਆਜਾਂਦਾ ਸੀ, ਪਰ ਉਹਦੇ ਰਾਜ ਦੀਆਂ ਗਲਤੀਆਂ ਤੇ ਜ਼ਿਆਦਤੀਆਂ ਉਸ ਦੇ ਖਿਲਾਫ ਆਮ ਲੋਕਾਂ ਦੀ ਕੋਈ ਨਾ ਕੋਈ ਲਹਿਰ ਖੜੀ ਹੋਣ ਦਾ ਕਾਰਨ ਬਣਦੀਆਂ ਰਹੀਆਂ ਸਨ। ਇਸ ਦਾ ਕਾਰਨ ਇਹ ਸੀ ਕਿ ਉਸ ਵੇਲੇ ਭਾਰਤ ਵਿੱਚ ਖੱਬੇ ਤੇ ਸੱਜੇ ਪਾਸੇ ਵਾਲੀਆਂ ਕਈ ਧਿਰਾਂ ਦਾ ਆਮ ਲੋਕਾਂ ਵਿੱਚ ਏਨਾ ਵੱਡਾ ਆਧਾਰ ਹੁੰਦਾ ਸੀ ਕਿ ਕਦੇ ਖੱਬੀਆਂ ਧਿਰਾਂ ਮੋਰਚਾ ਵਿੱਢ ਲੈਂਦੀਆਂ ਸਨ ਤੇ ਕਦੀ ਸੱਜੇ ਪੱਖੀ ਧਿਰਾਂ ਅੰਦੋਲਨ ਛੇੜ ਲੈਂਦੀਆਂ ਸਨ। ਇੰਦਰਾ ਗਾਂਧੀ ਦੇ ਰਾਜ ਦਾ ਕੋਈ ਸਾਲ ਵੀ ਮੋਰਚਿਆਂ ਅਤੇ ਅੰਦੋਲਨਾਂ ਤੋਂ ਵਾਂਝਾ ਨਹੀਂ ਸੀ ਰਹਿੰਦਾ ਅਤੇ ਫਿਰ ਇੱਕ ਮੌਕੇ ਉਸ ਦੇ ਵਿਰੋਧ ਵਾਸਤੇ ਕਈ ਪਾਰਟੀਆਂ ਨੇ ਮਹਾ-ਗੱਠਜੋੜ ਬਣਾ ਲਿਆ ਸੀ, ਜਿਸ ਦੀ ਅਗਵਾਈ 'ਪਾਰਟੀ ਰਹਿਤ ਲੋਕਤੰਤਰ' ਵਰਗੀ ਧਾਰਨਾ ਦੇ ਪ੍ਰਚਾਰਕ ਜੈ ਪ੍ਰਕਾਸ਼ ਨਾਰਾਇਣ ਨੂੰ ਦਿੱਤੀ ਗਈ ਸੀ। ਲੋਕਾਂ ਨੂੰ ਅੱਜ ਤੱਕ ਇਹ ਗੱਲ ਯਾਦ ਹੈ ਕਿ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਸੀ, ਪਰ ਇਹ ਗੱਲ ਯਾਦ ਰੱਖਣ ਦੀ ਲੋੜ ਨਹੀਂ ਜਾਪਦੀ ਕਿ ਇਹ ਉਸ ਨੇ ਲਾਈ ਨਹੀਂ ਸੀ, ਉਸ ਨੂੰ ਲਾਉਣੀ ਪੈ ਗਈ ਸੀ। ਹਾਲੇ ਸਾਢੇ ਤਿੰਨ ਸਾਲ ਪਹਿਲਾਂ ਬੰਗਲਾ ਦੇਸ਼ ਦੀ ਜੰਗ ਜਿੱਤ ਕੇ ਆਪਣੀ ਲੀਡਰੀ ਦਾ ਸਿੱਕਾ ਜਮਾਉਣ ਵਾਲੀ ਇੰਦਰਾ ਗਾਂਧੀ ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਨਿੱਤ ਦੇ ਅੰਦੋਲਨਾਂ ਮੂਹਰੇ ਖੁਦ ਨੂੰ ਬੇਵੱਸ ਮਹਿਸੂਸ ਕਰਨ ਲੱਗ ਪਈ ਸੀ ਅਤੇ ਉਸ ਦੇ ਪੁੱਤਰ ਦੀ ਜੁੰਡੀ ਦੀਆਂ ਗਲਤੀਆਂ ਨੇ ਉਸ ਨੂੰ ਐਮਰਜੈਂਸੀ ਲਾ ਕੇ ਆਪਣਾ ਜਲੂਸ ਕਢਵਾਉਣ ਦੇ ਰਾਹ ਪਾ ਦਿੱਤਾ ਸੀ।

ਇਸ ਵੇਲੇ ਭਾਰਤ ਦੀ ਅਗਵਾਈ ਨਰਿੰਦਰ ਮੋਦੀ ਦੇ ਹੱਥ ਹੈ, ਜਿਸ ਦੇ ਪਿੱਛੇ ਬਾਕਾਇਦਾ ਜਥੇਬੰਦ ਫੋਰਸ ਖੜੀ ਹੈ ਤੇ ਉਸ ਦੀ ਆਪਣੀ ਸ਼ਖਸੀਅਤ ਇਸ ਵੇਲੇਕਈ ਲੋਕਾਂ ਨੂੰ ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਤੋਂ ਵੀ ਵੱਡੀ ਜਾਪਣ ਲੱਗ ਪਈ ਹੈ। ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਧਰਮ-ਨਿਰਪੱਖ ਰਾਜਨੀਤੀ ਕਰਨ ਦੇ ਝੰਡਾ ਬਰਦਾਰ ਸਨ, ਭਾਵੇਂ ਵਕਤ ਮੁਤਾਬਕ ਉਹ ਵੀ, ਖਾਸ ਕਰ ਕੇ ਇੰਦਰਾ ਗਾਂਧੀ, ਧਰਮ ਦਾ ਹੱਥਕੰਡਾ ਵਰਤ ਜਾਂਦੀ ਹੁੰਦੀ ਸੀ, ਪਰ ਨਰਿੰਦਰ ਮੋਦੀ ਏਦਾਂ ਦਾ ਨਹੀਂ, ਉਹ ਧਰਮ-ਨਿਰਪੱਖਤਾ ਨੂੰ ਵਿਖਾਵੇ ਦੀ ਗੱਲ ਕਹਿੰਦਾ ਹੈ ਤੇ ਦੇਸ਼ ਦੀ ਬਹੁ-ਗਿਣਤੀ ਦੇ ਧਰਮ ਦਾ ਝੰਡਾ ਚੁੱਕਣ ਤੋਂ ਕਦੇ ਝਿਜਕਿਆ ਹੀ ਨਹੀਂ। ਚੋਣਾਂ ਦੇ ਦੌਰਾਨ ਉਹ ਏਦਾਂ ਦੇ ਨਾਅਰੇ ਜਦੋਂ ਚੁੱਕਦਾ ਹੈ ਕਿ 'ਜਿਹੜੇ ਪਿੰਡ ਵਿੱਚ ਕਬਰਸਤਾਨ ਹੈ, ਓਥੇ ਸ਼ਮਸ਼ਾਨ ਵੀ ਚਾਹੀਦਾ ਹੈ' ਤਾਂ ਅਰਥ ਇਹ ਨਹੀਂ ਕਿ ਅੱਜ ਤੱਕ ਉਸ ਪਿੰਡ ਵਿਚਲੇ ਲੋਕ ਆਪਣੇ ਮ੍ਰਿਤਕਾਂ ਦਾ ਅੰਤਮ ਸੰਸਕਾਰ ਸ਼ਮਸ਼ਾਨ ਘਾਟ ਤੋਂ ਬਿਨਾਂ ਕਰਦੇ ਸਨ, ਸਗੋਂ ਇਸ ਬਹਾਨੇ ਉਹ 'ਕਬਰਸਤਾਨ' ਵਾਲਿਆਂ ਅਤੇ 'ਸ਼ਮਸ਼ਾਨ' ਵਾਲਿਆਂ ਵਿਚਾਲੇ ਇੱਕ ਕਤਾਰਬੰਦੀ ਕਰ ਦੇਂਦਾ ਹੈ। ਏਦਾਂ ਦੀ ਕਤਾਰਬੰਦੀ ਹੀ ਉਸ ਦੀ ਰਾਜਨੀਤੀ ਤੇ ਚੋਣ ਪੈਂਤੜੇ ਦਾ ਉਹ ਆਧਾਰ ਹੁੰਦੀ ਹੈ, ਜਿਹੜੀ ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਕਦੇ ਨਹੀਂ ਸਨ ਕਰ ਸਕਦੇ, ਇਸ ਲਈ ਇਸ ਵੇਲੇ ਨਰਿੰਦਰ ਮੋਦੀ ਅੱਗੇ ਅੜਨ ਵਾਲਾ ਕੋਈ ਛੋਟੇ ਕੱਦ ਵਾਲਾ ਆਗੂ ਨਹੀਂ, ਆਪਣੇ ਅਕਸ ਅਤੇ ਇਸ ਦੇ ਨਾਲ ਆਪਣੇ ਪੈਂਤੜਿਆਂ ਅਤੇ ਲੋਕ-ਭਾਸ਼ਾ ਵਿੱਚ ਬੋਲ ਸਕਣ ਵਾਲਾ ਆਗੂ ਚਾਹੀਦਾ ਹੈ। ਅੱਜ ਦੀ ਰਾਜਨੀਤਕ ਸਥਿਤੀ ਵਿੱਚ ਵਿਰੋਧੀ ਧਿਰ ਕੋਲ ਇਹੋ ਜਿਹੇ ਪੱਖ ਤੋਂ ਨਰਿੰਦਰ ਮੋਦੀ ਦੇ ਮੁਕਾਬਲੇ ਦਾ ਲੀਡਰ ਅਜੇ ਉੱਭਰਦਾ ਨਜ਼ਰ ਨਹੀਂ ਪੈਂਦਾ ਅਤੇ ਉਸ ਦਾ ਮੁਕਾਬਲਾ ਕਰਨ ਜੋਗੇ ਲੀਡਰ ਦੀ ਘਾਟ ਵੀ ਲੋਕਤੰਤਰੀ ਸਰਕਾਰ ਨੂੰ ਨਿਰੰਕੁਸ਼ ਬਣਾ ਸਕਦੀ ਹੈ।

ਦਸ ਸਾਲ ਪਹਿਲਾਂ ਅਸੀਂ ਭ੍ਰਿਸ਼ਟਾਚਾਰ ਵਿਰੋਧ ਦੇ ਨਾਂਅ ਹੇਠ ਬਜ਼ੁਰਗ ਸਮਾਜ ਸੇਵੀ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਇੱਕ ਲਹਿਰ ਚੱਲਦੀ ਵੇਖੀ ਸੀ, ਜਿਸ ਕਾਰਨ ਇੱਕ ਮੌਕੇ ਪਾਰਲੀਮੈਂਟ ਨੂੰ ਦੇਰ ਰਾਤ ਤੱਕ ਬਹਿ ਕੇ ਉਸ ਦੀਆਂ ਮੰਗਾਂ ਮੰਨ ਲੈਣ ਦਾ ਮਤਾ ਪਾਸ ਕਰਨਾ ਅਤੇ ਉਸ ਦੇ ਮੰਚ ਉੱਤੇ ਇੱਕ ਮੰਤਰੀ ਹੱਥ ਭੇਜਣਾ ਪਿਆ ਸੀ। ਉਹ ਲਹਿਰ ਕੁਝ ਚਿਰ ਬਾਅਦ ਸਮੇਟੀ ਗਈ ਅਤੇ ਉਸ ਵਿੱਚੋਂ ਇੱਕ ਨਵੀਂ ਸਿਆਸੀ ਧਿਰ ਆਮ ਆਦਮੀ ਪਾਰਟੀ ਨਿਕਲੀ, ਜਿਹੜੀ ਪਹਿਲਾਂ ਚਾਰ ਦਿਨਾਂ ਦੀ ਚਮਕ ਹੀ ਜਾਪਦੀ ਸੀ, ਪਰ ਅੱਜ ਹਕੀਕਤ ਮੰਨੀ ਜਾਣ ਲੱਗ ਪਈ ਹੈ। ਇਹ ਕੋਈ ਇਨਕਲਾਬੀ ਪਾਰਟੀ ਨਹੀਂ ਤੇ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਜਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਨ-ਕਲਾਬ ਦੇ ਨਾਅਰੇ ਲਾਉਣ ਨਾਲਇਨਕਲਾਬੀ ਨਹੀਂ ਮੰਨੀ ਜਾ ਸਕਦੀ, ਪਰ ਇਸ ਨੇ ਲੋਕਾਂ ਵਿੱਚ ਇਹ ਆਸ ਜ਼ਰੂਰ ਪੈਦਾ ਕਰ ਵਿਖਾਈ ਹੈ ਕਿ ਜਦੋਂ ਹਰ ਪਾਸੇ ਭਾਜਪਾ ਹੂੰਝਾ ਫੇਰੀ ਜਾ ਰਹੀ ਹੈ, ਉਸ ਅੱਗੇ ਅੜਨ ਵਾਲਾ ਕੋਈ ਹੈ। ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਕੇਜਰੀਵਾਲ ਵੀ ਇੱਕ ਤਰ੍ਹਾਂ ਭਾਜਪਾ ਦੀ ਬੀ-ਟੀਮ ਹੈ, ਅਸੀਂ ਉਨ੍ਹਾਂ ਦੀ ਰਾਏ ਨਾਲ ਸਹਿਮਤ ਨਹੀਂ, ਕਾਰਨ ਇਸ ਦਾ ਇਹ ਹੈ ਕਿ ਗੁਰੂ ਗੋਲਵਾਲਕਰ ਦੇ ਵਕਤ ਤੋਂ ਇੱਕ ਖਾਸ ਧਰਮ ਦੀ ਸਰਦਾਰੀ ਦੀ ਸੋਚ ਨਾਲ ਪਰੇਡਾਂ ਕਰ ਕੇ ਪ੍ਰਵਾਨ ਚੜ੍ਹਿਆ ਇੱਕ ਖਾਸ ਵਰਗ ਇਸ ਨਵੀਂ ਪਾਰਟੀ ਦੇ ਪਿੱਛੇ ਖੜੋਤਾ ਨਹੀਂ ਦਿੱਸਦਾ। ਪਰਦੇ ਪਿੱਛੇ ਕੌਣ ਕੀ ਕਰਦਾ ਹੈ, ਇਸ ਨੂੰ ਸਮਝਣਾ ਸਾਡੇ ਲਈ ਮੁਸ਼ਕਲ ਹੋ ਸਕਦਾ ਹੈ, ਪਰ ਦੇਸ਼ ਦੇ ਆਮ ਲੋਕਾਂ ਦਾ ਮੁਹਾਣ ਹੈ ਕਿ ਜਿੱਦਾਂ ਭਾਰਤ ਦੀ ਮੌਜੂਦਾ ਸਰਕਾਰ ਲੋਕਤੰਤਰ ਨੂੰ ਆਪਣੀ ਜਕੜ ਵਿੱਚ ਰੱਖ ਕੇ ਮਰਜ਼ੀ ਮੁਤਾਬਕ ਚਲਾਉਣ ਦੇ ਯਤਨ ਕਰਦੀ ਹੈ, ਉਸ ਦੇ ਮੂਹਰੇ ਕੋਈ ਸਪੀਡ ਬਰੇਕਰ ਚਾਹੀਦਾ ਹੈ ਤੇ ਉਹ ਸਪੀਡ ਬਰੇਕਰ ਆਮ ਆਦਮੀ ਪਾਰਟੀ ਹੋ ਸਕਦੀ ਹੈ।

ਅਸੀਂ ਇਸ ਸੋਚ ਨਾਲ ਪੂਰੇ ਸਹਿਮਤ ਨਹੀਂ ਹੋ ਸਕੇ, ਪਰ ਪਿਛਲੇ ਦਿਨਾਂ ਦੀਆਂ ਘਟਨਾਵਾਂ ਦੌਰਾਨ ਜਿੱਦਾਂ ਕਾਂਗਰਸ ਦੀ ਲੀਡਰਸ਼ਿਪ ਨੂੰ ਆਪਸ ਵਿੱਚ ਘੁਲਦੇ ਤੇ ਖੁਰਦੇ ਵੇਖਿਆ ਹੈ, ਜਿਵੇਂ ਰਾਜਾਂ ਦੀ ਉਸ ਦੀ ਲੀਡਰਸ਼ਿਪ ਅਣਹੋਈ ਬਣਦੀ ਵੇਖੀ ਹੈ, ਉਸ ਨੇ ਕਈ ਨਵੇਂ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ। ਹਿਮਾਚਲ ਪ੍ਰਦੇਸ਼ ਵਿੱਚ ਅਰਵਿੰਦ ਕੇਜਰੀਵਾਲ ਨੇ ਤਿੰਨ ਰੈਲੀਆਂ ਕੀਤੀਆਂ, ਤਿੰਨੇ ਥਾਂ ਭੀੜਾਂ ਜੁੜੀਆਂ ਵੇਖ ਕੇ ਇੱਕ ਹਫਤੇ ਅੰਦਰ ਭਾਜਪਾ ਵਾਲਿਆਂ ਨੇ ਜਵਾਬੀ ਰੈਲੀਆਂ ਕਰ ਕੇ ਆਪਣੀ ਹੋਂਦ ਵਿਖਾਈ, ਪਰ ਉਸ ਰਾਜ ਵਿੱਚ ਅੱਜ ਤੱਕ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਕਿਤੇ ਨਹੀਂ ਰੜਕੀ। ਗੁਜਰਾਤ ਦੇ ਕਾਂਗਰਸੀ ਦਿਲ ਛੱਡੀ ਬੈਠੇ ਹਨ ਅਤੇ ਆਪਸੀ ਲੜਾਈ ਕਾਰਨ ਜਿਹੜਾ ਵੀ ਪਾਰਟੀ ਛੱਡੇ, ਸਿਰਫ ਭਾਜਪਾ ਵੱਲ ਜਾਂਦਾ ਹੈ। ਸ਼ਹਿਰਾਂ ਤੇ ਕਸਬਿਆਂ ਦੀਆਂ ਚੋਣਾਂ ਵਿੱਚ ਜਦੋਂ ਕਾਂਗਰਸ ਹਰ ਥਾਂ ਪਛੜਦੀ ਜਾਂਦੀ ਹੈ, ਆਮ ਆਦਮੀ ਪਾਰਟੀ ਵੱਧ ਜਾਂ ਘੱਟ ਜਿੰਨੀਆਂ ਵੀ ਸੀਟਾਂ ਲਵੇ, ਕਾਂਗਰਸ ਦੀ ਥਾਂ ਮੱਲਦੀ ਜਾਪਦੀ ਹੈ। ਪਿਛਲੇ ਐਤਵਾਰ ਹਰਿਆਣੇ ਦੇ ਤਿੰਨ ਸ਼ਹਿਰਾਂ ਵਿੱਚ ਇੱਕੋ ਸਮੇਂ ਤਿੰਨਾਂ ਧਿਰਾਂ ਨੇ ਰੈਲੀਆਂ ਕੀਤੀਆਂ ਤਾਂ ਭਾਜਪਾ ਦੀ ਰੈਲੀ ਆਸ ਮੁਤਾਬਕ ਬਹੁਤ ਤਕੜੀ ਸੀ ਤੇ ਆਮ ਆਦਮੀ ਪਾਰਟੀ ਦਾ ਇਕੱਠ ਵੀ ਬਹੁਤ ਤਕੜਾ ਸੀ, ਪਰ ਕਾਂਗਰਸ ਉਸ ਤਰ੍ਹਾਂ ਦੀ ਭੀੜ ਨਹੀਂ ਜੋੜ ਸਕੀ, ਜਿੱਦਾਂ ਦੀ ਉਸ ਤੋਂ ਆਸ ਕੀਤੀ ਜਾ ਰਹੀ ਸੀ। ਮਰਨੇ ਪਈ ਹੋਈ ਕਾਂਗਰਸ ਪਾਰਟੀ ਨੂੰ ਸੰਭਾਲਣ ਦੀ ਥਾਂ ਇਸ ਦੇ ਉਹ ਆਗੂ ਪਿਛਲੇ ਦਿਨੀਂ ਰਾਜ ਸਭਾ ਸੀਟਾਂ ਲਈ ਵੀ ਇੱਕ ਦੂਸਰੇ ਦੇ ਖੰਭ ਨੋਚਣ ਤੇ ਪਾਰਟੀ ਛੱਡਣ ਲੱਗ ਪਏ, ਜਿਹੜੇ ਪਾਰਟੀ ਦੇ ਭਵਿੱਖ ਵਾਸਤੇ ਹਾਈ ਕਮਾਂਡ ਨਾਲ ਆਢਾ ਲਾਉਣ ਦੇ ਦਾਅਵੇ ਕਰਦੇ ਸਨ। ਸਾਫ ਹੈ ਕਿ ਆਪਸੀ ਆਢਾ ਪਾਰਟੀ ਦੇ ਭਵਿੱਖ ਲਈ ਨਹੀਂ, ਆਪਣੇ ਭਵਿੱਖ ਦੀਆਂ ਲੋੜਾਂ ਵਾਸਤੇ ਲਾਇਆ ਜਾ ਰਿਹਾ ਸੀ। ਫਿਰ ਪਾਰਟੀ ਨੂੰ ਬਚਾਉਣ ਵਾਲਾ ਆਗੂ ਕਿਹੜਾ ਹੈ?

ਬਹੁਤ ਸਾਰੇ ਲੋਕਾਂ ਨੂੰ ਜਾਪਦਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਹਾਲੇ ਦੋ ਸਾਲ ਦੇ ਕਰੀਬ ਪਏ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਅੱਗ ਲੱਗੀ ਤੋਂ ਖੂਹ ਪੁੱਟਣ ਵਾਂਗ ਕਿਸੇ ਵੀ ਚੋਣ ਦੰਗਲ ਦੀ ਤਿਆਰੀ ਸਿਰ ਪਏ ਤੋਂ ਨਹੀਂ ਹੋਇਆ ਕਰਦੀ, ਪਹਿਲਾਂ ਕਰਨੀ ਪੈਂਦੀ ਹੈ ਤੇ ਇਸ ਪੱਖੋਂ ਵਿਰੋਧ ਦੀ ਮੁੱਖ ਧਿਰ ਅਵੇਸਲੀ ਹੈ। ਭਾਰਤ ਅਗਲੇ ਚੋਣ ਘੋਲ ਲਈ ਜਦੋਂ ਤਿਆਰ ਹੁੰਦਾ ਪਿਆ ਹੈ, ਉਸ ਦੀ ਤਿਆਰੀ ਲਈ ਸਿਰਫ ਦੋ ਧਿਰਾਂ ਸਰਗਰਮ ਜਾਪਦੀਆਂ ਹਨ ਅਤੇ ਉਹ ਹਨ ਕੇਂਦਰ ਵਿੱਚ ਰਾਜ ਕਰਦੀ ਭਾਜਪਾ ਤੇ ਉਸ ਦਾ ਬਦਲ ਬਣਨ ਦੀ ਇੱਛਾ ਰੱਖਦੀ ਆਮ ਆਦਮੀ ਪਾਰਟੀ। ਅਜੋਕੇ ਹਾਲਾਤ ਵਿੱਚ ਇਹ ਕਹਿਣਾ ਔਖਾ ਹੈ ਕਿ ਆਮ ਆਦਮੀ ਪਾਰਟੀ ਦੀ ਇੱਛਾ ਸਿਰੇ ਚੜ੍ਹੇਗੀ ਜਾਂ ਨਹੀਂ,ਪਰ ਭਾਜਪਾ ਵਿਰੁੱਧ ਪੈਂਤੜੇ ਮੱਲਣ ਵਿੱਚ ਕਸਰ ਉਹ ਨਹੀਂ ਛੱਡ ਰਹੀ। ਮਜ਼ਬੂਤ ਵਿਰੋਧੀ ਧਿਰ ਕਿਉਂਕਿ ਕਿਸੇ ਪਾਰਟੀ ਦੀ ਨਹੀਂ, ਲੋਕਤੰਤਰ ਦੀ ਲੋੜ ਹੁੰਦੀ ਹੈ, ਭਾਰਤ ਦਾ ਲੋਕਤੰਤਰ ਵੀ ਕੁਝ ਨਾ ਕੁਝ ਰੰਗ ਵਿਖਾਵੇਗਾ ਜ਼ਰੂਰ, ਪਰ ਕਿਹੜੇ, ਪਤਾ ਨਹੀਂ।

# ਭਾਰਤ ਦਾ ਭਵਿੱਖ ਹਥਿਆਰ ਨਹੀਂ, ਅਨਾਜ ਹੈ



ਡਾਕਟਰ ਦੇਵਿੰਦਰ ਸ਼ਰਮਾ

ਇੱਕ ਪਾਸੇ ਇੱਕ ਖਬਰ ਹੈ ਕਿ ਅਮਰੀਕਾ ਦੇ ਟੈਕਸਾਸ ਵਿੱਚ ਹਥਿਆਰਾਂ ਦੀ ਖੁੱਲ੍ਹੀ ਖੇਡ ਵਿੱਚ 18 ਤੋਂ ਵੱਧ ਬੱਚੇ ਮਾਰੇ ਗਏ ਅਤੇ ਦੂਜੇ ਪਾਸੇ ਆਈ ਐੱਮ ਐੱਫ ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਾਲੀਨਾ ਜਾਰਜਜੀਵਾ ਨੇ ਦੁਨੀਆ ਦੀ ਫੂਡ ਸਪਲਾਈ ਵਿੱਚ ਸਹਿਯੋਗ ਲਈ ਭਾਰਤ ਤੋਂ ਕਣਕ ਐਕਸਪੋਰਟ ਤੋਂ ਪਾਬੰਦੀ ਹਟਾਉਣ ਦੀ ਬੇਨਤੀ ਕੀਤੀ ਹੈ। ਇੱਕ ਤਰ੍ਹਾਂ ਕਹਿਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਇਸ ਮਾਮਲੇ ਵਿਚ ਬਾਕਾਇਦਾ ਹੱਥ ਜੋੜੇ ਹਨ। ਇਸ ਤੋਂ ਪਹਿਲਾਂ ਜੀ-7 ਦੇਸ਼ਾਂ ਨੇ ਵੀ ਇਸ ਮੁੱਦੇ ਉੱਤੇ ਨਾਰਾਜ਼ਗੀ ਜ਼ਾਹਿਰ ਕੀਤੀ ਸੀ।ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਨੂੰ ਕਣਕ ਐਕਸਪੋਰਟ ਜਾਰੀ ਰੱਖਣੀ ਚਾਹੀਦੀ ਹੈ, ਪਰ ਕੀ ਮੌਜੂਦਾ ਹਾਲਾਤ ਅਜਿਹੇ ਹਨ ਕਿ ਦੁਨੀਆ ਦੇ ਵੱਡਿਆਂ-ਵੱਡਿਆਂ ਦੇ ਇਸ ਦਬਾਅ ਵਿੱਚ ਆ ਜਾਣਾ ਚਾਹੀਦਾ ਹੈ। ਮੇਰਾ ਜਵਾਬ ਨਾਂਹ ਹੈ। ਭਾਰਤ ਨੂੰ ਆਪਣੀ ਸਿਆਸੀ ਮਜ਼ਬੂਤੀ ਦਿਖਾਉਣੀ ਚਾਹੀਦੀ ਹੈ।

ਅਸੀਂ ਇੱਕ ਸੌ ਚਾਲੀ ਕਰੋੜ ਦੀ ਆਬਾਦੀ ਵਾਲਾ ਦੇਸ਼ ਹਾਂ, ਜਿਸ ਦੇ ਅੱਸੀ ਕਰੋੜ ਲੋਕ ਅਨਾਜ ਦੀ ਘਾਟ ਦੇ ਘੇਰੇ ਵਿੱਚ ਹਨ।ਇਹ ਵੀ ਸਹੀ ਹੈ ਕਿ ਇਨ੍ਹਾਂ ਵਿੱਚੋਂ ਸਾਰੇ ਲੋਕ ਗਰੀਬ ਨਹੀਂ ਹਨ, ਪਰ ਇਨ੍ਹਾਂ ਸਭਨਾਂ ਨੂੰ ਅਨਾਜ ਦੇਣ ਦੀ ਹਰ ਸਾਲ ਹਮੇਸ਼ਾ ਲੋੜ ਪੈਂਦੀ ਰਹੀ ਹੈ ਅਤੇ ਅੱਗੇ ਵੀ ਪੈਣੀ ਹੈ। ਬਹੁਤ ਸਪੱਸ਼ਟ ਹੈ ਕਿ ਕਣਕ ਬਾਰੇ ਸ਼ੁਰੂ ਵਿੱਚ ਜ਼ਰੂਰ ਸਥਿਤੀ ਹੋਰ ਸੀ ਅਤੇ ਉਸੇ ਅਨੁਸਾਰ ਸਰਕਾਰ ਇੰਪੋਰਟ ਲਈ ਉਤਸ਼ਾਹਤ ਸੀ, ਪਰ ਤੇਜ਼ ਗਰਮੀ ਨਾਲ ਉਤਪਾਦਨ ਅਤੇ ਟੀਚੇ ਵਿੱਚ ਕਮੀ ਦੇ ਕਾਰਨ ਸਰਕਾਰ ਨੇ ਇੰਪੋਰਟ ਤੋਂ ਹੱਥ ਖਿੱਚ ਕੇ ਸ਼ਲਾਘਾਯੋਗ ਕੰਮ ਕੀਤਾ ਹੈ।ਪਹਿਲਾਂ ਸਰਕਾਰ ਨੂੰ ਜਾਪਦਾ ਸੀ ਕਿ ਉਹ ਇਸ ਸਾਲ ਵਿੱਚ 10 ਕਰੋੜ ਟਨ ਦੇ ਨੇੜੇ ਕਣਕ ਐਕਸਪੋਰਟ ਕਰ ਸਕੇਗੀ, ਟ੍ਰੇਡ ਦਾ ਮੁਲਾਂਕਣ ਦੇਖੀਏ ਤਾਂ 2.1 ਕਰੋੜ ਟਨ ਤੱਕ ਐਕਸਪੋਰਟ ਕਰਨ ਦੀ ਵੀ ਸਾਡੀ ਸਮਰੱਥਾ ਸੀ, ਪਰ ਹਾਲਾਤ ਬਦਲੇ ਤਾਂ ਸਰਕਾਰ ਨੇ ਮਹੱਤਵਪੂਰਨ ਕਦਮ ਚੁੱਕਦੇ ਹੋਏ ਐਕਸਪੋਰਟ ਤੋਂ ਕਦਮ ਪਿੱਛੇ ਕਰ ਲਏ। ਦਰਅਸਲ ਮੌਸਮ ਵਿੱਚ ਤਬਦੀਲੀ ਦੇ ਇਲਾਵਾ ਰੂਸ ਅਤੇ ਯੂਕਰੇਨ ਜੰਗ ਕਾਰਨ ਦੁਨੀਆ ਵਿੱਚ ਅਨਾਜ ਬਾਰੇ ਹਫੜਾ-ਦਫੜੀ ਮਚੀ ਹੋਈ ਹੈ।

ਮੇਰੀ ਸਾਫ ਰਾਏ ਹੈ ਕਿ ਭਾਰਤ ਦੀ ਇਹ ਬੜੀ ਵੱਡੀ ਕਿਸਮਤ ਹੈ ਕਿ ਬੀਤੇ ਕਈ ਸਾਲਾਂ, 2003-04 ਤੋਂ ਅਸੀਂ ਦੇਖੀਏ ਤਾਂ ਜੋ ਸਰਕਾਰਾਂ ਸਨ, ਉਨ੍ਹਾਂ ਨੇ ਸਾਡੇ ਅਰਥਸ਼ਾਸਤਰੀਆਂ ਦੀ ਗੱਲ ਨਹੀਂ ਸੁਣੀ। ਚੰਗੀ ਕਿਸਮਤ ਇਸ ਲਈ ਕਿ ਅਰਥਸ਼ਾਸਤਰੀ ਚਾਹੁੰਦੇ ਸਨ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਸਟੋਰੇਜ ਨੂੰ ਖਤਮ ਕਰੇ ਤੇ ਖੇਤੀ ਨੂੰ ਮਾਰਕੀਟ ਦੇ ਹਵਾਲੇ ਕਰ ਦਿੱਤਾ ਜਾਵੇ।ਤਿੰਨੇ ਖੇਤੀਬਾੜੀ ਕਾਨੂੰਨ ਵੀ ਉਸੇ ਸੋਚ ਦਾ ਨਤੀਜਾ ਸਨ। ਕਾਨੂੰਨ ਨੂੰ ਤਾਂ ਲੰਬੇ ਅੰਦੋਲਨ ਪਿੱਛੋਂ ਪ੍ਰਧਾਨ ਮੰਤਰੀ ਨੇ ਵਾਪਸ ਲੈ ਲਿਆ, ਜੋ ਆਪਣੇ ਆਪ ਵਿੱਚ ਮਹੱਤਵਪੂਰਨ ਹੈ। ਇਹ ਸੋਚਣ ਦੀ ਗੱਲ ਹੈ ਕਿ ਜੇ ਭਾਰਤ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦਾ ਸਿਸਟਮ ਖਤਮ ਕਰ ਚੁੱਕਾ ਹੁੰਦਾ ਤਾਂ ਕੀ ਅੱਜ ਅਸੀਂ ਵੀ ਦੁਨੀਆ ਵਿੱਚ ਆਪਣਾ ਠੂਠਾ ਲੈ ਕੇ ਨਾ ਖੜੇ ਹੁੰਦੇ। ਇਹ ਜਾਣਨਾ ਜ਼ਰੂਰੀ ਹੈ ਕਿ ਸਾਨੂੰ 21 ਸਾਲਾਂ ਤੋਂ ਦੱਸਿਆ ਗਿਆ ਸੀ ਕਿ ਸਾਨੂੰ ਮੁਕਾਬਲੇਬਾਜ਼ੀ ਕੌਮਾਂਤਰੀ ਬਾਜ਼ਾਰ ਉੱਤੇ ਭਰੋਸਾ ਕਰਨਾ ਚਾਹੀਦਾ ਹੈ। ਖੇਤੀਬਾੜੀ ਨਿਵੇਸ਼ ਦੀ ਗੱਲ ਬੇਕਾਰ ਕਹੀ ਜਾਂਦੀ ਸੀ, ਪਰ ਉਦੋਂ ਦੀਆਂ ਸਰਕਾਰਾਂ ਨੇ ਅਰਥਸ਼ਾਸਤਰੀਆਂ ਦੀਆਂ ਗੱਲਾਂ ਨੂੰ ਅਣਸੁਣਿਆ ਕਰ ਕੇ ਚੰਗਾ ਕੀਤਾ ਸੀ।

ਲਾਕਡਾਊਨ ਦੇ ਦੌਰ ਵਿੱਚ ਸਾਰੀ ਇਕਾਨਮੀ ਢਹਿ-ਢੇਰੀ ਹੋ ਗਈ,ਸਾਡੀ ਜੀ ਡੀ ਪੀ 27 ਫੀਸਦੀ ਨਾਲ ਨੈਗੇਟਿਵ ਵਿੱਚ ਗਈ ਸੀ। ਸਿਰਫ ਖੇਤੀਬਾੜੀ ਨੇ ਇੱਜ਼ਤ ਰੱਖੀ। 2 ਸਾਲਾਂ ਵਿੱਚ ਮਹਾਮਾਰੀ ਦੇ ਬਾਵਜੂਦ ਮੇਰੀ ਸੋਚ ਹੈ ਕਿ ਕਿਸਾਨਾਂ ਨੇ ਵਾਧੂ ਪੈਦਾਵਾਰ ਨਾ ਕੀਤੀ ਹੁੰਦੀ ਤਾਂ ਅਸੀਂ ਦੋ ਮਹਾਮਾਰੀਆਂ ਝੱਲ ਸਕਣ ਜੋਗੇ ਨਾ ਹੁੰਦੇ।ਕੋਵਿਡ ਦੀ ਮਹਾਮਾਰੀ ਤਾਂ ਹੋ ਹੀ ਗਈ ਸੀ, ਦੂਜੀ ਹੰਗਰ ਭਾਵ ਭੁੱਖਮਰੀ ਦੀ ਮਹਾਮਾਰੀ ਵੀ ਯਕੀਨੀ ਸੀ। ਮੇਰਾ ਮੰਨਣਾ ਹੈ ਕਿ ਸਰਕਾਰ ਨੇ ਪੰਜ ਕਿਲੋ ਕਣਕ ਜੋ ਪਰਵਾਰਾਂ ਨੂੰ ਦਿਤੀ ਹੈ, ਉਹ ਸ਼ਲਾਘਾਯੋਗ ਕਦਮ ਰਿਹਾ ਕਿਉਂਕਿ ਉਸ ਨੇ ਦੇਸ਼ ਨੂੰ ਭੁੱਖ ਤੋਂ ਮੁਕਤ ਰੱਖਿਆ ਹੈ, ਜਦ ਕਿ ਉਸ ਦੌਰ ਵਿੱਚ ਲੋਕਾਂ ਦੇ ਰੋਜ਼ਗਾਰ ਹਟੇ ਅਤੇ ਨੌਕਰੀਆਂ ਗਈਆਂ ਸਨ।

ਯੂਕਰੇਨ-ਰੂਸ ਜੰਗ ਤੋਂ ਸਪੱਸ਼ਟ ਹੋ ਗਿਆ ਹੈ ਕਿ ਜੋ ਤੀਹ ਦੇਸ਼ ਅੱਜ ਠੂਠਾ ਲੈ ਕੇ ਖੜ੍ਹੇ ਹਨ, ਉਨ੍ਹਾਂ ਨੂੰ ਵੀ ਸਮਝ ਪੈਣੀ ਚਾਹੀਦੀ ਹੈ ਕਿ ਇਨ੍ਹਾਂ ਨੇ ਆਪਣੇ ਦੇਸ਼ ਵਿੱਚ ਲੋੜੀਂਦੇ ਅਨਾਜ ਉੱਤੇ ਜ਼ੋਰ ਦਿੱਤਾ ਹੁੰਦਾ ਤਾਂ ਇਹ ਨੌਬਤ ਨਹੀਂ ਸੀ ਆਉਣੀ। ਮੰਨ ਲਓ ਕਿ ਇਹ ਜੰਗ ਲੰਬੀ ਚੱਲਦੀ ਅਤੇ ਜਿਸ ਤਰ੍ਹਾਂ ਹੀਟ ਵੇਵ ਹੋਈ ਹੈ, ਅਜਿਹੇ ਵਿੱਚ ਕੀ ਗਾਰੰਟੀ ਹੈ ਕਿ ਕਣਕ ਦੇ ਅਗਲੇ ਸੀਜ਼ਨ ਵਿੱਚ ਮੌਸਮ ਠੀਕ ਹੋਵੇਗਾ, ਮਹਾਮਾਰੀ ਨਹੀਂ ਆਵੇਗੀ। ਇਸ ਲਈ ਜ਼ਰੂਰੀ ਹੈ ਕਿ ਸਾਨੂੰ ਆਪਣੇ ਕੋਲ ਸਹੀ ਭੰਡਾਰ ਰੱਖਣਾ ਹੋਵੇਗਾ ਅਤੇ ਬਾਕੀ ਭੁੱਖੇ ਦੇਸ਼ਾਂ ਨੂੰ ਹਮੇਸ਼ਾ ਭੰਡਾਰ ਲਈ ਤਿਆਰ ਰਹਿਣਾ ਚਾਹੀਦਾ ਹੈ।

ਚੀਨ ਕੋਲ ਲਗਭਗ 650 ਮਿਲੀਅਨ ਟਨ ਦਾ ਫੂਡ ਸਟਾਕ ਹੈ, ਪਰ ਉਨ੍ਹਾਂ ਦੇ ਦੇਸ਼ ਦੇ ਅਰਥਸ਼ਾਸਤਰੀ ਕਦੇ ਨਹੀਂ ਬੋਲਦੇ ਕਿ ਸਰਪਲੱਸ ਹੈ ਤਾਂ ਸਟਾਕ ਐਕਸਪੋਰਟ ਕਰਨ ਦੇਣਾ ਚਾਹੀਦਾ ਹੈ। ਇਹ ਸਭ ਤੋਂ ਵੱਡੀ ਔਖ ਹੈ ਕਿ ਜੋ ਵਿਦੇਸ਼ੀ ਅਰਥਸ਼ਾਸਤਰੀ ਬੋਲਦੇ ਹਨ, ਉਸ ਨੂੰ ਕੱਟ ਐਂਡ ਪੇਸਟ ਕਰ ਕੇ ਸਾਡੇ ਭਾਰਤ ਵਿੱਚ ਬੋਲ ਦਿੱਤਾ ਜਾਂਦਾ ਹੈ।ਉਂਝ ਵੀ ਖੇਤੀ ਵਿਗਿਆਨੀ ਸਵਾਮੀਨਾਥਨ ਨੇ ਕਿਹਾ ਸੀ ਕਿ ਦੇਸ਼ਾਂ ਦਾ ਭਵਿੱਖ ਹਥਿਆਰਾਂ ਨਾਲ ਨਹੀਂ, ਅਨਾਜ ਨਾਲ ਹੋਵੇਗਾ। ਇਹ ਸਹੀ ਨਜ਼ਰੀਆ ਹੈ। ਹਰੀ ਕ੍ਰਾਂਤੀ ਨੇ ਕਈ ਸਬਕ ਦਿੱਤੇ ਹਨ ਅਤੇ ਸਾਨੂੰ ਲੋੜ ਹੈ ਕਿ ਅਸੀਂ ਗ੍ਰੀਨ ਰੈਵੇਲਿਊਸ਼ਨ ਤੋਂ ਐਵਰਗਰੀਨ ਰੈਵੋਲਿਊਸ਼ਨ ਵੱਲ ਦੇਖੀਏ। ਖਾਦਾਂ ਦੀ ਵਰਤੋਂ ਘੱਟ ਕਰੀਏ, ਟਰਾਂਸਫਰਮੇਸ਼ਨ ਉੱਤੇ ਧਿਆਨ ਦੇਈਏ ਤੇ ਦੇਸ਼ ਦੀ ਲੋੜ ਨੂੰ ਪੂਰਾ ਕਰੀਏ ਅਤੇ ਜੋ ਬਚ ਜਾਵੇ, ਉਹਐਕਸਪੋਰਟ ਕਰੀਏ। ਸਾਨੂੰ ਸੰਤੁਲਨ ਬਣਾਉਣ ਉੱਤੇ ਧਿਆਨ ਦੇਣਾ ਹੋਵੇਗਾ। ਇਹ ਵੀ ਧਿਆਨ ਦੇਣਾ ਹੋਵੇਗਾ ਕਿ ਖੇਤੀ ਤੋਂ ਨਿਕਲਦੀ ਇੱਕ ਤਿਹਾਈ ਗ੍ਰੀਨ ਹਾਊਸ ਗੈਸ ਨੂੰ ਘਟਾਉਣਾ ਹੋਵੇਗਾ।

ਯੂਰਪ ਅਤੇ ਕੁਝ ਕੁ ਹੋਰਨਾਂ ਦੇਸ਼ਾਂ ਨੂੰ ਦੇਖੋ, ਉਨ੍ਹਾਂ ਨੇ ਐਥਨਾਲ ਬਣਾਉਣਾ ਬੰਦ ਕਰ ਦਿੱਤਾ ਹੈ। ਵਾਤਾਵਰਣ ਦੀ ਅਣਦੇਖੀ ਨਾਲ ਹੀ ਇਹ ਖਦਸ਼ਾ ਹੈ ਕਿ 2025 ਤੱਕ ਤਾਪਮਾਨ ਵਿੱਚ ਵਾਧੇ ਦੀ ਦਰ ਡੇਢ ਫੀਸਦੀ ਪਾਰ ਹੋ ਜਾਵੇਗੀ। ਇਸ ਨੂੰ ਰੋਕਣਾ ਹੈ ਤਾਂ ਕਈ ਬਦਲਾਅ ਕਰਨੇ ਹੋਣਗੇ।

# ਖ਼ਾਲਸੇ ਨੂੰ ਨਿਸ਼ਸਤਰ ਹੋਣ ਦਾ ਪਾਠ ਪੜ੍ਹਾਉਣਾ ਹਰ ਕਿਸੇ ਲਈ ਗੈਰ ਵਾਜਬ

ਹਥਿਆਰਾਂ ਅਤੇ ਸਿੱਖੀ ਦੇ ਆਪਸੀ ਨਾਤੇ ਨੂੰ ਲੈ ਕੇ ਪਿਛਲੇ ਕੁਝ ਦਿਨਾਂ 'ਤੋਂ ਬਹੁਤ ਸਾਰੇ ਹਾਂ ਪੱਖੀ ਅਤੇ ਨਾ ਪੱਖੀ ਵਿਚਾਰ ਸਾਹਮਣੇ ਆਏ ਹਨ। ਸਿੱਖੀ ਦੀ ਪਰੰਪਰਾ, ਵਿਰਾਸਤ, ਸਿਧਾਂਤ ਅਤੇ ਸ਼ਸਤਰਾਂ ਪ੍ਰਤੀ ਸੰਕਲਪ ਤੋਂ ਅਣਜਾਣ ਆਪਣੇ ਆਪ ਨੂੰ ਸੂਝਵਾਨ ਅਖਵਾਉਣ ਵਾਲੇ ਕੁਝ ਬੁੱਧੀਜੀਵੀਆਂ ਅਤੇ ਰਾਜਸੀ ਆਗੂਆਂ ਵੱਲੋਂ ਸ਼ਸਤਰਾਂ ਪ੍ਰਤੀ ਸਖ਼ਤ ਆਲੋਚਨਾ ਕੀਤੀ ਗਈ। ਇਨ੍ਹਾਂ ਵਿਚੋਂ ਤਾਂ ਬਾਹਲੇ ਉਹ ਸਨ ਜੋ ਧਨੁਸ਼ਧਾਰੀ, ਤ੍ਰਿਸ਼ੂਲਧਾਰੀ ਤੋਂ ਇਲਾਵਾ ਚਤਰਭੁਜ ਅਤੇ ਅਠਵਭੁਜਾਂ 'ਚ ਸ਼ਸਤਰ ਹੀ ਨਹੀਂ ਸਗੋਂ ਬ੍ਰਹਮ ਅਸਤਰ ਸੁਭਾਇਮਾਨ ਇਸ਼ਟ ਦੀ ਪੂਜਾ ਕਰਨ ਵਾਲੇ ਹਨ। ਚੁੱਪ ਰਿਹਾ ਜਾ ਸਕਦਾ ਸੀ, ਪਰ ਗਲ ਸਿੱਖੀ ਸਿਧਾਂਤ 'ਤੇ ਕਿੰਤੂ ਤਕ ਅੱਪੜ ਜਾਵੇ ਤਾਂ ਖ਼ਾਮੋਸ਼ ਰਹਿਣਾ ਜ਼ਹਿਰ ਵਰਗਾ ਹੈ। ਬੇਲੋੜੇ ਵਿਸਥਾਰ 'ਚ ਨਹੀਂ ਜਾਵਾਂਗਾ । ਹਾਂ, ਸ੍ਰੀ ਅਕਲ ਤਖ਼ਤ ਸਾਹਿਬ ਇਕ ਵਕਾਰੀ ਅਤੇ ਪੂਜਨੀਕ ਅਸਥਾਨ ਹੈ। ਬਹਾਦਰੀ ਦਾ ਪ੍ਰਤੀਕ ਅਤੇ ਪ੍ਰੇਰਣਾ ਸਰੋਤ ਵੀ ਹੈ। ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਸਾਰਿਆਂ ਲਈ ਮੰਨਣ ਅਤੇ ਪ੍ਰਵਾਨ ਯੋਗ ਤਾਂ ਬਿਲਕੁਲ ਵੀ ਨਹੀਂ ਹਨ। ਕਿਸੇ ਨੂੰ ਵੀ ਟਪਲਾ ਖਾਣ ਦੀ ਲੋੜ ਨਹੀਂ, ਇਸ ਤੋਂ ਜਾਰੀ ਹੁਕਮਨਾਮੇ ਸਿੱਖ ਕੌਮ ਲਈ ਹੀ ਪ੍ਰਤੀਬੱਧ ਹਨ। ਪਰੰਪਰਾ ਅਤੇ ਰਵਾਇਤਾਂ ਅਨੁਸਾਰ ਵੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਸ਼ਸਤਰਾਂ ਨੂੰ ਪ੍ਰਕਰਮਾ ਕਰਨ ਦਾ ਅਧਿਕਾਰ ਵੀ ਕੇਵਲ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਹੀ ਹਾਸਲ ਹੋਣ ਦੀ ਮਰਯਾਦਾ ਹੈ। ਇਸ ਅਸਥਾਨ ਦੇ ਉੱਪਰ ਤਨਖ਼ਾਹੀਏ ਦੀ ਅਰਦਾਸ ਵੀ ਨਹੀਂ ਕੀਤੀ ਜਾਂਦੀ। ਇਹ ਕੇਵਲ ਧਾਰਮਿਕ ਅਸਥਾਨ ਨਹੀਂ ਇਹ ਸਿੱਖ ਕੌਮ ਦੀ ਰਾਜਸੀ ਪ੍ਰਭੂਸਤਾ ਦਾ ਪ੍ਰਤੀਕ ਵੀ ਹੈ ਤਾਂ ਹੀ ਇਸ ਨੂੰ ਮੀਰੀ ਪੀਰੀ ਦਾ ਅਸਥਾਨ ਕਿਹਾ ਗਿਆ ਹੈ। ਬੇਸ਼ੱਕ ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਚਹੁੰ ਵਰਨਾਂ ਲਈ ਸਾਂਝੇ ਹਨ, ਇਸ ਤੋਂ ਸੁਣਾਏ ਜਾਂਦੇ ਗੁਰਬਾਣੀ ਉਪਦੇਸ਼ ਵੀ ਸਭ ਲਈ ਸਾਂਝਾ ਹੈ। ਇਤਿਹਾਸ ਤੋਂ ਅਣਜਾਣ ਇਕ ਵੱਲੋਂ ਤਾਂ ਭਾਈ ਸਤੀਦਾਸ, ਭਾਈ ਮਤੀਦਾਸ ਅਤੇ ਭਾਈ ਦਿਆਲਾ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਨਾਲ ਜੋੜ ਦਿੱਤਾ ਗਿਆ । ਸ਼ਸਤਰਾਂ ਨੂੰ ਅੱਜ ਦੇ ਸਮੇਂ ਬੇਲੋੜਾ ਸਿੱਧ ਕਰਨ ਲਈ ਉਸ ਦਾ ਕਹਿਣਾ ਹੈ ਕਿ ਸਿੱਖਾਂ 'ਤੇ ਜ਼ੁਲਮ ਕਰਨ ਵਾਲੇ ਮੁਗ਼ਲ ਸ਼ਾਸਕ ਔਰੰਗਜ਼ੇਬ ਦਾ ਯੁੱਗ ਖ਼ਤਮ ਹੋ ਚੁੱਕਿਆ ਹੈ। ਉਸ ਸਮੇਂ ਹਥਿਆਰ ਰੱਖਣਾ ਸਮੇਂ ਦੀ ਲੋੜ ਸੀ। ਹਥਿਆਰ ਰੱਖਣ ਦੇ ਬਾਵਜੂਦ ਦੇਸ਼ ਦੀ ਵੰਡ ਨਾ ਰੁਕਣ ਅਤੇ ਖ਼ੂਨ ਖ਼ਰਾਬੇ ਦੀ ਬਾਤ ਜ਼ਰੂਰ ਪਾਈ ਗਈ, ਪਰ ਇਸ ਭੱਦਰ ਪੁਰਸ਼ ਨੂੰ ਇਹ ਕੌਣ ਦੱਸੇਗਾ ਕਿ ਜੇ ਹਿੰਦੂ ਸਿੱਖਾਂ ਕੋਲ ਉਸ ਵਕਤ ਹਥਿਆਰ ਨਾ ਹੁੰਦੇ ਤਾਂ ਜਾਨੀ ਮਾਲੀ ਨੁਕਸਾਨ ਦੇ ਨਤੀਜੇ ਹੋਰ ਭਿਆਨਕ ਹੁੰਦੇ। ਦੂਰ ਨਾ ਜਾਓ, ਨਵੰਬਰ '84 ਦੇ ਦੌਰਾਨ ਜਿਨ੍ਹਾਂ ਕੋਲ ਹਥਿਆਰ ਗੋਲੀ ਸਿੱਕਾ ਤੇ ਹੋਰ ਬਚਾਅ ਦੇ ਸਾਧਨ ਨਹੀਂ ਸਨ, ਉਨ੍ਹਾਂ ਸਿੱਖ ਦਾ ਕਾਂਗਰਸ ਦੇ ਗੁੰਡਾ ਅਨਸਰਾਂ ਨੇ ਸ਼ਰੇਆਮ ਕਤਲੇਆਮ ਕੀਤਾ। ਧੀਆਂ ਭੈਣ ਬੇਪੱਤ ਹੋਈਆਂ। ਇਹ ਮੈ ਨਹੀਂ ਸਰਕਾਰ ਵੱਲੋਂ ਕਰਵਾਈਆਂ ਗਈਆਂ 13 ਦੀਆਂ 13 ਜਾਂਚ ਇਸ ਦੀਆਂ ਰਿਪੋਰਟਾਂ ਕਹਿ ਰਹੀਆਂ ਹਨ। ਸਿਤਮ ਜਰੀਫੀ ਦੇਖੋ ਕਿ ਉਸ ਲਈ ਹਥਿਆਰ ਰੱਖਣ ਵਾਲਾ ਬੰਦਾ ਕਇਰ ਕਹਿਲਾਵਦਾ ਹੈ। ਬਹੁਤੇ ਇਸ ਗਲ ਨਾਲ ਇਤਫ਼ਾਕ ਨਹੀਂ ਰੱਖਦਾ ਹੋਵੇਗਾ। ਇਹ ਕਿਸੇ ਵੀ ਦੇਸ਼ ਅਤੇ ਸਮਾਜ ਲਈ ਸਾਂਝਾ ਵਿਸ਼ਾ ਹੈ। ਸਿਆਸੀ ਕੂਟਨੀਤੀ ਕਹਿੰਦੀ ਹੈ ਕਿ ਜਿਸ ਕੋਲ ਵੀ ਚੰਗੇ ਆਧੁਨਿਕ ਹਥਿਆਰ ਅਤੇ ਫ਼ੌਜੀ ਸਾਜੋ ਸਮਾਨ ਹਨ ਉਸ ਵਲ ਦੁਸ਼ਮਣ ਤਾਕਤਾਂ ਛੇਤੀ ਕੀਤਿਆਂ ਮੂੰਹ ਨਹੀਂ ਕਰਦੀਆਂ। ਜਿਵੇਂ ਜਿਸ ਦੇਸ਼ ਕੋਲ ਵੀ ਪ੍ਰਮਾਣੂ ਹਥਿਆਰ ਹੋਵੇ ਉਸ ਦਾ ਗੁਆਂਢੀ ਦੇਸ਼ ਉਸ 'ਤੇ ਹਮਲਾ ਕਰਨ ਲਈ ਕਈ ਵਾਰ ਸੋਚੇਗਾ। ਜਿਵੇਂ ਕਿ ਯੂਕਰੇਨ ਅੱਜ ਪ੍ਰਮਾਣੂ ਸੰਪੰਨ ਨਹੀਂ, ਉਸ 'ਤੇ ਰੂਸ ਦਾ ਹਮਲਾਵਰ ਹੋਣਾ ਅਸੀਂ ਸਭ ਦੇਖ ਰਹੇ ਹਾਂ। ਅਹਿੰਸਾ ਦਾ ਪ੍ਰਚਾਰ ਕਰਨ ਦੀ ਨਸੀਹਤ ਦੇਣੀ ਕੋਈ ਮਾੜੀ ਗਲ ਨਹੀਂ। ਬੇਸ਼ੱਕ ਅਸੀਂ ਜਾਣਦੇ



ਪ੍ਰੋ: ਸਰਚਾਂਦ ਸਿੰਘ ਖਿਆਲਾ

ਹਾਂ ਕਿ ਅਹਿੰਸਾ ਦਾ ਜਦ ਜਦ ਵੀ ਭਾਰਤ ਪੁਜਾਰੀ ਬਣਿਆ ਵਿਦੇਸ਼ੀ ਹਮਲਾਵਰਾਂ ਨੇ ਇਸ ਨੂੰ ਨੋਚ ਖਾਧਾ। ਜਿਸ ਨੂੰ ਸਿੱਖਾਂ ਵੱਲੋਂ ਦਰਾ ਖੈਬਰ ਨੂੰ ਪੱਤੀ ਬੰਨ੍ਹ ਲਾ ਕੇ ਰੋਕਦਿਆਂ ਸਥਾਈ ਹੱਲ ਕੀਤਾ ਗਿਆ। ਜਿੱਥੋਂ ਤਕ ਇਸ ਪ੍ਰਤੀ ਗੁਰਬਾਣੀ ਉਪਦੇਸ਼ ਦੀ ਗਲ ਆਉਂਦੀ ਹੈ ਇਹ ਵਿਸਥਾਰ ਵਿਚਾਰ ਚਰਚਾ ਮੰਗਦਾ ਹੈ। ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਭਗਤ ਸਾਹਿਬਾਨ ਵੱਲੋਂ ਸਮਾਜ ਨੂੰ ਸ਼ਸਤਰਧਾਰੀ ਹੋਣ ਪ੍ਰਤੀ ਸਿੱਖੀ ਵਿਚਾਰਧਾਰਾ ਦੀ ਨੀਂਹ ਰੱਖ ਦਿੱਤੀ ਜਾ ਚੁੱਕੀ ਸੀ। ਭਗਤ ਕਬੀਰ ਜੀ ਦਾ ਫ਼ਰਮਾਨ ਇਸੇ ਵਲ ਇਸ਼ਾਰਾ ਹੈ:

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ ( ਗੁ: ਗ੍ਰੰ: ਅੰਗ - 1105)*

ਗੁਰੂ ਨਾਨਕ ਦੇਵ ਜੀ ਇਸੇ ਵਿਚਾਰਧਾਰਾ ਨੂੰ ਅਗੇ ਸੰਚਾਲਿਤ ਕਰਦੇ ਹੋਏ ਸਾਨੂੰ ਜੀਵਨ ਜਾਚ ਸਿਖਾਉਂਦੇ ਹਨ ਕਿ:

*ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ ( ਗੁ: ਗ੍ਰੰ: ਅੰਗ - 1412)*

ਗੁਰਬਾਣੀ ਸਾਨੂੰ ਕਿਸੇ ਨੂੰ ਵੀ ਨਾ ਹੱਕ ਡਰਾਉਣ ਅਤੇ ਕਿਸੇ ਦੀ ਵੀ ਬੇਲੋੜੀ ਈਨ ਮੰਨਣ ਤੋਂ ਅਜਾਦ ਰਹਿਣ ਦਾ ਉਪਦੇਸ਼ ਇੰਝ ਦਿੰਦਾ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ( ਗੁ: ਗ੍ਰੰ: ਅੰਗ - 1427)

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਫਿਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਾਂਤਮਈ ਸ਼ਹੀਦੀ ਉਪਰੰਤ ਛੋਟੇ ਸਾਹਿਬਜ਼ਾਦਿਆਂ ਵੱਲੋਂ ਸੂਬਾ ਸਰਹਿੰਦ ਦੀ ਈਨ ਨਾ ਮੰਨਦਿਆਂ ਆਪਣੇ ਆਪ ਨੂੰ ਨੀਂਹਾਂ ਵਿਚ ਚਿਣਵਾ ਲੈਣ ਪਿੱਛੋਂ :

*ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ ॥*
*ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪਨੀ ਜੀਤ ਕਰੋਂ ॥*

ਦਾ ਸੰਕਲਪ ਬਲਸ਼ਾਲੀ ਰੂਪ ਵਿਚ ਵਿਦਮਾਨ ਰਿਹਾ। ਜ਼ੁਲਮ ਖ਼ਿਲਾਫ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਪਸ਼ਟ ਆਦੇਸ਼ ਹੀ ਸਿੱਖਾਂ ਨੂੰ ਇਹ ਹੈ ਕਿ :

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।" (ਜ਼ਫ਼ਰਨਾਮਾ)

ਦਸਮੇਸ਼ ਪਿਤਾ ਨੇ ਅਕਾਲ ਪੁਰਖ ਦੀ ਰਜ਼ਾ ਨਾਲ ਆਪਣੇ ਖ਼ਾਲਸੇ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਤਾਂ ਵੀ ਇਹ ਵੀ ਸ਼ਸਤਰ ਤੇ ਸ਼ਾਸਤਰ( ਗੁਰਬਾਣੀ) ਦੇ ਸੁਮੇਲ ਤੋਂ ਪੈਦਾ ਕੀਤਾ ਗਿਆ। ਗਲ ਕੀ ਅੱਜ ਵੀ ਸਿੱਖ ਬੱਚੇ ਨੂੰ ਜੰਮਦਿਆਂ ਹੀ ਅੰਮ੍ਰਿਤ ਦੀਆਂ ਬੂੰਦਾਂ ਪਿਲਾ ਕੇ ਗੁੜ੍ਹਤੀ ਦੇਣ ਦੀ ਰਵਾਇਤ ਹੈ। ਸਿੱਖਾਂ ਨੂੰ ਕਿਸੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਕਿਸੇ ਕਾਰਜ ਲਈ ਪ੍ਰਯਾਪਤ ਨਾ ਹੋਣ ਦੀ ਸੂਰਤ ਵਿਚ ਸ਼ਸਤਰ ਸੁਭਾਇਮਾਨ ਕਰਕੇ ਮੱਥਾ ਟੇਕਣ ਦੀ ਮੀਰੀ ਪੀਰੀ ਦਾ ਹੀ ਅਨੁਆਈ ਹੈ। ਤਖ਼ਤ ਸਾਹਿਬਾਨ 'ਤੇ ਸ਼ਸਤਰਾਂ ਨੂੰ ਉੱਚੇ ਆਸਣ 'ਤੇ ਸੁਭਾਇਮਾਨ ਕਰਦਿਆਂ ਵਿਸ਼ੇਸ਼ ਸਤਿਕਾਰ ਦੇਣ ਦੀ ਪਰੰਪਰਾ ਗੁਰੂ ਕਾਲ ਤੋਂ ਚਲੀ ਆ ਰਹੀ ਹੈ। ਸਿੱਖਾਂ ਨੂੰ ਨਿਸ਼ਸਤਰ ਹੋਣ ਦਾ ਪਾਠ ਪੜ੍ਹਾਉਣ ਵਾਲਿਆਂ ਨੂੰ ਇਹ ਗਿਆਤ ਹੋਣਾ ਚਾਹੀਦਾ ਹੈ ਕਿ ਖ਼ਾਲਸੇ ਦਾ ਜਨਮ ਖੰਡੇਧਾਰ 'ਤੋਂ ਹੋਇਆ ਹੈ ਤਾਂ ਇਸ ਦਾ ਖੰਡੇ ਦੀਦਾਰ ਦੇਵ ਵੀ 'ਸ੍ਰੀ ਭਗਉਤੀ ਜੀ ' ਹੈ, ਜਿਨ੍ਹਾਂ ਨੂੰ ਅਰਦਾਸ ਕਰਨ ਸਮੇਂ ਸਭ ਤੋਂ ਪਹਿਲਾਂ ਚਿਤਵਿਆ ਜਾਂਦਾ ਹੈ। ਜਿਸ ਦੀ ਸਹਾਇਤਾ ਯਾਚਣ ਅਤੇ ਸਦਾ ਇਸੇ ਦੀ ਰਛਿਆ ਵਿਚ ਰਹਿਣ ਦਾ ਦਸਮ ਪਿਤਾ ਨੇ ਆਦੇਸ਼ ਦਿੱਤਾ। ਇਸੇ ਤਰਾਂ ਹੀ ਤਲਵਾਰ ਨੂੰ ਕਿਰਪਾਨ ਅਤੇ ਸ੍ਰੀ ਸਾਹਿਬ ਕਰ ਕੇ ਸਤਿਕਾਰ ਦਿੰਦਿਆਂ ਖ਼ਾਲਸੇ ਦੀ ਸਿਰਜਣਾ ਰਾਹੀਂ ਇਸ ਨੂੰ ਰਹਿਤ ਦਾ ਚਿੰਨ੍ਹ ਹੀ ਨਹੀਂ ਆਪਣੇ ਨਾਲ ਹਰ ਸਮੇਂ ਧਾਰੀ ਰੱਖਣ ਵਾਲਾ ਆਪਣਾ ਅੰਗ ਬਣਾ ਦਿੱਤਾ ਗਿਆ। ਦਸਮ ਪਿਤਾ ਸ਼ਸਤਰਾਂ ਦੇ ਨਾਂ 'ਤੇ ਕੇਵਲ ਪ੍ਰਭੂ ਨੂੰ ਹੀ ਧਿਆਉਂਦੇ ਸਨ, ਜਿਵੇਂ :-

*ਤੀਰ ਤੁਹੀ, ਸੈਥੀ ਤੁਹੀ, ਤੁਹੀ ਤਬਰ ਤਰਵਾਰ॥ ਨਾਮ ਤਿਹਾਰੋ ਜੋ ਜਪੈ ਭਏ ਸਿੰਧ-ਭਵ ਪਾਰ॥੪॥ (ਸ਼ਸਤ੍ਰ-ਨਾਮ ਮਾਲਾ)*

ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਅਨੁਸਾਰ ਕਲਗ਼ੀਧਰ ਜੀ ਸ਼ਸਤਰ ਦੀ ਅਹਿਮੀਅਤ ਅਤੇ ਮਹਾਨਤਾ ਪ੍ਰਤੀ ਫ਼ੁਰਮਾਨ ਹੈ:

*ਸ਼ਸਤਰ ਕੇ ਅਧੀਨ ਹੈ ਰਾਜ। ਜੋ ਨ ਧਰਹਿ ਤਿਸ ਬਿਗ੍ਰਿਹ ਕਾਜ।....*
*ਜਬ ਹਮਾਰੇ ਦਰਸ਼ਨ ਕੋ ਆਵਹੁ। ਬਨ ਸੁਚੇਤ ਤਨ ਸ਼ਸਤ੍ਰ ਸਜਾਵਹੁ।*

ਗੁਰੂ ਸਾਹਿਬ ਜਾਣਦੇ ਹਨ ਕਿ ਸ਼ਸਤਰ ਸੂਰਬੀਰਾਂ ਨੂੰ ਵੀ ਪਕੜਾਏ ਜਾ ਸਕਦੇ ਹਨ। ਸੂਰਬੀਰ ਕਲ ਨੂੰ ਜ਼ਾਲਮ ਨਾ ਬਣ ਜਾਣ, ਸ਼ਸਤਰਾਂ ਦੀ ਕੁਵਰਤੋਂ ਤੋਂ ਬਚਣ ਲਈ ਉਨ੍ਹਾਂ ਪਹਿਲਾਂ ਆਤਮਿਕ ਅਤੇ ਸਦਾਚਾਰਕ ਬਲ ਦਾ ਸਿੱਖਾਂ 'ਚ ਵਿਕਾਸ ਕਰਾਇਆ। ਇਸੇ ਲਈ ਖ਼ਾਲਸਾ ਅੱਜ ਵੀ ਨਿਆਂਵਾਨ ਹੈ। ਇਹ ਉਹੀ ਖ਼ਾਲਸਾ ਹੈ ਜਿਸ ਨੇ ਮੁਗ਼ਲ ਕਾਲ 'ਚ ਘੋੜੇ 'ਤੇ ਚੜ੍ਹਨ, ਕਿਰਪਾਨ ਧਾਰਨ ਕਰਨ ਅਤੇ ਦਸਤਾਰ ਸਜਾਉਣ ਦੀਆਂ ਲਾਈਆਂ ਗਈਆਂ ਸ਼ਾਹੀ ਬੰਦਸ਼ਾਂ ਦੀਆਂ ਧੱਜੀਆਂ ਉਡਾਉਂਦਿਆਂ ਮਨੁੱਖੀ ਅਧਿਕਾਰਾਂ ਦਾ ਹੋਕਾ ਦਿੱਤਾ। ਹੋਲੀ ਨੂੰ ਹੋਲਾ ਮਹਲਾ 'ਚ ਬਦਲ ਕੇ ਸ਼ਸਤਰ ਵਿੱਦਿਆ ਅਤੇ ਚੜ੍ਹਦੀਕਲਾ ਦੇ ਆਪਸੀ ਸੰਬੰਧਾਂ ਦਾ ਸੁਨੇਹਾ ਦੇਣਾ ਗੁਰੂ ਸਾਹਿਬ ਦਾ ਇਕ ਇਨਕਲਾਬੀ ਕਦਮ ਸੀ, ਜਿਸ ਰਾਹੀਂ ਸਦੀਆਂ ਤੋਂ ਗ਼ੁਲਾਮ, ਨਿਰਬਲ ਅਤੇ ਸਾਹਸਹੀਣ ਮਾਨਸਿਕਤਾ ਪਾਲੀ ਬੈਠੇ ਲੋਕਾਂ ਨੂੰ ਜ਼ੁਲਮ ਖ਼ਿਲਾਫ਼ ਉੱਠ ਖੜੇ ਹੋਣ ਦਾ ਸੰਦੇਸ਼ ਦਿੱਤਾ ਗਿਆ । ਇਸ ਤਰਾਂ ਨਾਲ ਸ਼ਸਤਰ ਸਿੱਖੀ ਦੀ ਵਿਰਾਸਤ ਹੈ, ਹਰ ਕਿਸੇ ਨੂੰ ਦੂਜੇ ਦੀ ਵਿਰਾਸਤ ਦਾ ਸਤਿਕਾਰ ਕਰਨਾ ਬਣਦਾ ਹੈ। ਖ਼ਾਲਸੇ ਨੂੰ ਆਪਣੀ ਵਿਰਾਸਤ ਤੋਂ ਕਿਸੇ ਤਰਾਂ ਵੀ ਦੂਰ ਨਹੀਂ ਕੀਤਾ ਜਾ ਸਕਦਾ । ਅਜਿਹੀ ਸਥਿਤੀ ਵਿਚ ਖ਼ਾਲਸੇ ਨੂੰ ਨਿਸ਼ਸਤਰ ਹੋਣ ਦਾ ਪਾਠ ਪੜ੍ਹਾਉਣਾ ਹਰ ਕਿਸੇ ਲਈ ਗੈਰ ਵਾਜਬ ਹੈ।




# ਰਾਤ ਨੂੰ 25ਵਾਂ ਜਨਮਦਿਨ ਮਨਾਇਆ, ਸਵੇਰੇ ਕਾਰ ਵਿੱਚੋਂ ਖ਼ੂਨ ਨਾਲ ਲੱਥਪੱਥ ਲਾਸ਼ ਮਿਲੀ

ਮੋਹਾਲੀ, 9 ਜੂਨ (ਪੋਸਟ ਬਿਊਰੋ)- ਸੈਕਟਰ-67 ਦੇ ਜਲਵਾਯੂ ਵਿਹਾਰ ਵਿੱਚ ਰਹਿੰਦੇ ਕਰਨਪਾਲ ਸ਼ਰਮਾ ਨੇ ਕੱਲ੍ਹ ਰਾਤ ਪਰਵਾਰ ਦੇ ਨਾਲ ਘਰ ਵਿੱਚ ਅਪਣਾ 25ਵਾਂ ਜਨਮਦਿਨ ਮਨਾਇਆ ਤੇ ਕੱਲ੍ਹ ਸਵੇਰੇ ਉਸਦੀ ਲਾਸ਼ ਘਰ ਕੋਲ ਮਾਰਕੀਟ ਵਿੱਚ ਕਾਰ ਖੜ੍ਹੀ ਵਿੱਚੋਂ ਖ਼ੂਨ ਨਾਲ ਲਥਪਥ ਹਾਲਤ ਵਿੱਚ ਮਿਲੀ। ਉਸ ਦੇ ਸਿਰ ਵਿੱਚ ਗੋਲੀ ਲੱਗੀ ਸੀ।



ਜਾਂਚ ਵਿੱਚ ਸਾਹਮਣੇ ਆਇਆ ਕਿ ਕਰਨਪਾਲ ਨੇ ਕਾਰ ਵਿੱਚੋਂਮਿਲੇ 32 ਬੋਰ ਦੀ ਦੇਸੀ ਪਿਸਤੌਲ ਨਾਲ ਖੁਦ ਨੂੰ ਗੋਲੀ ਮਾਰੀ ਹੈ। ਪੁਲਸ ਨੇ ਮ੍ਰਿਤਕ ਦੇ ਪਿਤਾ ਸੁਰਿੰਦਰ ਸ਼ਰਮਾ ਦੇ ਬਿਆਨਾਂ ਉੱਤੇ ਅਣਪਛਾਤੇ ਲੋਕਾਂ ਦੇ ਖ਼ਿਲਾਫ਼ ਉਨ੍ਹਾਂ ਦੇ ਬੇਟੇ ਨੂੰ ਖੁਦਕੁਸ਼ੀ ਲਈ ਮਜ਼ਬੂਰ ਕਰਨ ਦੀ ਧਾਰਾ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਸੁਰਿੰਦਰ ਸ਼ਰਮਾ ਨੇ ਦੱਸਿਆ ਕਿ ਉਸ ਦਾ ਬੇਟਾ ਸੈਕਿੰਡ ਹੈਂਡ ਕਾਰਾਂ ਦੀ ਸੇਲ-ਪਰਚੇਜ਼ ਦਾ ਕੰਮ ਕਰਦਾ ਸੀ। ਉਹ ਮੂਲ ਰੂਪ ਵਿੱਚ ਪੰਜਾਬ ਦੇ ਫਿਰੋਜ਼ਪੁਰ ਦੇ ਰਹਿਣ ਵਾਲੇ ਹਨ ਤੇ ਪਿਛਲੇ ਕਰੀਬ ਇੱਕ ਸਾਲ ਤੋਂ ਜਲਵਾਯੂ ਵਿਹਾਰ ਸੋਸਾਇਟੀ ਵਿੱਚ ਸ਼ਿਫਟ ਹੋਏ ਸੀ, ਜਦਕਿ ਕਰਨਪਾਲ ਦਾ ਵੱਡਾ ਭਾਈ ਨਿੱਜੀ ਕਾਰਾਂ ਦੇ ਸ਼ੋਅ ਰੂਮ ਦਾ ਮੁਲਾਜ਼ਮ ਹੈ।ਸੁਰਿੰਦਰ ਸ਼ਰਮਾ ਨੇ ਦੱਸਿਆ ਕਿ ਕੱਲ੍ਹ ਸਵੇਰ ਕਰੀਬ ਛੇ ਵਜੇ ਉਹ ਘਰੋਂ ਸੈਰ ਕਰਨ ਲਈ ਨਿਕਲਿਆ ਤਾਂ ਮਾਰਕੀਟ ਵਿੱਚ ਕਾਰ ਵਿੱਚ ਡਰਾਈਵਰ ਸੀਟ ਉੱਤੇ ਕਰਨਪਾਲ ਖ਼ੂਨ ਨਾਲ ਲਥਪਥ ਪਿਆ ਸੀ। ਇਸਦੇ ਬਾਅਦ ਇਸਦੀ ਸੂਚਨਾ ਪੁਲਸ ਨੂੰ ਦਿੱਤੀ ਗਈ।

# ਬੰਦੀ ਸਿੱਖਾਂ ਦੀ ਰਿਹਾਈ ਲਈ ਸਰਗਰਮੀ ਅਚਾਨਕ ਮੱਠੀ ਪਈ

## * ਪ੍ਰਧਾਨ ਮੰਤਰੀ ਤੇ ਗ੍ਰਿਹ ਮੰਤਰੀ ਨੂੰ ਮਿਲਣ ਦਾ ਸਮਾਂ ਨਹੀਂ ਮਿਲਿਆ

ਅੰਮ੍ਰਿਤਸਰ, 9 ਜੂਨ (ਪੋਸਟ ਬਿਊਰੋ)- ਸਿੱਖ ਬੰਦੀਆਂ ਦੀ ਰਿਹਾਈ ਦੇ ਯਤਨ ਕਰਨ ਲਈ ਬਣਾਈ 11 ਮੈਂਬਰੀ ਸਾਂਝੀ ਕਮੇਟੀ ਨੂੰ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਿਹ ਮੰਤਰੀ ਤੋਂ ਫਿਲਹਾਲ ਮੁਲਾਕਾਤ ਦਾ ਸਮਾਂ ਨਾ ਮਿਲਣ ਕਾਰਨ ਇਸ ਸਬੰਧੀ ਸਰਗਰਮੀ ਵਿੱਚ ਖੜੋਤ ਆ ਗਈ ਹੈ। ਦੂਜੇ ਪਾਸੇ ਕਮੇਟੀ ਮੈਂਬਰਾਂ ਵਿਚਾਲੇ ਅਸਹਿਮਤੀ ਕਾਰਨ ਕਮੇਟੀ ਦੀ ਹੋਂਦ ਖਤਰੇ ਵਿੱਚ ਜਾਪ ਰਹੀ ਹੈ। ਕਮੇਟੀ ਦੀ 19 ਮਈ ਨੂੰ ਪਹਿਲੀ ਮੀਟਿੰਗ ਹੋਈ ਸੀ, ਜਿਸ ਵਿੱਚ ਅਗਲੇ 15 ਦਿਨਾਂ ਦੌਰਾਨ ਪ੍ਰਧਾਨ ਮੰਤਰੀ, ਕੇਂਦਰੀ ਗ੍ਰਿਹ ਮੰਤਰੀ ਅਤੇ ਦਿੱਲੀ ਤੇ ਕਰਨਾਟਕ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਲਈ ਫੈਸਲਾ ਹੋਇਆ ਸੀ। ਓਦੋਂ ਤੱਕ ਬੰਦੀ ਸਿੱਖਾਂ ਬਾਰੇ ਵੇਰਵੇ ਇਕੱਠੇ ਕਰ ਕੇ ਇੱਕ ਸੂਚੀ ਬਣਾਉਣੀ ਸੀ। ਇਸ ਦੌਰਾਨ ਕਮੇਟੀ ਮੈਂਬਰਾਂ ਵਿੱਚ ਕੁਝ ਮੈਂਬਰਾਂ ਦੀ ਸ਼ਮੂਲੀਅਤ ਬਾਰੇ ਸਹਿਮਤੀ ਵੀ ਨਹੀਂ ਬਣ ਰਹੀ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਇਸ ਕਮੇਟੀ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਲੈਣ ਉੱਤੇ ਇਤਰਾਜ਼ ਕੀਤਾ ਹੈ।ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਤਖਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਦੀ ਕਮੇਟੀ ਵਿੱਚ ਲੈਣ ਉੱਤੇ ਇਤਰਾਜ਼ ਕੀਤਾ ਹੈ। ਪਿਛਲੇ ਦਿਨੀਂ ਇਸ ਕਮੇਟੀ ਦੇ ਦੋ ਮੈਂਬਰਾਂ ਸੁਖਬੀਰ ਸਿੰਘ ਬਾਦਲ ਤੇ ਸਿਮਰਨਜੀਤ ਸਿੰਘ ਮਾਨ ਵਿਚਾਲੇ ਵੀ ਵਖਰੇਵੇਂ ਸਾਹਮਣੇ ਆਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ 19 ਮਈ ਨੂੰ ਹੋਈ ਸਾਂਝੀ ਕਮੇਟੀ ਦੀ ਮੀਟਿੰਗ ਪਿੱਛੋਂ 20 ਅਤੇ 24 ਮਈ ਨੂੰ



ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਿਹ ਮੰਤਰੀ ਦੇ ਦਫਤਰਾਂ ਨੂੰ ਮੀਟਿੰਗ ਵਾਸਤੇ ਸਮਾਂ ਦੇਣ ਲਈ ਪੱਤਰ ਭੇਜੇ ਸਨ, ਪਰ 15 ਦਿਨ ਬੀਤਣ ਪਿੱਛੋਂ ਮੀਟਿੰਗ ਦਾ ਸਮਾਂ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਮੀਟਿੰਗ ਲਈ ਸਮਾਂ ਮਿਲਣ ਦੀ ਉਡੀਕ ਕੀਤੀ ਜਾ ਰਹੀ ਹੈ। ਕਮੇਟੀ ਮੈਂਬਰਾਂ ਵਿਚਾਲੇ ਪੈਦਾ ਹੋਏ ਆਪਸੀ ਵਖਰੇਵਿਆਂ ਬਾਰੇ ਉਨ੍ਹਾਂ ਕਿਹਾ ਕਿ ਉਹ ਯਤਨ ਕਰਨਗੇ ਕਿ ਇਹ ਸਾਂਝੀ ਕਮੇਟੀ ਸਿੱਖ ਬੰਦੀਆਂ ਦੀ ਰਿਹਾਈ ਲਈ ਸਾਂਝੇ ਤੌਰ ਉੱਤੇ ਕੰਮ ਕਰਦੀ ਰਹੇ।

# ਸਾਬਕਾ ਮੰਤਰੀ ਧਰਮਸ਼ੋਤ ਤੇ ਉਸ ਦੇ ਸਾਥੀਆਂ ਵਿਰੁੱਧ ਹੋਰ ਲੋਕ ਵੀ ਵਿਜੀਲੈਂਸ ਕੋਲ ਪੁੱਜੇ

ਚੰਡੀਗੜ੍ਹ, 9 ਜੂਨ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ ਕੀਤੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਾਰਮਸੌਤ, ਉਸ ਦੇ ਸਾਥੀ ਚਮਕੌਰ ਸਿੰਘ ਤੇ ਇੱਕ ਹੋਰ ਖ਼ਿਲਾਫ਼ ਨਵੇਂ ਸ਼ਿਕਾਇਤਕਰਤਾ ਵੀ ਪੁੱਜਣੇ ਸ਼ੁਰੂ ਹੋ ਗਏ ਹਨ। ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਨਾਲ ਸਬੰਧਤ ਉਕਤ ਸ਼ਿਕਾਇਤਾਂ ਦੀ ਸਕਰੂਟਨੀ ਸ਼ੁਰੂ ਕਰ ਦਿੱਤੀ ਹੈ ਤਾਂ ਕਿ ਸ਼ਿਕਾਇਤਾਂ ਉੱਤੇ ਅੱਗੇ ਕਾਰਵਾਈ ਸ਼ੁਰੂ ਕੀਤੀ ਜਾ ਸਕੇ। ਕੱਲ੍ਹ ਵਿਜੀਲੈਂਸ ਬਿਊਰੋ ਦੀਆਂ ਵੱਖ-ਵੱਖ ਟੀਮਾਂ ਨੇ ਧਰਮਸੌਤ ਦੇ ਖੰਨਾ, ਨਾਭਾ ਅਤੇ ਮੋਹਾਲੀ ਦੇ ਅੱਡਿਆਂ ਉੱਤੇ ਡੂੰਘੀ ਤਲਾਸ਼ੀ ਮੁਹਿੰਮ ਚਲਾਈ ਅਤੇ



ਨਾਲ ਧਰਮਸੌਤ ਦੇ ਮੰਤਰੀ ਹੋਣ ਸਮੇਂ ਉਸ ਨਾਲ ਰਹੇ ਸਾਬਕਾ ਵਣ ਰੇਂਜਰ ਚਮਕੌਰ ਸਿੰਘ ਦੇ ਪਟਿਆਲਾ ਵਾਲੇ ਘਰ ਅਤੇ ਤੀਸਰੇ ਸਾਥੀ ਦੇ ਖੰਨਾ ਵਾਲੇ ਘਰ ਦੀ ਤਲਾਸ਼ੀ ਵੀ ਲਈ। ਪਤਾ ਲੱਗਾ ਹੈ ਕਿ ਮੰਤਰੀ ਦੇ ਨਾਲ ਉਸ ਦੇ ਦੋਵਾਂ ਸਾਥੀਆਂ ਵੱਲੋਂ ਵੱਖ-ਵੱਖ ਥਾਂਵਾਂ ਉੱਤੇ ਖਰੀਦੀਆਂ ਜਾਇਦਾਦਾਂਦੇ ਸਬੂਤ ਪੁਲਸ ਨੂੰ ਮਿਲੇ ਹਨ।

ਚਮਕੌਰ ਸਿੰਘ ਦੇ ਵਿਦੇਸ਼ੀ ਕਨੈਕਸ਼ਨ ਨੂੰ ਵੀ ਵਿਜੀਲੈਂਸ ਬਿਊਰੋ ਜਾਂਚ ਰਹੀ ਅਤੇ ਪਤਾ ਲਾਇਆ ਜਾ ਰਿਹਾ ਹੈ ਕਿ ਨੌਕਰੀ ਦੌਰਾਨ ਅਤੇ ਧਰਮਸੌਤ ਨਾਲ ਨਿਯੁਕਤੀ ਸਮੇਂ ਹੋਈ ਕਮਾਈ ਨੂੰ ਵਿਦੇਸ਼ਾਂ ਵਿੱਚ ਤਾਂ ਨਹੀਂ ਨਿਵੇਸ਼ ਕੀਤਾ। ਵਰਨਣ ਯੋਗ ਹੈ ਕਿ ਚਮਕੌਰ ਸਿੰਘ ਨੂੰ ਪਰਸੋਂ ਗ੍ਰਿਫ਼ਤਾਰ ਨਾ ਕੀਤਾ ਜਾਂਦਾ ਤਾਂ ਉਹ ਰਾਤ ਨੂੰ ਵਿਦੇਸ਼ ਪਹੁੰਚ ਜਾਂਦਾ ਕਿਉਂਕਿ ਉਸ ਨੇ ਵਿਦੇਸ਼ ਜਾਣ ਦੀ ਪੂਰੀ ਤਿਆਰੀ ਕੀਤੀ ਹੋਈ ਸੀ ਅਤੇ ਟਿਕਟਾਂ ਖਰੀਦ ਲਈਆਂ ਸਨ।

# ਸਾਬਕਾ ਵਿਧਾਇਕ ਜੋਗਿੰਦਰ ਪਾਲ ਦੇ ਕਰੱਸ਼ਰ ਉਤੇ ਛਾਪਾ

## * ਮਸ਼ੀਨਰੀ ਸਣੇ ਦੋ ਗ੍ਰਿਫਤਾਰ, ਨਾਜਾਇਜ਼ ਮਾਈਨਿੰਗ ਦਾ ਕੇਸ ਦਰਜ

ਪਠਾਨਕੋਟ, 9 ਜੂਨ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਭੋਆ ਦੇ ਸਾਬਕਾ ਕਾਂਗਰਸੀ ਵਿਧਾਇਕ ਜੋਗਿੰਦਰਪਾਲ ਦੇ ਪਿੰਡ ਮੈਰਾ ਵਿਚਲੇ ਸਟੋਨ ਕਰੱਸ਼ਰ ਉੱਤੇ ਕੱਲ੍ਹ ਸ਼ਾਮ ਪੁਲਸ ਅਤੇ ਮਾਈਨਿੰਗ ਵਿਭਾਗ ਦੀ ਟੀਮ ਨੇ ਛਾਪਾ ਮਾਰਿਆ। ਇਸ ਮੌਕੇ ਪੁਲਸ ਤੇ ਮਾਈਨਿੰਗ ਅਧਿਕਾਰੀਆਂ ਨੇ ਨਾਜਾਇਜ਼ ਮਾਈਨਿੰਗਵਿੱਚ ਲੱਗੀ ਮਸ਼ੀਨਰੀ ਕਬਜ਼ੇ ਵਿੱਚ ਲੈ ਕੇ ਦੋ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਅਤੇ ਇਸ ਦੇ ਬਾਅਦ ਬਾਕੀ ਕਾਰਵਾਈ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਮੁਤਾਬਕ ਅਧਿਕਾਰੀਆਂ ਵੱਲੋਂ ਕਬਜ਼ੇ ਵਿੱਚ ਲਈ ਮਸ਼ੀਨਰੀ ਵਿੱਚ ਇੱਕ ਪੋਕਲੇਨ ਮਸ਼ੀਨ, ਇੱਕ ਟਰਾਲਾ ਤੇ ਇੱਕ ਟਰੈਕਟਰ ਟਰਾਲੀ ਸ਼ਾਮਲ ਹੈ। ਇਸ ਤੋਂ ਬਿਨਾ ਜਿਹੜੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਨ੍ਹਾਂ ਦੀ ਪਛਾਣ ਸੁਨੀਲ ਕੁਮਾਰ ਅਤੇ ਪ੍ਰਕਾਸ਼ ਚੰਦ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਦੋਵਾਂ ਜਣਿਆਂ ਤੇ ਕ੍ਰਿਸ਼ਨਾ ਸਟੋਨ ਕਰੱਸ਼ਰ ਦੇ ਖਿਲਾਫ ਮਾਈਨਿੰਗ ਐਕਟ ਦਾ



ਕੇਸ ਦਰਜ ਕੀਤਾ ਹੈ। ਇਸ ਸਟੋਨ ਕਰੱਸ਼ਰ ਦੇ ਮਾਲਕ ਸਾਬਕਾ ਵਿਧਾਇਕ ਜੋਗਿੰਦਰ ਪਾਲ ਹਨ।ਮਾਈਨਿੰਗ ਅਫਸਰਮੁਤਾਬਕ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਕ੍ਰਿਸ਼ਨਾ ਸਟੋਨ ਕਰੱਸ਼ਰ ਨਾਜਾਇਜ਼ ਮਾਈਨਿੰਗ ਕਰ ਰਿਹਾ ਹੈ। ਜਦੋਂ ਵਿਭਾਗ ਨੇ ਛਾਪਾ ਮਾਰਿਆ ਤਾਂ ਕਰੱਸ਼ਰ ਤੇ ਨਾਜਾਇਜ਼ ਮਾਈਨਿੰਗ ਚੱਲ ਰਹੀ ਸੀ। ਇਸ ਦੌਰਾਨ ਇੱਕ ਮਸ਼ੀਨ, ਟਰੈਕਟਰ ਟਰਾਲੀ ਅਤੇ ਇੱਕ ਟਰਾਲੇ ਨੂੰ ਕਬਜ਼ੇ ਵਿੱਚ ਲਿਆ ਹੈ। ਥਾਣਾ ਤਾਰਾਗੜ੍ਹ ਦੇ ਜਾਂਚ ਅਫਸਰ ਨੇ ਦੱਸਿਆ ਕਿ ਮੌਕੇ ਤੋਂ ਗ੍ਰਿਫਤਾਰ ਮੁਲਜ਼ਮਾਂ ਤੋਂ ਇਲਾਵਾ ਕਰੱਸ਼ਰ ਮਾਲਕ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

# 14 ਪਿੰਡਾਂ ਵਿੱਚ ਵਿਕਾਸ ਕੰਮਾਂ ਲਈ 1.25 ਕਰੋੜ ਦਾ ਫੰਡ ਮਨਜ਼ੂਰ

ਜਲੰਧਰ, 9 ਜੂਨ (ਪੋਸਟ ਬਿਊਰੋ)- ਦਿਹਾਤੀ ਖੇਤਰਾਂ ਦਾ ਵਿਕਾਸ ਤੇਜ ਕਰਨ ਲਈ ਡੀ ਸੀ ਘਨਸ਼ਾਮ ਥੋਰੀ ਨੇ ਜ਼ਿਲ੍ਹੇ ਦੇ 14 ਪਿੰਡਾਂ ਵਿੱਚ ਕਈ ਵਿਕਾਸ ਪ੍ਰੋਜੈਕਟਾਂ ਲਈ ਕੱਲ੍ਹ 1.25 ਕਰੋੜ ਰੁਪਏ ਦੇ ਫੰਡ ਜਾਰੀ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਵਿਕਾਸ ਕੰਮਾਂ ਵਿੱਚ ਨਵੇਂ ਆਂਗਣਵਾੜੀ ਕੇਂਦਰਾਂ ਦਾ ਨਿਰਮਾਣ, ਵਾਟਰ ਪਲਾਂਟ, ਇੰਟਰਲ-ਾਕਿੰਗ ਟਾਈਲਾਂ ਲਗਾਉਣਾ, ਨਵੀਆਂ ਗਲੀਆਂ ਅਤੇ ਨਾਲੀਆਂ ਦਾ ਨਿਰਮਾਣ ਅਤੇ ਹੋਰ ਵਿਕਾਸ ਕੰਮ ਸ਼ਾਮਲ ਹਨ।

ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਦੱਸਿਆ ਕਿ ਗਲੀਆਂ ਬਣਾਉਣ ਲਈ ਤਲਵਨ ਨੂੰ 10.33 ਲੱਖ ਰੁਪਏ, ਰੰਧਾਵਾ ਮਸੰਦਾਂ ਲਈ 65.13 ਲੱਖ ਰੁਪਏ, ਉਗੀ ਲਈ 12.52 ਲੱਖ ਰੁਪਏ, ਤਲਵੰਡੀ ਬੂਟੀਆਂ ਲਈ 10 ਲੱਖ ਰੁਪਏ, ਦਾਦੂਵਾਲ ਪਿੰਡ ਲਈ 20 ਲੱਖ ਰੁਪਏ ਦੇ ਫੰਡ ਮਨਜ਼ੂਰ ਕੀਤੇ ਹਨ। ਨਵੇਂ ਆਂਗਣਵਾੜੀ ਕੇਂਦਰਾਂ ਲਈ ਤੇਹਿੰਗ ਲਈ 9.48 ਲੱਖ ਰੁਪਏ, ਚੂਹੜਵਾਲੀ ਲਈ 9.48 ਲੱਖ ਰੁਪਏ, ਗੜ੍ਹਾ ਪਿੰਡ 8.96 ਲੱਖ ਰੁਪਏ, ਪ੍ਰਤਾਪਪੁਰਾ ਲਈ 9.49 ਲੱਖ ਰੁਪਏ ਅਤੇ ਨਗਰ ਪਿੰਡ ਲਈ 9.48 ਲੱਖ ਰੁਪਏ ਦੀ ਗਰਾਂਟ ਮਨਜ਼ੂਰ ਕੀਤੀ ਹੈ। ਇਸ ਦੇ ਇਲਾਵਾ ਲੇਸੜੀਵਾਲ ਵਿੱਚ ਵੀਹ ਲੱਖ ਰੁਪਏ, ਬਿਆਸ ਪਿੰਡ ਵਿੱਚ 11.44 ਲੱਖ ਰੁਪਏ, ਰਾਮਗੜ੍ਹ ਵਿੱਚ ਪੰਜ ਲੱਖ ਰੁਪਏ ਅਤੇ ਰਾਮਗੜ੍ਹ ਵਿੱਚ 2.5 ਲੱਖ ਰੁਪਏ ਨਾਲ ਇੰਟਰਲਾਕਿੰਗ ਟਾਈਲਾਂ ਵਿਛਾਉਣ ਅਤੇ ਰਾਮਗੜ੍ਹ ਵਿੱਚ 2.5 ਲੱਖ ਰੁਪਏ ਨਾਲ ਵਾਟਰ ਪਲਾਂਟ, ਤਲਹਣ ਪਿੰਡ ਵਿੱਚ ਨਾਲੀਆਂ ਲਈ 9.65 ਲੱਖ ਰੁਪਏ ਦੇ ਫੰਡ ਨੂੰ ਮਨਜ਼ੂਰੀ ਦਿੱਤੀ ਹੈ।

# ਲਵ ਮੈਰਿਜ ਦਾ ਮਾਮਲਾ: ਸਾਲੇ ਨੇ ਜੀਜੇ ਨੂੰ ਗੋਲੀਆਂ ਮਾਰ ਕੇ ਜ਼ਖਮੀ ਕੀਤਾ

ਅੰਮ੍ਰਿਤਸਰ, 9 ਜੂਨ (ਪੋਸਟ ਬਿਊਰੋ)- ਭੈਣ ਗੁਰਪ੍ਰੀਤ ਕੌਰ ਦੀ ਲਵ ਮੈਰਿਜ ਤੋਂ ਨਾਰਾਜ਼ ਭਰਾ ਚਰਨਜੀਤ ਸਿੰਘ ਨੇ ਦੋ ਦੋਸਤਾਂ ਦੇ ਨਾਲ ਮਿਲ ਕੇ ਆਪਣੇ ਜੀਜੇ ਅੰਮ੍ਰਿਤਸਪਾਲ ਸਿੰਘ ਨੂੰ ਮਾਰਨ ਲਈ ਉਸ ਉੱਤੇ ਦੋ ਗੋਲੀਆਂ ਦਾਗ ਦਿੱਤੀਆਂ। ਜ਼ਖਮੀ ਲੜਕੇ ਅੰਮ੍ਰਿਤਪਾਲ ਸਿੰਘ ਦੀ ਹਾਲਤ ਕਾਫ਼ੀ ਗੰਭੀਰ ਹੈ ਅਤੇ ਉਹ ਆਪ੍ਰੇਸ਼ਨ ਥੇਟਰ ਵਿੱਚ ਜ਼ਿੰਦਗੀ ਅਤੇ ਮੌਤ ਦੇ ਵਿੱਚ ਜੂਝ ਰਿਹਾ ਹੈ।ਖਾਸ ਗੱਲ ਇਹ ਹੈ ਕਿ ਨਾਜਾਇਜ਼ਪਿਸਤੌਲ ਤੋਂ ਗੋਲੀਆਂ ਚਲਾਈਆਂ ਗਈਆਂ ਹਨ। ਲੜਕੀ ਦਾ ਦਾਅਵਾ ਹੈ ਕਿ ਉਸਦੇ ਭਰਾ ਚਰਨਜੀਤ ਸਿੰਘ ਕੋਲ 2-3 ਨਾਜਾਇਜ਼ ਹਥਿਆਰ ਹਨ ਤੇ ਉਸ ਉੱਤੇ 3-4 ਕੇਸ ਪਹਿਲਾਂ ਤੋਂ ਚੱਲਦੇ ਹਨ। ਅੰਮ੍ਰਿਤਪਾਲ ਸਿੰਘ ਉਰਫ਼ ਮਨੂ ਗਲੀ ਨੰਬਰ-5, ਕ੍ਰਿਸ਼ਨਾ ਨਗਰ, ਜੌੜਾ ਫਾਟਕ ਦਾ ਵਾਸੀ ਹੈ ਅਤੇ ਉਸਦੀ ਪਤਨੀ ਗੁਰਪ੍ਰੀਤ ਕੌਰ ਉਰਫ਼ ਕਿਰਨ ਜੰਡਿਆਲਾ ਦੀ ਵਾਸੀ ਹੈ। ਉਨ੍ਹਾਂ ਦੀ ਦੋ ਮਹੀਨੇ ਪਹਿਲਾਂ ਹੀ ਕੋਰਟ ਵਿੱਚ ਲਵ ਮੈਰਿਜ ਹੋਈ ਸੀ।ਕਿਰਨ ਨੇ ਦੱਸਿਆ ਕਿ ਉਸਦੀ ਅੰਮ੍ਰਿਤਪਾਲ ਸਿੰਘ ਨਾਲ ਦੋਸਤੀ ਹੋਈ ਅਤੇ ਫਿਰ ਪਿਆਰ ਵਿੱਚ ਬਦਲ ਗਈ ਅਤੇ ਅਜੇ ਦੋ ਮਹੀਨੇ ਪਹਿਲਾਂ ਹੀ ਲਵ ਮੈਰਿਜ ਕਰਵਾਈ ਸੀ।

# ਚੈਕ ਪੋਸਟ ਉੱਤੇ ਜਾਅਲੀ ਟੈਕਸ ਵਸੂਲੀ ਦੇ ਘਪਲੇ ਦਾ ਪਰਦਾਫਾਸ਼

## * ਦੋ ਮੁਲਾਜ਼ਮ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ


ਚੰਡੀਗੜ੍ਹ, 9 ਜੂਨ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਐਸ ਏ ਐਸ ਨਗਰ ਜ਼ਿਲ੍ਹੇ ਦੇ ਟੈਕਸ ਕੁਲੈਕਸ਼ਨ ਸੈਂਟਰ, ਝਰਮੜੀ, ਨੇੜੇ ਲਾਲੜੂ ਵਿਖੇ ਸੂਬੇ ਵਿੱਚ ਦਾਖਲ ਹੋਣ ਅਤੇ ਨਿਕਲਣ ਵਾਲੇ ਵਪਾਰਕ ਵਾਹਨਾਂ ਤੋਂ ਇਕੱਠੇ ਕੀਤੇ ਟੈਕਸ ਨੂੰ ਹੜੱਪਣ ਵਾਲੇ ਟਰਾਂਸਪੋਸਟ ਵਿਭਾਗ ਦੇ ਦੋ ਕਰਮਚਾਰੀਆਂ ਹਰਪਾਲ ਸਿੰਘ ਅਤੇ ਸਲਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸਰਕਾਰੀ ਖਜਾਨੇ ਨੂੰ ਚੂਨਾ ਲਾਉਣ ਵਾਲੇ ਘੁਟਾਲੇ ਦਾ ਪਰਦਾਫਾਸ਼ ਕੀਤਾ ਹੈ। ਇਹ ਮੁਲਾਜ਼ਮ ਨਕਲੀ ਕੰਪਿਊਟਰ ਸਾਫਟਵੇਅਰ ਦੇ ਨਾਲ ਜਾਅਲੀ ਮੋਹਰਾਂ ਲਾ ਕੇ ਇਹ ਧੋਖਾਧੜੀ ਕਰਦੇ ਸਨ।

ਇਸ ਬਾਰੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਰੋਜ਼ 2000 ਦੇ ਕਰੀਬ ਨਵੇਂ ਵਪਾਰਕ ਵਾਹਨਾਂ ਨਾਲ ਵਪਾਰਕ ਵਾਹਨਾਂ ਦੀਆਂ ਨਵੀਆਂ ਚੈਸੀਆਂ ਬਾਹਰਲੇ ਰਾਜਾਂ ਤੋਂ ਪੰਜਾਬ ਆਉਂਦੀਆਂ ਹਨ। ਇਨ੍ਹਾਂ ਨੂੰ ਪੰਜਾਬ ਵਿੱਚ ਦਾਖ਼ਲ ਹੋਣ ਜਾਂ ਲੰਘਣ ਲਈ ਟੈਕਸ ਦਾ ਭੁਗਤਾਨ ਕਰਨਾ ਪੈਂਦਾ ਹੈ, ਜਿਸ ਦਾ ਭੁਗਤਾਨ ਸਬੰਧਤ ਵਾਹਨ ਦੇ ਡਰਾਈਵਰ, ਮਾਲਕ ਵੱਲੋਂ ਆਨਲਾਈਨ ਕੀਤਾ ਜਾ ਸਕਦਾ ਜਾਂ ਉਸ ਚੈਕ ਪੋਸਟ ਉੱਤੇ ਸਟਾਫ਼ ਕੋਲ ਜਮ੍ਹਾ ਕਰਾਇਆ ਜਾ ਸਕਦਾ ਹੈ। ਬੁਲਾਰੇ ਮੁਤਾਬਕ ਪਿੰਡ ਹਸਨਪੁਰ, ਫ਼ਤਿਹਆਬਾਦ, ਹਰਿਆਣਾ ਦੇ ਕਰਮਚਾਰੀ ਹਰਪਾਲ ਸਿੰਘ, ਪਿੰਡ ਬਿਸ਼ਨਪੁਰਾ, ਜ਼ੀਰਕਪੁਰ ਦੇ ਸਲਿੰਦਰ ਸਿੰਘ ਤੇ ਪਿੰਡ ਖਾਨਪੁਰ, ਖਰੜ, ਐਸ ਏ ਐਸ ਨਗਰ ਦੇ ਪ੍ਰਵੀਨ ਕੁਮਾਰ ਨੂੰ ਉਪਰੋਕਤ ਆਰ ਟੀ ਏ ਚੈਕਪੋਸਟ ਝਰਮੜੀ ਵਿਖੇ ਲਾਇਆ ਗਿਆ ਸੀ। ਉਹ ਟਰਾਂਸਪੋਰਟ ਵਿਭਾਗ ਦੇ ਈ-ਪਰਿਵਾਹਨ ਸਾਫ਼ਟਵੇਅਰ ਵਿੱਚ ਰਜਿਸਟਰੇਸ਼ਨ ਨੰਬਰ ਅਤੇ ਵਾਹਨ ਦੀ ਕਿਸਮ ਸਮੇਤ ਲੋੜੀਂਦੇ ਵੇਰਵੇ ਭਰਨ ਪਿੱਛੋਂ ਟੈਕਸ ਦੀ ਬਕਾਇਆ ਰਕਮ ਇਕੱਠੀ ਕਰਦੇ ਸਨ ਤੇ ਇਕੱਠੀ ਹੋਈ ਰਕਮ ਨੂੰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ



ਕਰਵਾਉਣਾ ਲਾਜ਼ਮੀ ਹੈ, ਪਰ ਇਨ੍ਹਾਂ ਨੇ ਪੈਸੇ ਹੜੱਪਣ ਦੇ ਇਰਾਦੇ ਨਾਲ ਅਸਲੀ ਸਾਫ਼ਟਵੇਅਰ ਵਰਗਾ ਜਾਅਲੀ ਸਾਫਟਵੇਅਰਬਣਵਾਇਆ ਤੇ ਇਸ ਦੀ ਵਰਤੋਂ ਵਾਪਰਕ ਵਾਹਨਾਂ ਤੋਂ ਟੈਕਸ ਵਸੂਲਣ ਅਤੇ ਵਾਹਨਾਂ ਦੇ ਮਾਲਕਾਂ/ਡਰਾਈਵਰਾਂ ਲਈ ਜਾਅਲੀ ਰਸੀਦਾਂ ਤਿਆਰ ਕਰਨ ਲਈ ਕੀਤੀ ਜਾਂਦੀ ਸੀ। ਵਾਹਨ ਚਾਲਕਾਂ, ਮਾਲਕਾਂ ਨੂੰ ਇਸ ਦੀ ਸੱਚਾਈ ਦਾ ਯਕੀਨ ਦਿਵਾਉਣ ਲਈ ਰਸੀਦਾਂ ਉੱਤੇ ਚਿਪਕਾਉਣ ਲਈ ਜਾਅਲੀ ਸਟੈਂਪਾਂ ਵੀ ਬਣਾ ਰੱਖੀਆਂ ਸਨ। ਜਦੋਂ ਸਰਕਾਰ ਦੇ ਈ-ਪ੍ਰੀਵਾਹਨ ਸਾਫ਼ਟਵੇਅਰ ਉੱਤੇ ਅਜਿਹੀਆਂ ਦੋ ਜਾਅਲੀ ਰਸੀਦਾਂ ਦੀ ਜਾਂਚ ਕੀਤੀ ਗਈ ਤਾਂ ਉਹ ਜਾਅਲੀ ਨਿਕਲੀਆਂ। ਇਸ ਪਿੱਛੋਂ ਜਾਅਲੀ ਟੈਕਸ ਵਸੂਲੀ ਦੇ ਘੁਟਾਲੇ ਦਾ ਪਰਦਾਫ਼ਾਸ਼ ਹੋਇਆ। ਵਿਜੀਲੈਂਸ ਨੇ ਇਸ ਬਾਰੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਹੇਠ ਦੋਸ਼ੀ ਹਰਪਾਲ ਸਿੰਘ, ਸਲਿੰਦਰ ਸਿੰਘ ਅਤੇ ਪ੍ਰਵੀਨ ਕੁਮਾਰ ਦੇ ਵਿਰੁੱਧ ਪੁਲਸ ਥਾਣਾ ਵਿਜੀਲੈਂਸ ਬਿਊਰੋ, ਉਡਣ ਦਸਤਾ-1, ਮੋਹਾਲੀ ਵਿਖੇ ਦਰਜ ਕੀਤਾ ਹੈ। ਇਨ੍ਹਾਂ ਵੱਲੋਂ ਵਰਤੇ ਜਾ ਰਹੇ ਨਕਲੀ ਕੰਪਿਊਟਰ ਸਾਫ਼ਟਵੇਅਰ ਦੇ ਨਾਲ-ਨਾਲ ਜਾਅਲੀ ਮੋਹਰਾਂ ਵੀ ਬਰਾਮਦ ਕੀਤੀਆਂ ਗਈਆਂ ਹਨ।





## ਲਾਰੈਂਸ ਬਿਸ਼ਨੋਈ, ਹਾਸ਼ਿਮ ਬਾਬਾ ਅਤੇ ਗੋਗੀ ਗੈਂਗ ਨੂੰ ਹਥਿਆਰ ਦੇਣ ਵਾਲੇ ਫੜੇ



ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਬਾਹਰੀ ਉਤਰੀ ਜ਼ਿਲ੍ਹਾ ਪੁਲਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ, ਹਾਸ਼ਿਮ ਬਾਬਾ ਅਤੇ ਗੋਗੀ ਗੈਂਗ ਦੇ ਬਦਮਾਸ਼ਾਂ ਨੂੰ ਹਥਿਆਰ ਸਪਲਾਈ ਕਰਨ ਵਾਲੇ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਭਲਸਵਾ ਡੇਅਰੀ ਇਲਾਕੇ ਵਿੱਚ ਇੱਕ ਬਦਮਾਸ਼ ਨੂੰ ਹਥਿਆਰ ਦੇਣ ਆਏ ਸਨ। ਦੋਸ਼ੀਆਂ ਦੀ ਪਛਾਣ ਮੁਰਾਦਨਗਰ ਗਾਜ਼ੀਆਬਾਦ ਦੇ ਜੀਸ਼ਾਨ ਅਤੇ ਇਰਸ਼ਾਦ ਦੇ ਰੂਪ ਵਿੱਚ ਹੋਈ ਹੈ।ਉਨ੍ਹਾਂ ਦੇ ਕਬਜ਼ੇ ਤੋਂ ਤਿੰਨ ਪਿਸਤੌਲ ਤੇ ਸੱਤ ਕਾਰਤੂਸ ਮਿਲੇ ਹਨ। ਪੁਲਸ ਦਾ ਕਹਿਣਾ ਹੈ ਕਿ ਗ੍ਰਿਫ਼ਤਾਰ ਬਦਮਾਸ਼ਾਂ ਤੋਂ ਪੁੱਛਗਿੱਛ ਕਰਕੇ ਜਾਨਣ ਦੀ ਕੋਸ਼ਿਸ਼ ਚੱਲ ਰਹੀ ਹੈ ਕਿ ਉਹ ਕਿੰਨ੍ਹਾਂ ਬਦਮਾਸ਼ਾਂ ਨੂੰ ਹਥਿਆਰ ਪੁਚਾ ਚੁੱਕੇ ਹਨ ਅਤੇ ਇਨ੍ਹਾਂ ਵਿੱਚੋਂ ਕੋਈ ਜਣਾ ਸਿੱਧੂ ਮੂਸੇਵਾਲਾ ਕੇਸ ਵਿੱਚ ਸ਼ਾਮਲ ਤਾਂ ਨਹੀਂ ਹੈ।

ਕੱਲ੍ਹ ਪੁਲਸ ਨੂੰ ਸੂਚਨਾ ਮਿਲੀ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ, ਹਾਸਿਮ ਬਾਬਾ ਅਤੇ ਗੋਗੀ ਗੈਂਗ ਨੂੰ ਹਥਿਆਰ ਦੇਣ ਵਾਲਾ ਜੀਸ਼ਾਨ ਆਪਣੇ ਸਾਥੀ ਨਾਲ ਭਲਸਵਾ ਡੇਅਰੀ ਇਲਾਕੇ ਵਿੱਚ ਆਉਣ ਵਾਲਾ ਹੈ। ਪੁਲਸ ਨੇ ਇੱਕ ਟੀਮ ਬਣਾ ਕੇ ਇਲਾਕੇ ਦੇ ਝੰਡਾ ਚੌਕ ਉੱਤੇ ਘੇਰਾਬੰਦੀ ਕਰ ਦਿੱਤੀ।ਰਾਤ ਕਰੀਬ 1 ਵੱਜ ਕੇ 40 ਮਿੰਟ ਉੱਤੇ ਪੁਲਸ ਨੇ ਇੱਕ ਸਕੂਟੀ ਉੱਤੇ ਸਵਾਰ ਦੋ ਨੌਜਵਾਨਾਂ ਨੂੰ ਬੁਰਾੜੀ ਵੱਲੋਂ ਆਉਂਦੇ ਦੇਖਿਆ। ਪੁਲਸ ਨੇ ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਓਥੇ ਪੁਲਸ ਨੂੰ ਦੇਖ ਕੇ ਸਕੂਟੀ ਚਲਾ ਰਿਹਾ ਬਦਮਾਸ਼ ਯੂ-ਟਰਨ ਕਰਕੇ ਉਥੋਂ ਭੱਜਣ ਦੀ ਕੋਸ਼ਿਸ਼ ਕਰਨ ਲੱਗਾ। ਇਸੇ ਦੌਰਾਨ ਉਨ੍ਹਾਂ ਦੀ ਸਕੂਟੀ ਡਿੱਗ ਗਈ ਅਤੇ ਪੁਲਸ ਨੇ ਦੋਨਾਂ ਬਦਮਾਸ਼ਾਂ ਨੂੰ ਦਬੋਚ ਲਿਆ।

## ਭਾਰਤ-ਵਿਅਤਨਾਮ ਇੱਕ ਦੂਸਰੇ ਦੇ ਮਿਲਟਰੀ ਬੇਸ ਵਰਤ ਸਕਣਗੇ

### * ਸੈਨਾ 'ਲਾਜਿਸਟਿਕ ਸਪੋਰਟ' ਸਮਝੌਤੇ ਉੱਤੇ ਦਸਤਖ਼ਤ

ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਭਾਰਤ ਅਤੇ ਵਿਅਤਨਾਮ ਨੇ 2030 ਤਕ ਫੌਜੀ ਸਬੰਧਾ ਦਾ ਘੇਰਾ ਹੋਰ ਮੋਕਲਾ ਬਣਾਉਣ ਲਈ ਇੱਕ 'ਵਿਜਨ' ਦਸਤਾਵੇਜ਼ ਅਤੇ ਦੋਨਾਂ ਦੇਸ਼ਾਂ ਦੀ ਫੌਜਾਂ ਨੂੰ ਇੱਕ-ਦੂਸਰੇ ਦੇ ਮਿਲਟਰੀ ਬੇਸ ਦਾ ਵਰਤਣ ਦੀ ਪ੍ਰਵਾਨਗੀ ਦੇਣ ਲਈ ਸੈਨਾ 'ਲਾਜਿਸਟਿਕ ਸਪੋਰਟ' (ਸਮਾਨ ਅਤੇ ਸੇਵਾਵਾਂ ਦੀ ਆਵਾਜਾਈ ਨੂੰ ਸਾਂਝਾ ਸਮਰਥਨ ਦੇਣਾ) ਸਮਝੌਤੇ ਉੱਤੇ ਦਸਤਖ਼ਤ ਕੀਤੇ ਹਨ।ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵਿਅਤਨਾਮ ਦੇ ਰੱਖਿਆ ਮੰਤਰੀਜਰਨਲ ਫਾਨ ਵਾਨ ਗਿਆਂਗ ਦੇ ਨਾਲ ਮੁਲਾਕਾਤ ਕੀਤੀ ਅਤੇ ਦੋਨਾਂ ਦੇਸ਼ਾਂ ਦੇ ਵਿੱਚ ਰੱਖਿਆ ਅਤੇ ਸੁਰੱਖਿਆ ਸਹਿਯੋਗ ਵਧਾਉਣ ਉੱਤੇ ਸਹਿਮਤੀ ਬਣਨ ਦੇ ਬਾਅਦ ਇਨ੍ਹਾਂ



ਸਮਝੌਤਿਆਂ ਉੱਤੇ ਦਸਤਖ਼ਤ ਕੀਤੇ ਗਏ।

ਦੱਖਣੀ ਚੀਨੀ ਸਾਗਰ ਵਿੱਚ ਚੀਨ ਦੀ ਵਧਦੀ ਹਮਲਾਵਰੀ ਮੌਕੇ ਦੋਨਾਂ ਦੇਸ਼ਾਂ ਦੇ ਆਪਸੀ ਸਬੰਧਾਂ ਵਿੱਚ ਇਸ ਪ੍ਰਗਤੀ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਇਹ ਪਹਿਲਾ ਅਜਿਹਾ ਵੱਡਾ ਸਮਝੌਤਾ ਹੈ, ਜੋ ਵਿਅਤਨਾਮ ਨੇ ਕਿਸੇ ਦੇਸ਼ ਨਾਲ ਕੀਤਾ ਹੈ। ਇਸ ਸਮਝੌਤੇ ਨਾਲ ਦੋਹਾਂ ਦੇਸ਼ਾਂ ਦੀ ਸੈਨਾ ਇੱਕ-ਦੂਸਰੇ ਦੇ ਮਿਲਟਰੀ ਬੇਸਦੀ ਵਰਤੋਂ ਮੁਰੰਮਤ ਕਾਰਜ ਦੇ ਲਈ ਅਤੇ ਸਪਲਾਈਲਈ ਕਰ ਸਕੇਗੀ।ਰਾਜਨਾਥ ਸਿੰਘ ਤਿੰਨ ਦਿਨਾਂ ਯਾਤਰਾ ਉੱਤੇ ਕੱਲ੍ਹ ਵਿਅਤਨਾਮ ਪਹੁੰਚੇ ਸੀ। ਰਾਜਨਾਥ ਸਿੰਘ ਨੇ ਗਿਆਂਗ ਨਾਲ ਮੁਲਾਕਾਤ ਦੇ ਬਾਅਦ ਟਵੀਟ ਕੀਤਾ,''ਵਿਅਤਨਾਮ ਦੇ ਰੱਖਿਆ ਮੰਤਰੀ ਜਰਨਲ ਫਾਨ ਵਾਨ ਗਿਆਂਗ ਦੇ ਨਾਲ ਮੁਲਾਕਾਤ ਬੇਹਤਰੀਨ ਰਹੀ। ਸਾਡੇ ਵਿੱਚ ਮਜਬੂਤ ਰੱਖਿਆ ਅਤੇ ਸੁਰੱਖਿਆ ਸਹਿਯੋਗ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸਥਿਰਤਾ ਦੇ ਲਈ ਮਹੱਤਵਪੂਰਨ ਹੈ।''

## ਹਰਿਆਣਾ ਦੇ ਬਿਜਲੀ ਨਿਗਮ ਵਿੱਚ 49.29 ਕਰੋੜ ਦਾ ਫਰਾਡ

ਜਮਨਾਨਗਰ, 9 ਜੂਨ (ਪੋਸਟ ਬਿਊਰੋ)- ਹਰਿਆਣਾ ਵਿੱਚ ਬਿਜਲੀ ਨਿਗਮ ਦੇ ਸਬ ਅਰਬਨ ਡਵੀਜ਼ਨ ਜਗਾਧਰੀ ਵਿੱਚ ਵਾਊਚਰ ਫਰਾਡ ਦੀ ਚਾਰ ਸਾਲ ਦੀ ਅੰਤ੍ਰਿਮ ਆਡਿਟ ਰਿਪੋਰਟ ਹੈਡ ਆਫਿਸ ਨੂੰ ਸੌਂਪੀ ਗਈ ਹੈ। ਇਹ ਆਡਿਟ ਰਿਪੋਰਟ ਮੀਡੀਆ ਨੂੰ ਵੀ ਮਿਲੀ ਹੈ, ਜਿਸ ਵਿੱਚ ਹੈਰਾਨ ਕਰਨ ਵਾਲੇ ਖੁਲਾਸੇ ਤੇ 49 ਕਰੋੜ 29 ਲੱਖ ਰੁਪਏ ਦੇ ਫਰਜ਼ੀ ਵਾਊਚਰ 1093 ਲੋਕਾਂ ਦੇ ਨਾਂਅ ਬਣਾ ਕੇ ਸਰਕਾਰੀ ਖਜ਼ਾਨੇ ਵਿੱਚੋਂ ਪੈਸੇ ਕਢਵਾਏ ਦੱਸੇ ਗਏ ਹਨ।

ਪਤਾ ਲੱਗਾ ਹੈ ਕਿ ਜਿੰਨੇ ਕਰਮਚਾਰੀ ਰਿਟਾਇਰ ਹੋਏ, ਉਸ ਤੋਂ ਕਿਤੇ ਵੱਧ ਲੋਕਾਂ ਦੇ ਨਾਂਅ ਫਰਜ਼ੀ ਵਾਊਚਰ ਪਾਏ ਗਏ। ਆਡਿਟ ਰਿਪੋਰਟ ਵਿੱਚ ਇਹ ਸਾਫ ਨਹੀਂ ਕੀਤਾ ਗਿਆ ਕਿ ਕਿੰਨੇ ਲੋਕ ਰਿਟਾਇਰ ਹੋਏ। ਅਜੇ ਦੋ ਸਾਲ ਦਾ ਆਡਿਟ ਹੋਣਾ ਬਾਕੀ ਹੈ। ਛੇ ਸਾਲ ਦੇ ਆਡਿਟ ਦੇ ਆਰਡਰ ਹੋਏ ਹਨ। ਫਾਈਨਲ ਆਡਿਟ ਰਿਪੋਰਟ ਬਣਨੀ ਬਾਕੀ ਹੈ। ਮੰਨਿਆ ਜਾ ਰਿਹਾ ਹੈ ਕਿ ਫਾਈਨਲ ਰਿਪੋਰਟ ਵਿੱਚ ਫਰਾਡ 100 ਕਰੋੜ ਰੁਪਏ ਤਕ ਜਾ ਸਕਦਾ ਹੈ। ਅਜੇ ਤਕ ਦੀ ਜਾਂਚ ਦੌਰਾਨ ਸਬ ਅਰਬਨ ਡਵੀਜ਼ਨ ਜਗਾਧਰੀ ਦੇ ਦੋ ਐਕਸੀਅਨ ਇਸ ਦੇ ਦੋਸ਼ੀ ਮੰਨੇ ਗਏ ਹਨ। ਇਨ੍ਹਾਂ ਵਿੱਚੋਂ ਸੰਜੀਵ ਗੁਪਤਾ ਰਿਟਾਇਰ ਹੋ ਚੁੱਕੇ ਹਨ। ਕੁਲਵੰਤ ਸਿੰਘ ਜਮਨਾਨਗਰ ਤੈਨਾਤ ਹਨ। ਏਦਾਂ ਦਾ ਫਰਾਡ ਬਿਲਾਸਪੁਰ ਵਿੱਚ ਵੀ ਹੋਇਆ ਸੀ ਤੇ ਇਸ ਵਿੱਚ ਐਕਸੀਅਨ ਨੀਰਜ ਗ੍ਰਿਫਤਾਰ ਹੋ ਚੁੱਕਾ ਹੈ। ਐਕਸੀਅਨ ਸਮੇਤ ਪੰਜ ਜਣੇਪਾਣੀਪਤ ਪੁਲਸ ਗ੍ਰਿਫਤਾਰ ਕਰ ਚੁੱਕੀ ਹੈ ਕਿਉਂਕਿ ਸਭ ਤੋਂ ਪਹਿਲਾ ਕੇਸ ਪਾਣੀਪਤ ਵਿੱਚ ਬਣਿਆ ਸੀ। ਇਸ ਦੇ ਬਾਅਦ ਬਿਲਾਸਪੁਰ ਅਤੇ ਫਿਰ ਜਗਾਧਰੀ ਸਬ ਡਵੀਜ਼ਨ ਵਿੱਚ ਫਰਾਡ ਪਤਾ ਲੱਗਣ ਦਾ ਕੇਸ ਦਰਜ ਹੋਇਆ ਸੀ। ਇਸ ਵਿੱਚ ਗ੍ਰਿਫਤਾਰ ਦੋਸ਼ੀਆਂ ਨੂੰ ਸਸਪੈਂਡ ਕਰ ਦਿੱਤਾ ਗਿਆ। ਜਮਨਾਨਗਰ ਸਰਕਲ ਦੇ ਐਸ ਈ ਦਾ ਕਹਿਣਾ ਹੈ ਕਿ ਜਿਨ੍ਹਾਂ ਐਕਸੀਅਨ ਅਤੇ ਹੋਰਨਾਂ ਦਾ ਨਾਂਅ ਇਸ ਰਿਪੋਰਟ ਵਿੱਚ ਆਇਆ ਹੈ, ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਦੇ ਕੇ ਜਵਾਬ ਮੰਗਿਆ ਜਾਏਗਾ।

ਰਿਪੋਰਟ ਅਨੁਸਾਰ ਐਲ ਡੀ ਸੀ (ਲੋਅਰ ਡਵੀਜ਼ਨ ਕਲਰਕ) ਰਾਘਵ ਵਧਾਵਨ ਅਤੇ ਮਨਹਰ ਗੋਪਾਲ ਫਰਜ਼ੀ ਵਾਊਚਰ ਬਣਾਉਂਦੇ ਸਨ। ਐਕਸੀਅਨ ਸੰਜੀਵ ਗੁਪਤਾ ਅਤੇ ਕੁਲਵੰਤ ਸਿੰਘ ਬਿਨਾਂ ਚੈੱਕ ਕੀਤੇ ਵਾਊਚਰ ਅੱਗੇ ਕੈਸ਼ ਦੇ ਲਈ ਭੇਜ ਦਿੰਦੇ ਸਨ। ਇਸ ਪਿੱਛੋਂ ਡਿਪਟੀ ਸੁਪਰਡੈਂਟ ਪੂਜਾ ਅਤੇ ਜਗਮਾਲ ਚੈਕ ਕੱਟ ਦਿੰਦੇ ਸਨ। ਗ੍ਰੈਜੂਟੀ, ਪੈਨਸ਼ਨ ਏਰੀਅਰ, ਮਾਸਿਕ ਪੈਨਸ਼ਨ ਅਤੇ ਕਰਮਚਾਰੀਆਂ ਦੀਆਂ ਹੋਰ ਸਹੂਲਤਾਂ ਦੇ ਨਾਂਅ ਉੱਤੇ ਮਿਲਣ ਵਾਲੇ ਪੈਸੇ ਦੀ ਜਾਂਚ ਕੀਤੀ ਗਈ ਤਾਂ ਚਾਰਾਂ ਪੁਆਇੰਟ ਦੂ ਜਾਂਚ ਵਿੱਚਸਾਰਾ ਫਰਾਡ ਗਰੈਜੂਟੀ ਵਿੱਚ ਹੀ ਫੜਿਆ ਹੈ।

## 'ਪੱਬਜੀ' ਖੇਡਣ ਤੋਂ ਰੋਕਣ ਉੱਤੇ ਪੁੱਤਰ ਨੇ ਪਿਉ ਦੀ ਬੰਦੂਕ ਨਾਲ ਮਾਂ ਮਾਰੀ

ਲਖਨਊ, 9 ਜੂਨ (ਪੋਸਟ ਬਿਊਰੋ)- ਆਨਲਾਈਨ ਗੇਮ ਖੇਡਣ ਤੋਂ ਰੋਕਣ ਉੱਤੇ 16 ਸਾਲਾ ਇੱਕ ਲੜਕੇ ਵੱਲੋਂ ਆਪਣੀ ਮਾਂ ਦਾ ਕਤਲ ਕਰ ਦਿੱਤਾ ਗਿਆ। ਲਖਨਊ ਪੁਲਸ ਨੇ ਕੱਲ੍ਹ ਇਸ ਬਾਰੇ ਦੱਸਿਆ ਕਿ ਲੜਕੇ ਨੂੰ ਪੱਬਜੀ ਗੇਮ ਖੇਡਣ ਦੀ ਆਦਤਹੈ ਅਤੇ ਉਹ ਮਾਂ ਵੱਲੋਂ ਖੇਡਣ ਤੋਂ ਰੋਕਣ ਉੱਤੇ ਨਾਰਾਜ਼ ਸੀ। ਨਾਬਾਲਗ ਲੜਕਾ ਹਿਰਾਸਤ ਵਿੱਚ ਹੈ।

ਪੁਲਸ ਨੇ ਦੱਸਿਆ ਕਿ ਲੜਕੇ ਨੇ ਮਾਂ ਦੀ ਲਾਸ਼ ਨੂੰ ਦੋ ਦਿਨ ਕਮਰੇ ਵਿੱਚ ਬੰਦ ਰੱਖਿਆ ਅਤੇ ਉਸ ਦੇ ਬਾਅਦ ਕੱਲ੍ਹ ਪੱਛਮੀ ਬੰਗਾਲ ਵਿੱਚ ਤੈਨਾਤ ਫ਼ੌਜੀ ਜਵਾਨ ਪਿਤਾ ਨੂੰ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਘਟਨਾ



ਸਮੇਂ ਲੜਕੇ ਦੀ ਨੌਂ ਸਾਲਾ ਭੈਣ ਵੀ ਘਰ ਵਿੱਚ ਸੀ। ਲੜਕੇ ਨੇ ਉਸ ਨੂੰ ਧਮਕਾਇਆ ਅਤੇ ਲਾਸ਼ ਤੋਂ ਨਿਕਲਦੀ ਬਦਬੂ ਲੁਕਾਉਣ ਲਈ ਰੂਮ ਫ੍ਰੈਸ਼ਨਰ ਦਾ ਇਸਤੇਮਾਲ ਕੀਤਾ। ਇਸ ਬਾਰੇ ਪੁਲਸ ਅਧਿਕਾਰੀ ਕਾਸਿਮ ਆਬਿਦੀ ਨੇ ਦੱਸਿਆ, ''ਘਟਨਾ ਪੀ ਜੀ ਆਈ ਥਾਣਾ ਖੇਤਰ ਦੇ ਯਮੁਨਾਪੁਰਮ ਕਾਲੋਨੀ ਦੀ ਹੈ। ਲੜਕੇ ਦਾ ਪਿਤਾ ਇਸ ਸਮੇਂ ਪੱਛਮੀ ਬੰਗਾਲ ਵਿੱਚ ਤੈਨਾਤ ਹੈ ਅਤੇ ਉਸ ਦੀ ਮਾਂ ਬੇਟੇ ਤੇ ਬੇਟੀ ਨਾਲ ਲਖਨਊ ਵਿੱਚ ਸਨ।'' ਅਧਿਕਾਰੀ ਨੇ ਦੱਸਿਆ ਕਿ ਲੜਕੇ ਨੇ ਅਪਣੀ ਮਾਂ ਨੂੰ ਮਾਰਨ ਲਈ ਆਪਣੇ ਪਿਤਾ ਦੀ ਲਾਈਸੰਸੀ ਬੰਦੂਕ ਦੀ ਵਰਤੋਂ ਕੀਤੀ ਸੀ।'' ਉਨ੍ਹਾ ਕਿਹਾ,''ਕੱਲ੍ਹ ਸ਼ਾਮ ਜਦੋਂ ਲਾਸ਼ ਤੋਂ ਨਿਕਲਦੀ ਬਦਬੂ ਤੇਜ਼ ਹੋਈ ਤਾਂ ਉਸ ਨੇ ਆਪਣੀ ਪਿਤਾ ਨੂੰ ਦੱਸਿਆ। ਪਿਤਾ ਨੇ ਗੁਆਂਢੀਆਂ ਨੂੰ ਅਤੇ ਉਨ੍ਹਾਂ ਨੇ ਪੁਲਸ ਨੂੰ ਦੱਸਿਆ।''

## ਰਾਜ ਸਭਾ ਚੋਣਾਂ : ਸ਼ਿਵ ਸੈਨਾ ਨੇ ਆਪਣੇ ਵਿਧਾਇਕ ਫਾਈਵ ਸਟਾਰ ਹੋਟਲ ਵਿੱਚ ਪੁਚਾਏ

ਮੁੰਬਈ, 9 ਜੂਨ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸੱਤਾਧਾਰੀ ਸ਼ਿਵ ਸੈਨਾ ਨੇ 10 ਜੂਨ ਨੂੰ ਹੋਣ ਵਾਲੀਆਂ ਰਾਜ ਸਭਾ ਚੋਣਾਂ ਤੋਂ ਪਹਿਲਾਂ ਆਪਣੇ ਵਿਧਾਇਕਾਂ ਨੂੰ ਉਪਨਗਰੀ ਮਲਾਡ ਦੇ ਇੱਕ ਰਿਜ਼ੋਰਟ ਤੋਂ ਦੱਖਣੀ ਮੁੰਬਈ ਦੇ ਪੰਜ ਤਾਰਾ ਹੋਟਲ ਵਿੱਚ ਸ਼ਿਫਟ ਕਰਨ ਦਾ ਫੈਸਲਾ ਕੀਤਾ ਹੈ।ਪਾਰਟੀ ਦੇ ਇੱਕ ਸੀਨੀਅਰ ਨੇਤਾ ਨੇ ਕੱਲ੍ਹ ਇਹ ਗੱਲ ਦੱਸੀ।

ਉਨ੍ਹਾਂ ਦੱਸਿਆ ਕਿ ਸ਼ਿਵ ਸੈਨਾ ਦੇ ਸਾਰੇ ਵਿਧਾਇਕਾਂ ਨੂੰ ਮੁੰਬਈ ਸੱਦਿਆ ਗਿਆ ਅਤੇ ਉਹ 10 ਜੂਨ ਨੂੰ ਰਾਜ ਸਭਾ ਚੋਣਾਂ ਹੋਣ ਤਕ ਇਕੱਠੇ ਰਹਿਣਗੇ। ਸ਼ਿਵ ਸੈਨਾ ਦੇ ਵਿਧਾਇਕ ਤੇ ਬੁਲਾਰੇ ਸੁਨੀਲ ਪ੍ਰਭੂ ਨੇ ਕਿਹਾ,''ਅਸੀਂ 'ਦਿ ਰਿਟਰੀਟ' (ਉਤਰ-ਪੱਛਮੀ ਮੁੰਬਈ ਵਿੱਚ ਮਡ ਆਈਲੈਂਡ ਰਿਜ਼ੋਰਟ) ਵਿੱਚ ਸੀ ਅਤੇ ਸਾਡੇ ਸਾਰੇ ਮੰਤਰੀ ਵੀ ਉਥੇ ਸਨ। ਇਹ ਸਾਡੀ ਚੋਣ ਰਣਨੀਤੀ ਦਾ ਹਿੱਸਾ ਸੀ। ਅਸੀਂ ਕੱਲ੍ਹ 'ਦਿ ਟ੍ਰਾਈਡੈਂਟ' ਹੋਟਲ (ਦੱਖਣੀ ਮੁੰਬਈ ਵਿੱਚ) ਜਾਵਾਂਗੇ।'' 288 ਮੈਂਬਰੀ ਸਦਨ ਵਿੱਚ ਸ਼ਿਵ ਸੈਨਾ ਦੇ 55 ਵਿਧਾਇਕ ਹਨ। ਪਾਰਟੀ ਦੇ ਇੱਕ ਵਿਧਾਇਕ ਦੀ ਪਿਛਲੇ ਮਹੀਨੇ ਦਿਲ ਦਾ ਦੌਰਾ ਪੈਣ





ਕਾਰਨ ਮੌਤ ਹੋ ਗਈ ਸੀ।

ਦੂਜੇ ਪਾਸੇ ਰਾਜਸਥਾਨ ਵਿੱਚ 10 ਜੂਨ ਨੂੰ ਚਾਰ ਰਾਜ ਸਭਾ ਸੀਟਾਂ ਲਈ ਹੋਣ ਵਾਲੀਆਂ ਚੋਣਾਂ ਕਾਰਨ ਸੱਤਾਧਾਰੀ ਕਾਂਗਰਸ ਤੇ ਵਿਰੋਧੀ ਧਿਰ ਭਾਜਪਾ ਦੇ ਵਿਧਾਇਕਾਂ ਦੀ ਵਾੜਬੰਦੀ ਵਿਚਾਲੇ ਰਾਸ਼ਟਰੀ ਲੋਕਤੰਤਰਿਕ ਪਾਰਟੀ ਨੇ ਆਜ਼ਾਦ ਉਮੀਦਵਾਰ ਸੁਭਾਸ਼ ਚੰਦਰ ਨੂੰ ਵੋਟ ਦੇਣ ਦਾ ਐਲਾਨ ਕੀਤਾ ਹੈ।ਇਸ ਪਾਰਟੀ ਦੇ ਕਨਵੀਨਰ ਹਨੂੰਮਾਨ ਬੈਨੀਵਾਲ ਨੇ ਕਿਹਾ ਕਿ ਉਨ੍ਹਾ ਦੇ ਤਿੰਨੇ ਵਿਧਾਇਕ ਆਜ਼ਾਦ ਉਮੀਦਵਾਰ ਚੰਦਰਾ ਨੂੰ ਸਮਰਥਨਵੋਟ ਦੇਣਗੇ।ਇਸੇ ਦੌਰਾਨ ਰਾਜਸਥਾਨ ਵਿਧਾਨ ਸਭਾ ਵਿੱਚ ਸਰਕਾਰੀ ਚੀਫ਼ ਵ੍ਹਿਪ ਮਹੇਸ਼ ਜੋਸ਼ੀ ਨੇ ਰਾਜ ਸਭਾ ਵਿੱਚ ਵਿਧਾਇਕਾਂ ਦੀ ਖਰੀਦੋ-ਫਰੋਖਤ (ਹਾਰਸ ਟ੍ਰੇਡਿੰਗ) ਦਾ ਸ਼ੱਕ ਪ੍ਰਗਟਾਉਂਦੇ ਹੋਏ ਕੱਲ੍ਹ ਇੱਥੇ ਸੂਬੇ ਦੇ ਮੁੱਖ ਚੋਣ ਅਧਿਕਾਰੀ ਨੂੰ ਇੱਕ ਪੱਤਰ ਸੌਂਪਿਆ। ਜੋਸ਼ੀ ਨੇ ਇੱਥੇ ਮੁੱਖ ਚੋਣ ਅਧਿਕਾਰੀ ਪ੍ਰਵੀਨ ਗੁਪਤਾ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪੱਤਰ ਸੌਂਪਿਆ। ਇਸ ਵਿੱਚ ਉਨ੍ਹਾਂ ਨੇ ਕਮਿਸ਼ਨ ਨੂੰ ਰਾਜ ਸਭਾ ਚੋਣਾਂ ਵਿੱਚ ਖਰੀਦੋ-ਫਰੋਖਤ ਦੀ ਕਿਸੇ ਵੀ ਸੰਭਾਵਨਾ ਨੂੰ ਖਤਮ ਕਰਨ ਦੀ ਅਪੀਲ ਕੀਤੀ ਹੈ।

## ਈ ਡੀ ਦਾ ਪੰਜਾਬ ਦੇ ਰੀਅਲ ਐਸਟੇਟ ਗਰੁੱਪ ਉੱਤੇ ਛਾਪਾ

### * ਇੱਕ ਔਡੀ ਕਾਰ ਤੇ 85 ਲੱਖ ਰੁਪਏ ਦੀ ਨਕਦੀ ਜ਼ਬਤ

ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਇਨਫੋਰਸਮੈਂਸ ਡਾਇਰੈਕਟੋਰੇਟ (ਈ ਡੀ) ਨੇ ਕੱਲ੍ਹ ਘਰਾਂ ਦੇ ਖਰੀਦਦਾਰਾਂ ਨਾਲ ਕਥਿਤ ਧੋਖਾਦੇਹੀ ਨਾਲ ਜੁੜੇ ਮਨੀ ਲਾਂਡਰਿੰਗ ਦੇ ਇੱਕ ਕੇਸ ਵਿੱਚ ਪੰਜਾਬ ਦੇ ਇੱਕ ਰੀਅਲ ਐਸਟੇਟ ਗਰੁੱਪ ਉੱਤੇਛਾਪੇ ਮਾਰੇ, ਜਿਸ ਦੌਰਾਨ ਇੱਕ ਔਡੀ ਕਾਰ, 85 ਲੱਖ ਰੁਪਏ ਨਕਦ ਅਤੇ ਕਈ ਦਸਤਾਵੇਜ਼ ਜ਼ਬਤ ਕੀਤੇ ਹਨ।

ਜਾਂਚ ਏਜੰਸੀ ਨੇ ਦਸਿਆ ਕਿ 3 ਜੂਨ ਨੂੰ ਚੰਡੀਗੜ੍ਹ, ਅੰਬਾਲਾ, ਪੰਚਕੂਲਾ, ਮੋਹਾਲੀ ਅਤੇ ਦਿੱਲੀ ਵਿੱਚ 19 ਥਾਵਾਂ ਉੱਤੇ ਗੁਪਤਾ ਬਿਲਡਰਜ਼ ਐਂਡ ਪ੍ਰਮੋਟਰਜ਼ ਪ੍ਰਾਈਵੇਟ ਲਿਮਟਿਡ ਤੇ ਇਸ ਦੇ ਡਾਇਰੈਕਟਰਾਂ ਸਤੀਸ਼ ਗੁਪਤਾ ਅਤੇ ਪ੍ਰਦੀਪ ਗੁਪਤਾ ਦੇ ਨਾਲ ਹੀ ਗਰੁੱਪ ਐਸੋਸੀਏਟਸ ਬਾਜਵਾ ਡਿਵੈਲਪਰਜ਼ ਲਿਮਟਿਡ, ਕੁਮਾਰ ਬਿਲਡਰਜ਼, ਵਿਨ ਮਹਿਤਾ ਫਿਲਮਜ਼ ਪ੍ਰਾਈਵੇਟ ਲਿਮਟਿਡ ਅਤੇ ਇਸ ਦੇ ਡਾਇਰੈਕਟਰਾਂ ਜਰਨੈਲ ਸਿੰਘ ਬਾਜਵਾ, ਨਵਾਰਜ ਮਿੱਤਲ ਤੇ ਵਿਸ਼ਾਲ ਗਰਗ ਦੇ ਘਰਾਂ ਉੱਤੇ ਛਾਪੇਮਾਰੀ ਕੀਤੀ ਗਈ। ਪੰਜਾਬ ਪੁਲਸ ਨੇ ਦੋਸ਼ੀਆਂ ਵਿਰੁੱਧ ਕੇਸ ਦਰਜ ਕੀਤਾ ਸੀ, ਜਿਸ ਵਿੱਚ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਵੱਖ-ਵੱਖ ਵਿਅਕਤੀਆਂ ਨਾਲ ਮਿਲੀਭੁਗਤ ਕਰ ਕੇ ਨਾ ਫਲੈਟ, ਪਲਾਟ, ਵਪਾਰਕ ਯੂਨਿਟ ਦਿੱਤੇ ਤੇ ਨਾ ਘਰਾਂ ਦੇ ਖਰੀਦਦਾਰਾਂ ਜਾਂ ਨਿਵੇਸ਼ਕਾਂ ਨੂੰ ਲੱਗਭਗ 325 ਕਰੋੜ ਰੁਪਏ ਵਾਪਸ ਕੀਤੇ ਹਨ। ਉਦੋਂ ਈ ਡੀ ਨੇ ਉਨ੍ਹਾਂ ਖ਼ਿਲਾਫ਼ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਸੀ। ਰਿਹਾਇਸ਼ੀ ਅਤੇ ਵਪਾਰਕ ਪ੍ਰੋਜੈਕਟਾਂ ਦੇ ਵਿਕਾਸ ਲਈ ਘਰਾਂ ਦੇ ਖਰੀਦਦਾਰਾਂ ਤੋਂ ਪ੍ਰਾਪਤ ਕੀਤੇ ਪੈਸਿਆਂ ਦਾ ਕੰਪਨੀ ਦੇ ਡਾਇਰੈਕਟਰਾਂ ਨੇ ਆਪਣੇ ਸਹਿਯੋਗੀਆਂ ਤੇ ਹੋਰਾਂ ਨਾਲ ਮਿਲ ਕੇ ਗਬਨ ਕੀਤਾ ਅਤੇ ਉਨ੍ਹਾਂ ਨਾਲ ਨਿੱਜੀ ਜਾਇਦਾਦਾਂ ਖਰੀਦੀਆਂ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕੱਲ੍ਹ ਕਿਹਾ ਕਿ ਉਸ ਨੇ ਠੱਗੀ ਸਕੀਮਾਂ ਨਾਲ ਸਬੰਧਤ ਮਨੀ ਲਾਂਡਰਿੰਗ ਦੇ ਸਬੰਧ ਵਿੱਚ ਤਿੰਨ ਰਾਜਾਂ ਵਿੱਚ 200 ਤੋਂ ਵੱਧ ਪਲਾਟ ਅਤੇ ਫਲੈਟ ਜ਼ਬਤ ਕੀਤੇ ਹਨ। ਇਸ ਸਕੀਮ ਦੇ ਪ੍ਰਮੋਟਰਾਂ ਉੱਤੇ ਕਈ ਨਿਵੇਸ਼ਕਾਂ ਨੂੰ ਧੋਖਾ ਦੇਣ ਦਾ ਦੋਸ਼ ਹੈ। ਜ਼ਬਤ ਕੀਤੀਆਂ ਜਾਇਦਾਦਾਂ ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਕਰਨਾਟਕ ਵਿੱਚ ਹਨ। ਈ ਡੀ ਮੁਤਾਬਕ ਇਨ੍ਹਾਂ ਜਾਇਦਾਦਾਂ ਨੂੰ ਕੁਰਕ ਕਰਨ ਲਈ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੇ ਤਹਿਤ ਆਰਜ਼ੀ ਹੁਕਮ ਜਾਰੀ ਕੀਤਾ ਗਿਆ ਸੀ।

## ਸੀ ਡੀ ਐਸ ਦੀ ਚੋਣ ਲਈ ਭਾਰਤ ਸਰਕਾਰ ਵੱਲੋਂ ਨਿਯਮਾਂ ਵਿੱਚ ਸੋਧ

### * ਤਿੰਨਾਂ ਫੌਜਾਂ ਦੇ ਐਕਟਾਂ ਵਿੱਚ ਲੋੜੀਦੀ ਤਬਦੀਲੀ ਕੀਤੀ ਗਈ

ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਚੀਫ ਆਫ ਡਿਫੈਂਸ ਸਟਾਫ (ਸੀ ਡੀ ਐਸ) ਦੀ ਚੋਣ ਲਈ ਘੇਰਾ ਮੋਕਲਾ ਕਰ ਦਿੱਤਾ ਹੈ। ਨੋਟੀਫਿਕੇਸ਼ਨ ਅਨੁਸਾਰ ਅੱਗੇ ਤੋਂ 62 ਸਾਲ ਤੋਂ ਘੱਟ ਉਮਰ ਦੀ ਸੇਵਾ ਵਾਲਾ ਜਾਂ ਸੇਵਾਮੁਕਤ ਲੈਫਟੀਨੈਂਟ ਜਨਰਲ ਏਅਰ ਮਾਰਸ਼ਲ ਅਤੇ ਵਾਈਸ ਐਡਮਿਰਲ ਸੀ ਡੀ ਐਸ ਦੇ ਅਹੁਦੇ ਲਈ ਯੋਗ ਹੋਵੇਗਾ। ਫੌਜ, ਹਵਾਈ ਫੌਜ ਅਤੇ ਸਮੁੰਦਰੀ ਫੌਜ ਐਕਟਾਂ ਵਿੱਚ ਕੀਤੀਆਂ ਤਬਦੀਲੀਆਂ ਮੁਤਾਬਕ ਥ੍ਰੀ-ਸਟਾਰ ਅਧਿਕਾਰੀ ਅੱਗੇ ਤੋਂ ਤਿੰਨ ਫੌਜਾਂ ਦੇ ਮੌਜੂਦਾ ਮੁਖੀਆਂ ਸਣੇ ਸੀ ਡੀ ਐਸ ਬਣਨ ਦੇ ਯੋਗ ਹੋਣਗੇ।

ਪਿਛਲੇ ਸਾਲ 8 ਦਸੰਬਰ ਨੂੰ ਜਨਰਲ ਬਿਪਿਨ ਰਾਵਤ ਦੀ ਹੈਲੀਕਾਪਟਰ ਹਾਦਸੇ ਵਿੱਚ ਮੌਤ ਹੋਣ ਨਾਲ ਚੀਫ ਆਫ ਡਿਫੈਂਸ ਸਟਾਫ ਦਾ ਅਹੁਦਾ ਖਾਲੀ ਹੈ। ਨਿਯਮਾਂ ਵਿੱਚ ਤਬਦੀਲੀ ਨੂੰ ਸਰਕਾਰ ਵੱਲੋਂ ਅਗਲੇ ਚੀਫ ਆਫ ਡਿਫੈਂਸ ਸਟਾਫ ਦੀ ਨਿਯੁਕਤੀ ਦਾ ਅਮਲ



ਸ਼ੁਰੂ ਕਰਨ ਵਜੋਂ ਦੇਖਿਆ ਜਾ ਰਿਹਾ ਹੈ। ਸਰਕਾਰ ਨੇ ਏਅਰ ਫੋਰਸ ਐਕਟ, ਆਰਮੀ ਐਕਟ ਅਤੇ ਨੇਵੀ ਐਕਟ ਵਿੱਚ ਤਬਦੀਲੀਆਂ ਲਈ ਵੱਖੋ-ਵੱਖਰੇ ਗਜ਼ਟ ਨੋਟੀਫਿਕੇਸ਼ਨ ਜਾਰੀ ਕਰ ਦਿੱਤੇ ਹਨ। ਏਅਰਫੋਰਸ ਐਕਟ ਦੇ ਨੋਟੀਫਿਕੇਸ਼ਨ ਮੁਤਾਬਕ ਸਰਕਾਰ ਚੀਫ ਆਫ ਡਿਫੈਂਸ ਸਟਾਫ ਦੇ ਕਾਰਜਕਾਲ ਵਿੱਚ ਲੋੜ ਮੁਤਾਬਕ ਵੱਧ ਤੋਂ ਵੱਧ 65 ਸਾਲ ਦੀ ਉਮਰ ਤਕ ਵਾਧਾ ਕਰ ਸਕਦੀ ਹੈ। ਆਰਮੀ ਐਕਟ 1950 ਅਤੇ ਨੇਵੀ ਐਕਟ 1957 ਵਿੱਚ ਵੀ ਮਿਲਦੇ-ਜੁਲਦੇ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਹਨ। ਤਿੰਨਾਂ ਫੌਜਾਂ ਦੇ ਮੁਖੀਆਂ ਦਾ ਕਾਰਜਕਾਲ ਤਿੰਨ ਸਾਲ ਦੀ ਸੇਵਾ ਜਾਂ 62 ਸਾਲ ਦੀ ਉਮਰ, ਜੋ ਵੀ ਪਹਿਲਾਂ ਹੋਵੇ, ਦਾ ਹੋਵੇਗਾ। ਇਸ ਪੱਖੋਂ ਫੌਜ, ਸਮੁੰਦਰੀ ਫੌਜ ਤੇ ਹਵਾਈ ਫੌਜ ਤੋਂ ਇਸ ਵੇਲੇ ਸੇਵਾ-ਮੁਕਤ ਹੋਣ ਵਾਲੇ ਮੁਖੀਆਂ ਨੂੰ ਸ਼ਾਇਦ ਸੀ ਡੀ ਐਸ ਦੇ ਅਹੁਦੇ ਲਈ ਨਾ ਵਿਚਾਰਿਆ ਜਾਵੇ, ਕਿਉਂਕਿ ਇਸ ਅਹੁਦੇ ਲਈ ਯੋਗ ਉਮਰ 62 ਸਾਲ ਰੱਖੀ ਗਈ ਹੈ। ਪਿਛੇ ਜਿ ਸੇਵਾਮੁਕਤ ਸਾਬਕਾ ਕਮਾਂਡਰ-ਇਨ-ਚੀਫ ਰੈਂਕ ਦੇ ਅਫਸਰਾਂ ਨੂੰ ਉਮੀਦਵਾਰ ਵਜੋਂ ਮੌਕਾ ਮਿਲ ਸਕਦਾ ਹੈ ਕਿਉਂਕਿ ਉਨ੍ਹਾਂ ਦੀ ਸੇਵਾਮੁਕਤੀ ਉਮਰ 60 ਸਾਲ ਹੈ।

## ਮਮਤਾ ਨੇ ਕਿਹਾ: ਆਪਣਾ ਖ਼ੂਨ ਵਹਾ ਦੇਵਾਂਗੀ, ਬੰਗਾਲ ਦੀ ਵੰਡ ਨਹੀਂ ਹੋਣ ਦੇਵਾਂਗੀ

ਅਲੀਪੁਰਦੁਆਰ, 9 ਜੂਨ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੁਝ ਨੇਤਾਵਾਂ ਵੱਲੋਂ ਪੱਛਮੀ ਬੰਗਾਲ ਤੋਂ ਵੱਖਰੇ ਰਾਜ ਦੀ ਮੰਗ ਕਰਨ ਕਰ ਕੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੱਲ੍ਹ ਕਿਹਾ ਕਿ ਰਾਜ ਨੂੰ ਵੰਡਣ ਦੀਆਂ ਸਭ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਲਈ ਲੋੜ ਪੈਣ ਉੱਤੇ ਉਹ ਆਪਣਾ ਖ਼ੂਨ ਵਹਾਉਣ ਲਈ ਤਿਆਰ ਹੈ।

ਮਮਤਾ ਬੈਨਰਜੀ ਨੇ ਭਾਜਪਾ ਉੱਤੇ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਸੂਬੇ ਵਿੱਚ 'ਵੱਖਵਾਦ' ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਤਰੀ ਬੰਗਾਲਦੇ ਸਾਰੇ ਭਾਈਚਾਰਿਆਂ ਦੇ ਲੋਕ ਦਹਾਕਿਆਂ ਤੋਂ ਮਿਲ ਕੇ ਰਹਿ ਰਹੇ ਹਨ, ਪਰ ਭਾਜਪਾ ਲੋਕਾਂ ਨੂੰ



ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਕਿਹਾ,''ਲੋਕ ਸਭਾ ਚੋਣਾਂ ਨੇੜੇ ਆਉਣ ਨਾਲ ਭਾਜਪਾ ਵੱਖਰੇ ਰਾਜ ਦੀ ਮੰਗ ਕਰ ਰਹੀ ਹੈ। ਕਦੇ ਭਾਜਪਾ ਗੋਰਖਾਲੈਂਡ ਦੀ ਮੰਗ ਕਰ ਰਹੀ ਹੈ, ਕਦੇ ਵੱਖਰੇ ਉਤਰੀ ਬੰਗਾਲ ਦੀ ਮੰਗ ਕਰ ਰਹੀ ਹੈ। ਲੋੜ ਪੈਣ ਉੱਤੇ ਮੈਂ ਆਪਣਾ ਖ਼ੂਨ ਵਹਾਉਣ ਲਈ ਤਿਆਰ ਹਾਂ, ਪਰ ਕਦੇ ਵੀ ਸੂਬੇ ਨੂੰ ਵੰਡਣ ਨਹੀਂ ਦੇਵਾਂਗੀ।''

ਕਾਮਤਾਪੁਰ ਲਿਬਰੇਸ਼ਨ ਆਰਗੇਨਾਈਜੇਸ਼ਨ ਦੇ ਆਗੂ ਜੀਵਨ ਸਿੰਘਾ ਦੇ ਉਸ ਵੀਡੀਓ ਦੇ ਸੰਦਰਭ ਵਿੱਚ, ਜਿਸ ਵਿੱਚ ਕਾਮਤਾਪੁਰ ਦੀ ਮੰਗ ਪੂਰੀ ਨਾ ਹੋਣ ਉੱਤੇ ਮੁੱਖ ਮੰਤਰੀ ਨੂੰ ਖ਼ੂਨ ਖ਼ਰਾਬੇ ਤੱਕ ਦੀ ਧਮਕੀ ਦਿੱਤੀ ਗਈ ਹੈ, ਮਮਤਾ ਬੈਨਰਜੀ ਨੇ ਕਿਹਾ ਕਿ ਉਹ ਅਜਿਹੀਆਂ ਧਮਕੀਆਂ ਤੋਂ ਡਰਨ ਵਾਲੀ ਨਹੀਂ। ਉਨ੍ਹਾਂ ਕਿਹਾ,''ਕੁਝ ਲੋਕ ਮੈਨੂੰ ਧਮਕੀਆਂ ਦੇ ਰਹੇ ਹਨ, ਮੈਨੂੰ ਪਰਵਾਹ ਨਹੀਂ ਹੈ। ਮੈਂ ਅਜਿਹੀਆਂ ਧਮਕੀਆਂ ਤੋਂ ਨਹੀਂ ਡਰਦੀ।''

## ਰੁਪਏ ਦੀ ਗਿਰਾਵਟ ਨਾਲ ਪ੍ਰਾਪਰਟੀ ਬਾਜ਼ਾਰ ਵਿੱਚ ਪ੍ਰਵਾਸੀ ਭਾਰਤੀਆਂ ਦੀ ਦਿਲਚਸਪੀ ਵਧੀ

ਮੁੰਬਈ, 9 ਜੂਨ (ਪੋਸਟ ਬਿਊਰੋ)- ਭਾਰਤੀ ਰੁਪਏ ਵਿੱਚ ਗਿਰਾਵਟ ਕਾਰਨ ਰੀਅਲ ਅਸਟੇਟ ਸੈਕਟਰ ਵਿੱਚ ਪ੍ਰਵਾਸੀ ਭਾਰਤੀਆਂ ਦੀ ਦਿਲਚਸਪੀ ਵਧਦੀ ਜਾ ਰਹੀ ਹੈ। ਐਨ ਆਰ ਆਈ ਹੋਮਬਾਇਰ ਦੀ ਵਧਦੀ ਦਿਲਚਸਪੀ ਮਿਡ-ਇਨਕਮ ਪ੍ਰਾਜੈਕਟਸ ਤੋਂ ਲੈ ਕੇ ਪ੍ਰੀਮੀਅਮ ਅਤੇ ਲਗਜ਼ਰੀ ਸੈਗਮੈਂਟ ਤੇ ਪਲਾਟੇਡ ਡਿਵੈਲਪਮੈਂਟਸ ਤਕ ਸਾਰੇ ਸੈਗਮੈਂਟ ਵਿੱਚ ਦੇਖੀ ਜਾ ਰਹੀ ਹੈ। 2022 ਵਿੱਚਭਾਰਤੀ ਕਰੰਸੀ ਅਮਰੀਕੀ ਡਾਲਰ ਦੇ ਮੁਕਾਬਲੇ 5.2 ਫ਼ੀਸਦੀ ਡਿੱਗ ਚੁੱਕੀ ਹੈ। ਰੀਅਲ ਅਸਟੇਟ ਉਦਯੋਗ ਸੰਸਥਾ ਨਾਰੇਡਕੋ ਦੇ ਵੀ ਸੀ ਅਤੇ ਹੀਰਾਨੰਦਾਨੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਨਿਰੰਜਨ



ਹੀਰਾਨੰਦਾਨੀ ਨੇ ਕਿਹਾ ਕਿ ਦੁਨੀਆ ਵਿੱਚ ਆਰਥਿਕ ਦ੍ਰਿਸ਼ ਨੇ ਵੱਖ-ਵੱਖ ਚੁਣੌਤੀਆਂ ਨੂੰ ਜਨਮ ਦਿੱਤਾ ਹੈ, ਪਰ ਭਾਰਤ ਆਰਥਿਕ ਵਿਕਾਸ ਸਮਰੱਥਾ ਦੇ ਪੱਖ ਤੋਂ ਸੁਰੱਖਿਅਤ ਆਸਰੇ ਵਾਂਗ ਹੈ। ਭਾਰਤੀ ਰੀਅਲ ਅਸਟੇਟ ਐਨ ਆਰ ਆਈ ਲਈ ਚੰਗਾ ਧਨ ਕਮਾਉਣ ਤੇ ਵਿਕਾਸ ਦਾ ਬਦਲ ਹੈ। ਹੀਰਾਨੰਦਾਨੀ ਕਹਿੰਦੇ ਹਨ ਕਿ ਕੌਮਾਂਤਰੀ ਕਰੰਸੀ ਦੀ ਸਥਿਤੀ ਐਨ ਆਰ ਆਈ ਲਈ ਭਾਰਤੀ ਅਚੱਲ ਜ਼ਾਇਦਾਦ ਦੇ ਵਧੇਰੇ ਵਰਗ ਫੁੱਟ ਵਿੱਚ ਤਬਦੀਲ ਹੋ ਜਾਂਦੀ ਹੈ। ਇੱਕ ਬੇਯਕੀਨੇ ਸਮੇਂ ਵਿੱਚ ਇੱਕ ਸੁਰੱਖਿਅਤ ਆਸਰਾ ਹੋਣ ਤੋਂ ਇਲਾਵਾ ਉਨ੍ਹਾਂ ਦਾ ਨਿਵੇਸ਼ ਉਨ੍ਹਾਂ ਨੂੰ ਕਿਰਾਏ ਦੀ ਆਮਦਨ ਪੈਦਾ ਕਰਦਾ ਹੈ। ਕਾਨੂੰਨ ਵਿੱਚ ਪਾਰਦਰਸ਼ਤਾ ਅਤੇ ਪ੍ਰਕਿਰਿਆਵਾਂ ਦਾ ਡਿਜੀਟਲੀਕਰਨ ਨਿਵੇਸ਼ਕਾਂ ਨੂੰ ਆਪਣੇ ਵੱਲ ਆਕਰਸ਼ਤ ਕਰਦੇ ਹਨ। ਰਹੇਜਾ ਕਾਰਪ ਹੋਮਸ ਦੇ ਮੁੱਖ ਕਾਰਜਕਾਰੀ ਰਮੇਸ਼ ਰੰਗਨਾਥਨ ਕਹਿੰਦੇ ਹਨ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਡਿਵੈਲਪਰਸ ਲਈ ਪੁੱਛਗਿੱਛ ਤੇ ਅਸਲ ਜ਼ਾਇਦਾਦ ਦੀ ਵਿਕਰੀ ਵਿੱਚ ਸੁਧਾਰ ਹੋਇਆ ਹੈ।





# ਬੰਦੂਕਧਾਰੀਆਂ ਵੱਲੋਂ ਭੀੜ ਉੱਤੇ ਗੋਲੀਬਾਰੀ ਨਾਲ ਤਿੰਨ ਮੌਤਾਂ



ਫਿਲਾਡੇਲਫੀਆ, 9 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਫਿਲਾਡੇਲਫੀਆ ਵਿੱਚ ਕੱਲ੍ਹ ਰਾਤ ਇੱਕ ਬੰਦੂਕਧਾਰੀ ਨੇ ਭੀੜ ਉੱਤੇ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਵਿੱਚ ਘੱਟੋ-ਘੱਟ ਤਿੰਨ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ 14 ਤੋਂ ਵੱਧ ਲੋਕ ਜ਼ਖ਼ਮੀ ਦੱਸੇ ਜਾ ਰਹੇ ਹਨ।ਮੀਡੀਆ ਮੁਤਾਬਕ ਇਹ ਘਟਨਾ ਅੱਧੀ ਰਾਤ ਤੋਂ ਬਾਅਦ ਵਾਪਰੀ।

ਦੱਸਿਆ ਜਾ ਰਿਹਾ ਹੈ ਕਿ ਇਸ ਵਾਰਦਾਤ ਵਿੱਚ ਕਈ ਗੰਨਮੈਨ ਸ਼ਾਮਲ ਸਨ। ਰਿਪੋਰਟ ਮੁਤਾਬਕ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਸ਼ੱਕੀ ਬੰਦਾ ਵੀ ਮਾਰਿਆ ਗਿਆ ਜਾਂ ਨਹੀਂ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ ਪਰ ਇੱਕ ਹਥਿਆਰ ਮਿਲਿਆ ਹੈ। ਪੂਰੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਦੋਸ਼ੀਆਂ ਦੀ ਤਲਾਸ਼ ਸਵੇਰ ਤਕ ਜਾਰੀ ਰਹੀ। ਇੱਕ ਨਿਸ਼ਾਨੇਬਾਜ਼ ਨੂੰ ਅਮਰੀਕਨ ਸਟਰੀਟ ਉੱਤੇ ਦੱਖਣ ਵੱਲ ਭੱਜਦੇ ਦੇਖਿਆ ਗਿਆ। ਪੁਲਸ ਮੁਤਾਬਕ ਘਟਨਾ ਸਥਾਨ ਤੋਂ ਦੋ ਬੰਦੂਕਾਂ ਮਿਲੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਵਿੱਚ ਮੈਗਜ਼ੀਨ ਸੀ। ਅਧਿਕਾਰੀਆਂ ਨੇ ਸਾਊਥ ਸਟ੍ਰੀਟ ਉੱਤੇ ਦੂਜੀ ਅਤੇ ਪੰਜਵੀਂ ਸਟ੍ਰੀਟ ਦੇ ਵਿਚਕਾਰ ਦੇ ਖੇਤਰ ਨੂੰ ਰਾਤ ਭਰ ਬੰਦ ਕਰ ਦਿੱਤਾ।ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਇੱਕ 25 ਸਾਲਾ ਔਰਤ ਤੇ ਇੱਕ 22 ਸਾਲਾ ਵਿਅਕਤੀ ਸ਼ਾਮਲ ਹਨ। ਸੱਤ ਜ਼ਖ਼ਮੀਆਂ ਨੂੰ ਥਾਮਸ ਜੇਫਰਸਨ ਹਸਪਤਾਲ ਲਿਜਾਇਆ ਗਿਆ ਹੈ। ਸ਼ੱਕੀ ਸਮੇਤ ਪੰਜ ਹੋਰਾਂ ਨੂੰ ਪੈਨਸਿਲਵੇਨੀਆ ਦੇ ਹਸਪਤਾਲ ਅਤੇ ਤਿੰਨ ਪੀੜਤਾਂ ਨੂੰ ਪੇਨ ਪ੍ਰੈਸਬੀਟੇਰੀਅਨ ਮੈਡੀਕਲ ਸੈਂਟਰ ਲਿਜਾਇਆ ਗਿਆ।ਅਮਰੀਕਾ ਵਿੱਚਪਿਛਲੇ ਦਿਨਾਂ ਵਿੱਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। 25 ਮਈ ਨੂੰ ਟੈਕਸਾਸ ਦੇ ਇੱਕ ਸਕੂਲ ਵਿੱਚ ਗੋਲੀਬਾਰੀ ਵਿੱਚ 19 ਵਿਦਿਆਰਥੀਆਂ ਸਮੇਤ 23 ਲੋਕਾਂ ਦੀ ਮੌਤ ਹੋ ਗਈ ਸੀ।

# ਯਾਤਰੀ ਰੇਲਗੱਡੀ ਪਟੜੀ ਤੋਂ ਉਤਰੀ, 17 ਮੌਤਾਂ ਤੇ ਦਰਜਨਾਂ ਜ਼ਖ਼ਮੀ





ਤਹਿਰਾਨ, 9 ਜੂਨ (ਪੋਸਟ ਬਿਊਰੋ)- ਪੂਰਬੀ ਈਰਾਨ ਵਿੱਚ ਕੱਲ੍ਹ ਤੜਕੇ ਇੱਕ ਯਾਤਰੀ ਰੇਲਗੱਡੀ ਦੇ ਪਟੜੀ ਤੋਂ ਲੱਥ ਜਾਣ ਨਾਲ ਘੱਟੋ-ਘੱਟ 17 ਲੋਕਾਂ ਦੀ ਮੌਤ ਹੋ ਗਈ ਅਤੇ 50 ਹੋਰ ਜ਼ਖ਼ਮੀ ਹੋ ਗਏ।

ਇਸ ਰੇਲ ਹਾਦਸੇ ਬਾਰੇ ਪੂਰੀ ਜਾਣਕਾਰੀ ਅਜੇ ਨਹੀਂ ਮਿਲ ਸਕੀ। ਟਰੇਨ ਵਿੱਚ 350 ਲੋਕ ਸਵਾਰ ਸਨ, ਹਾਲਾਂਕਿ ਯਾਤਰੀਆਂ ਦੀ ਸਹੀ ਗਿਣਤੀ ਦਾ ਅਜੇ ਤਕ ਪਤਾ ਨਹੀਂ ਲੱਗ ਸਕਿਆ। ਰਿਪੋਰਟਾਂ ਮੁਤਾਬਕ ਤੜਕੇ ਤਬਾਸ ਸ਼ਹਿਰ ਦੇ ਨੇੜੇ ਟਰੇਨ ਦੇ ਸੱਤ ਵਿੱਚੋਂ ਚਾਰ ਡੱਬੇ ਪਟੜੀ ਤੋਂ ਲੱਥ ਗਏ। ਤਾਬਾਸ ਰਾਜਧਾਨੀ ਤਹਿਨਾਤ ਤੋਂ ਕਰੀਬ 550 ਕਿਲੋਮੀਟਰ ਦੱਖਣ-ਪੂਰਬ ਵਿੱਚ ਹੈ। ਅਧਿਕਾਰੀਆਂ ਨੇ ਦੱਸਿਆ ਕਿ ਐਂਬੂਲੈਂਸਾਂ ਅਤੇ ਤਿੰਨ ਹੈਲੀਕਾਪਟਰਾਂ ਨਾਲ ਬਚਾਅ ਦਲ ਦੂਰ-ਦੁਰਾਡੇ ਦੇ ਖੇਤਰ ਵਿੱਚ ਪਹੁੰਚ ਗਏ ਹਨ। 12 ਤੋਂ ਵੱਧ ਲੋਕ ਗੰਭੀਰ ਜ਼ਖ਼ਮੀ ਹਨ। ਕੁਝ ਲੋਕਾਂ ਨੂੰ ਸਥਾਨਕ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਹੈ। ਈਰਾਨੀ ਮੀਡੀਆ ਨੇ ਤਾਬਾਸ ਦੇ ਗਵਰਨਰ ਦੇ ਹਵਾਲੇ ਨਾਲ ਕਿਹਾ ਕਿ ਘਟੋ-ਘੱਟ 17 ਲੋਕਾਂ ਦੀ ਮੌਤ ਹੋ ਗਈ ਹੈ। ਵਰਨਣ ਯੋਗ ਹੈ ਕਿ 2004 ਵਿੱਚ ਈਰਾਨ ਵਿੱਚ ਇੱਕ ਭਿਆਨਕ ਰੇਲ ਹਾਦਸਾ ਹੋਇਆ ਸੀ ਜਿਸ ਵਿੱਚ ਤੇਲ, ਖਾਦ, ਗੰਧਕ ਅਤੇ ਕਪਾਹ ਲੈ ਕੇ ਜਾ ਰਹੀ ਇੱਕ ਰੇਲਗੱਡੀ ਨੇਸ਼ਾਬੁਰ ਨੇੜੇ ਹਾਦਸਾਗ੍ਰਸਤ ਹੋ ਗਈ ਸੀ। ਉਸ ਵਿੱਚ ਲੱਗਭਗ 320 ਲੋਕ ਮਾਰੇ ਗਏ ਅਤੇ 460 ਹੋਰ ਜ਼ਖ਼ਮੀ ਹੋ ਗਏ ਸਨ।

# 35 ਦੇਸ਼ਾਂ ਦੇ ਦੂਤਾ ਨੇ ਇਸਲਾਮਾਬਾਦ ਨੂੰ ਆਪਣੇ ਲਈ ਅਸੁਰੱਖਿਅਤ ਆਖਿਆ

ਇਸਲਾਮਾਬਾਦ, 9 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਰਾਜਧਾਨੀ ਇਸਲਾਮਬਾਦ ਵਿੱਚ ਰਹਿ ਰਹੇ 35 ਦੇਸ਼ਾਂ ਦੇ ਡਿਪਲੋਮੇਟਾਂ ਨੇ ਖਰਾਬ ਕਾਨੂੰਨ ਵਿਵਸਥਾ ਅਤੇ ਵੱਧਦੇ ਅਪਰਾਧਾਂ ਉੱਤੇ ਡੂੰਘੀ ਚਿੰਤਾ ਪ੍ਰਗਟਾਈ ਹੈ।

ਪੁਲਸ ਸੂਤਰਾਂ ਦੇ ਹਵਾਲੇ ਨਾਲ ਅਖਬਾਰ ਡਾਨ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਪੂਰਬੀ ਤੇ ਦੱਖਣ ਪੂਰਬੀ ਏਸ਼ੀਆ, ਮੱਧ ਏਸ਼ੀਆ, ਪੱਛਮੀ ਏਸ਼ੀਆ ਤੇ ਅਫਰੀਕੀ ਦੇਸ਼ਾਂ ਦੇ ਸੀਨੀਅਰ ਡਿਪਲੋਮੇਟਾਂ ਨੇ ਇਸਲਾਮਾਬਾਦ ਪੁਲਸ ਦੇ ਅਧਿਕਾਰੀਆਂ ਨਾਲ ਬੀਤੇਸੋਮਵਾਰ ਮੁਲਾਕਾਤ ਕਰ ਕੇ ਕਾਨੂੰਨ ਵਿਵਸਥਾ ਬਾਰੇ ਚਰਚਾ ਕੀਤੀ। ਇਹੋ ਜਿਹੀ ਇੱਕ ਬੈਠਕ ਮੰਗਲਵਾਰ ਵੀ ਹੋਣੀ ਸੀ, ਪਰ ਇਸਲਾਮਾਬਾਦ ਪੁਲਸ ਮੁਖੀ ਦੇ ਮੌਜੂਦ ਨਾ ਹੋਣ ਕਾਰਨ ਉਹ ਮੁਲਤਵੀ ਕਰਨੀ ਪਈ। ਕੁਝ ਅੰਬੈਸੀਆਂ ਦੇ ਸੁਰੱਖਿਆ ਅਧਿਕਾਰੀਆਂ ਨੇ ਸੋਮਵਾਰ ਨੂੰ ਬ੍ਰੀਫਿੰਗ ਦੌਰਾਨ ਇਸਲਾਮਾਬਾਦ ਵਿੱਚ ਸੜਕਾਂ ਦੀ ਨਾਕੇਬੰਦੀ ਤੇ ਰੈਡ ਜ਼ੋਨ ਦੀ ਸੀਲਿੰਗ ਉੱਤੇ ਚਿੰਤਾ ਪ੍ਰਗਟਾਈ, ਜਿਸ ਕਾਰਨ ਉਨ੍ਹਾਂ ਨੂੰ ਆਵਾਜਾਈ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਾਬਕਾ ਪ੍ਰਧਾਨ ਮੰਤਰੀਇਮਰਾਨ ਖਾਨ ਦੇ ਵਿਰੋਧ ਮਾਰਚ ਦੇ ਕਾਰਨ ਕੀਤਾ ਗਿਆ ਹੈ, ਜਿਸ ਕਾਰਨ ਰਾਜਧਾਨੀ ਵਿਚਲੇ ਡਿਪਲੋਮੈਟਿਕ ਇਨਕਲੇਵ ਤੋਂ ਹਵਾਈ ਅੱਡੇ ਤਕ ਦੇ ਰਸਤੇ ਵਿੱਚ ਘੇਰਾਬੰਦੀ ਕਰ ਕੇ ਸੁਰੱਖਿਆ ਵਧਾ ਦਿੱਤੀ ਗਈ ਹੈ। ਇੱਥੋਂ ਤਕ ਕਿ ਅਧਿਕਾਰੀਆਂ ਨੇ ਪੁਲਸ ਤੋਂ ਪੁੱਛਿਆ ਕਿ ਜੇ ਸੁਰੱਖਿਆ ਬਾਰੇ ਕਦਮ ਚੁੱਕੇ ਜਾ ਰਹੇ ਹਨ, ਤਾਂ ਉਨ੍ਹਾਂ ਨੂੰ ਪਹਿਲਾਂ ਦੱਸਿਆ ਜਾਵੇ ਤਾਂ ਜੋ ਉਸ ਮੁਤਾਬਕ ਪ੍ਰੋਗਰਾਮਾਂ ਵਿੱਚ ਤਬਦੀਲੀ ਲਿਆਂਦੀ ਜਾ ਸਕੇ। ਅੰਬੈਸੀਆਂ ਦੇ ਅਧਿਕਾਰੀਆਂ ਨੇ ਪੁੱਛਿਆ ਕਿ ਕੀ ਇਸਲਾਮਾਬਾਦ ਦੀਆਂ ਗਲੀਆਂ ਉਨ੍ਹਾਂ ਦੇ ਘੁੰਮਣ ਲਈ ਸੁਰੱਖਿਅਤ ਹਨ। ਕੌਮਾਂਤਰੀ ਪੈਮਾਨਿਆਂ ਮੁਤਾਬਕ ਦੇਸ਼ ਆਪਣੀ ਰਾਜਧਾਨੀ ਵਿੱਚ ਅਪਰਾਧ ਦੇ ਅੰਕੜੇ ਇੱਕ ਦੂਜੇ ਨਾਲ ਸਾਂਝੇ ਕਰਦੇ ਹਨ।

# 2024 ਤਕ ਯੂਰਪੀ ਯੂਨੀਅਨ ਵਿੱਚ ਮੋਬਾਈਲ ਫ਼ੋਨਾਂ, ਟੈਬਲੇਟਾਂਅਤੇ ਕੈਮਰਿਆਂ ਲਈ ਇੱਕੋ ਚਾਰਜਰ ਹੋਵੇਗਾ

ਬ੍ਰਸੇਲਸ, 9 ਜੂਨ (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ) ਵਿੱਚ 2024 ਤਕ ਛੋਟੇ ਅਤੇ ਮਧਿਅਮ ਆਕਾਰ ਦੇ ਪੋਰਟੇਬਲ ਇਲੈਕਟ੍ਰਾਨਿਕ ਜੰਤਰਾਂ ਲਈ ਇੱਕੋ ਚਾਰਜਰ ਦੀ ਵਰਤੋਂ ਕੀਤੀ ਜਾਏਗੀ। ਯੂਰਪੀ ਪਾਰਲੀਮੈਂਟ ਅਤੇ ਪ੍ਰੀਸ਼ਦ ਦੇ ਵਾਰਤਾਕਾਰਾਂ ਵਿੱਚ ਇਸ ਬਾਰੇ ਸਹਿਮਤੀ ਬਣੀ ਹੈ। ਸਾਲ 2024 ਤਕ ਯੂ ਐਸ ਬੀ ਟਾਈਪ-ਸੀ ਯੂਰਪੀ ਯੂਨੀਅਨ ਵਿੱਚ ਸਾਰੇ ਮੋਬਾਈਲ ਫ਼ੋਨਾਂ, ਟੈਬਲੇਟਾਂ ਅਤੇ ਕੈਮਰਿਆਂ ਲਈ ਆਮ ਹੀ ਚਾਰਜਿੰਗ ਪੋਰਟ ਬਣ ਜਾਣਗੇ। ਈ-ਰੀਡਰ, ਈਅਰਬਡ, ਡਿਜ਼ੀਟਲ ਕੈਮਰਾ, ਹੈਡਫੋਨ ਅਤੇ ਹੈਂਡਸੈਟ, ਹੈਂਡਹੋਲਡ ਵੀਡੀਓਗੇਮ ਕੰਸੋਲ ਅਤੇ ਵਾਇਰਡ ਕੇਬਲ ਨਾਲ ਚਾਰਜ ਹੁੰਦੇ ਪੋਰਟੇਲਬ ਸਪੀਕਰ, ਕੀ-ਬੋਰਡ, ਕੰਪਿਊਟਰ ਮਾਊਸ ਅਤੇ ਪੋਰਟੇਬਲ ਜੰਤਰ ਇਸ ਤੋਂ ਪ੍ਰਭਾਵਿਤ ਹੋਣਗੇ।

ਲੈਪਟਾਪ ਕੰਪਨੀਆਂ ਨੂੰ ਨਵੇਂ ਰੈਗੂਲੇਸ਼ਨ ਮੁਤਾਬਕ ਆਪਣੇ ਜੰਤਰ ਬਣਾਉਣੇ ਹੋਣਗੇ ਪਰ ਉਨ੍ਹਾਂ ਦੀ ਪਾਲਣਾ ਕਰਨ ਲਈ ਇਹ ਫੈਸਲਾ ਲਾਗੂ ਹੋਣ ਪਿੱਛੋਂ 40 ਮਹੀਨੇ ਹੋਰ ਸਮਾਂ ਮਿਲੇਗਾ। ਨਵੇਂ ਰੈਗੂਲੇਸ਼ਨ ਵਿੱਚ ਵਾਇਰਲੈਸ ਚਾਰਜਿੰਗ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਕਿਉਂਕਿ ਇਹ ਵੱਧ ਪ੍ਰਚਲਿਤ ਹੋ ਰਿਹਾ ਹੈ। ਖਪਤਕਾਰ ਨਵਾਂ ਜੰਤਰ ਖਰੀਦਦੇ ਸਮੇਂ ਇਹ ਚੁਣ ਸਕਣਗੇ ਕਿ ਉਹ ਚਾਰਜਰ ਨਾਲ ਖਰੀਦਣ ਜਾਂ ਉਸ ਦੇ ਬਿਨਾਂ।ਨਵੇਂ ਰੈਗੂਲੇਸ਼ਨ ਦੇ ਦੋ ਲਾਭ ਇਹ ਹਨ ਕਿ ਖਪਤਕਾਰਾਂ ਨੂੰ ਉਚਿਤ ਸੌਦਾ ਮਿਲੇਗਾ ਅਤੇ ਵਾਤਾਵਰਣ ਨੂੰ ਨੁਕਸਾਨ ਘੱਟ ਹੋਵੇਗਾ। ਅਨੁਮਾਨ ਹੈ ਕਿ ਅਣਵਰਤੇ ਚਾਰਜਰ ਹਰੇਕ ਸਾਲ ਲੱਗਭਗ 11,000 ਟਨ ਈ-ਕਚਰਾ ਪੈਦਾ ਕਰਦੇ ਹਨ। ਯੂਰਪ ਦੇ ਖਪਤਕਾਰ ਬੇਲੋੜੇ ਚਾਰਜਰਨਾ ਖਰੀਦ ਕੇ ਹਰੇਕ ਸਾਲ 250 ਮਿਲੀਅਨ ਯੂਰੋ (267 ਮਿਲੀਅਨ ਡਾਲਰ) ਤਕ ਬਚਤ ਕਰ ਸਕਣਗੇ ਕਿਉਂਕਿ ਉਹ ਕਈ ਜੰਤਰਾਂ ਲਈ ਇੱਕ ਹੀ ਚਾਰਜਰ ਦੀ ਵਰਤੋਂ ਕਰ ਸਕਣਗੇ।

# ਪਿਤਾ ਦੀ ਦਿਖਾਈ ਦਿਸ਼ਾ ਇਨਸਾਫ ਲੈਣ ਦੇ ਲਈ ਕੰਮ ਆਈ

*** ਵਕੀਲ ਧੀ ਨੇ ਪਿਤਾ ਦੇ ਕਾਤਲਾਂ ਨੂੰ 16 ਸਾਲ ਕੇਸ ਲੜ ਕੇ ਸਜ਼ਾ ਦਿਵਾਈ**



ਢਾਕਾ, 9 ਜੂਨ (ਪੋਸਟ ਬਿਊਰੋ)- ਬੰਗਲਾ ਦੇਸ਼ ਦੀ ਸ਼ਗੁਫਤਾ ਤਬੱਸੁਮ ਅਹਿਮਦ ਪੇਸ਼ੇ ਤੋਂ ਵਕੀਲ ਹੈ। ਉਸ ਨੇ 16 ਸਾਲ ਦੀ ਲੰਬੀ ਕਾਨੂੰਨੀ ਲੜਾਈ ਲੜਨ ਦੇ ਬਾਅਦ ਆਪਣੇ ਪਿਤਾ ਦੇ ਕਾਤਲਾਂ ਨੂੰ ਸਜ਼ਾ ਦਿਵਾਈ ਹੈ।

ਸ਼ਗੁਫਤਾ ਵਕਾਲਤ ਨਹੀਂ ਕਰਨਾ ਚਾਹੁੰਦੀ ਸੀ, ਪਰ ਪਿਤਾ ਦੇ ਕਹਿਣ ਉੱਤੇ ਕਾਨੂੰਨ ਦੀ ਪੜ੍ਹਾਈ ਕੀਤੀ ਸੀ। ਉਹਦੱਸਦੀ ਹੈ ਕਿ ਉਸ ਦੇ ਪਿਤਾ ਡਾਕਟਰ ਤਾਹਿਰ ਅਹਿਮਦ ਬੰਗਲਾ ਦੇਸ਼ ਵਿਚਲੇ ਰਾਜਸ਼ਾਹੀ ਜ਼ਿਲ੍ਹੇ ਦੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸਨ। ਪਰਿਵਾਰ ਯੂਨੀਵਰਸਿਟੀ ਵੱਲੋਂ ਮਿਲੇ ਕੁਆਰਟਰ ਵਿੱਚ ਰਹਿੰਦਾ ਸੀ। ਸਕੂਲ ਦੀ ਪੜ੍ਹਾਈ ਖਤਮ ਹੋਣ ਦੇ ਬਾਅਦ ਉਹ ਮਾਤਾ-ਪਿਤਾ ਦੇ ਕਹਿਣ ਉੱਤੇ ਵਕਾਲਤ ਪੜ੍ਹਨ ਢਾਕਾ ਚਲੀ ਗਈ। ਭਰਾ ਸੰਜੀਦ ਮਲਟੀਨੈਸ਼ਨਲ ਕੰਪਨੀ ਵਿੱਚ ਐਚ ਆਰ ਦੀ ਨੌਕਰੀ ਕਰਨ ਚਲਾਗਿਆ। ਕਤਲ ਤੋਂ ਇੱਕ ਹਫਤਾ ਪਹਿਲਾਂ 2006 ਵਿੱਚ ਪਾਪਾ ਢਾਕਾ ਆਏ ਅਤੇ ਪਰਵਾਰ ਨੂੰ ਮਿਲ ਕੇ ਚਲੇ ਗਏ। ਇਹ ਬੈਠਕ ਉਨ੍ਹਾਂ ਦੇ ਇੱਕ ਸਹਿਯੋਗੀ ਡਾਕਟਰ ਮੀਆਂ ਮੁਹੰਮਦ ਮੋਹਿਊਦੀਨ ਨਾਲ ਜੁੜੀ ਹੋਈ ਸੀ। ਮੋਹਿਊਦੀਨ ਪਹਿਲਾਂ ਪਿਤਾ ਦੇ ਕਰੀਬੀ ਸਨ, ਪ੍ਰੰਤੂ ਰਿਸ਼ਤੇ ਵਿੱਚ ਕੜਵਾਹਟ ਉਦੋਂ ਆਈ ਜਦੋਂ ਪਾਪਾ ਨੇ ਮੋਹਿਊਦੀਨ ਨੂੰ ਸਾਹਿਤਕ ਚੋਰੀ ਕਰਦੇ ਫੜ ਲਿਆ। ਦੋ ਫਰਵਰੀ ਨੂੰ ਉਸ ਨੇ ਪਾਪਾ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਨਹੀਂ ਹੋ ਸਕੀ। ਤਿੰਨ ਫਰਵਰੀ ਨੂੰ ਖਬਰ ਆਈ ਕਿ ਪਾਪਾ ਦੀ ਲਾਸ਼ ਯੂਨੀਵਰਸਿਟੀ ਦੇ ਬਗੀਚੇ ਵਿੱਚ ਸੈਪਟਿਕ ਟੈਂਕ ਵਿੱਚੋਂ ਮਿਲੀ ਹੈ। ਫਿਰ ਮਾਮਲੇ ਦੀ ਜਾਂਚ ਹੋਈ ਤਾਂ ਪਤਾ ਲੱਗਾ ਕਿ ਡਾਕਟਰ ਮੋਹਿਊਦੀਨ ਨੇ ਤਿੰਨ ਜਣਿਆਂ ਨਾਲ ਮਿਲ ਕੇ ਕਤਲ ਕੀਤਾ ਸੀ। 2008 ਵਿੱਚ ਹੇਠਲੀ ਅਦਾਲਤ ਨੇ ਚਾਰ ਜਣਿਆਂ ਨੂੰ ਦੋਸ਼ੀ ਪਾਇਆ ਤੇ ਮੌਤ ਦੀ ਸਜ਼ਾ ਸੁਣਾਈ, ਪਰ ਹਾਈ ਕੋਰਟ ਨੇ 2011 ਵਿੱਚ ਮੋਹਿਊਦੀਨ ਨੂੰ ਰਿਹਾਅ ਕਰ ਦਿੱਤਾ। ਧੀ ਨੇ ਹਾਈ ਕੋਰਟ ਤੇ ਸੁਪਰੀਮ ਕੋਰਟ ਵਿੱਚ ਸਜ਼ਾ ਦਿਵਾਉਣ ਤਕ ਲੜਾਈ ਲੜੀ ਅਤੇ ਆਖਰ ਵਿੱਚ ਜਿੱਤ ਗਈ।

ਸ਼ਗੁਫਤਾ ਦੇ ਪਿਤਾ ਦੇ ਕਾਤਲ ਮੋਹਿਊਦੀਨ ਰਸੂਖਦਾਰ ਪਰਵਾਰ ਵਿੱਚ ਸੀ ਅਤੇ ਉਸ ਦੇ ਸਾਲੇ ਬੰਗਲਾ ਦੇਸ਼ ਦੇ ਇੱਕ ਪ੍ਰਭਾਵਸ਼ਾਲੀ ਨੇਤਾ ਹੋਣ ਕਾਰਨ ਉਨ੍ਹਾਂ ਨੂੰ ਸਜ਼ਾ ਦਿਵਾਉਣਾ ਬੇਹੱਦ ਮੁਸ਼ਕਲ ਸੀ। ਪੰਜ ਅਪ੍ਰੈਲ 2022 ਨੂੰ ਸੁਪਰੀਮ ਕੋਰਟ ਨੇ ਮੋਹਿਊਦੀਨ ਦੀ ਮੌਤ ਦੀ ਸਜ਼ਾ ਕਾਇਮ ਰੱਖੀ। ਪਿਤਾ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਤਕ ਸ਼ਗੁਫਤਾ ਨੇ ਫੈਸਲਾ ਕੀਤਾ ਕਿ ਉਹ ਉਨ੍ਹਾਂ ਵਕੀਲਾਂ ਦੀ ਮਦਦ ਕਰੇਗੀ, ਜੋ ਪਰਵਾਰਕ ਮੈਂਬਰ ਦੀ ਹੱਤਿਆ ਦੇ ਕੇਸ ਲੜ ਰਹੇ ਹਨ।

# ਬੋਰਿਸ ਜੌਹਨਸਨ ਦੀ ਕੁਰਸੀ ਬਚੀ, ਬੇਭਰੋਸਗੀ ਮਤਾ ਰੱਦ



ਲੰਡਨ, 9 ਜੂਨ (ਪੋਸਟ ਬਿਊਰੋ)- ਸਿਆਸੀ ਤੌਰ ਉੱਤੇ ਘਿਰੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਆਪਣੀ ਹੀ ਕੰਜ਼ਰਵੇਟਿਵਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਵੱਲੋਂ ਉਨ੍ਹਾਂ ਖਿਲਾਫ ਬੇਭਰੋਸਗੀ ਹਰਾ ਦਿੱਤਾ ਹੈ। ਉਂਝ ਇਸ ਵੋਟ ਤੋਂ ਬਾਅਦ ਸੱਤਾ ਉੱਤੇ ਜੌਹਨਸਨ ਦੀ ਪਕੜ ਕਮਜ਼ੋਰ ਹੋਈ ਹੈ ਕਿਉਂਕਿ ਪਾਰਟੀ ਅੰਦਰਲੀ ਖਿੱਚੋਤਾਣ ਉਭਰ ਕੇ ਸਾਹਮਣੇ ਆ ਗਈ ਹੈ। ਸੋਮਵਾਰ ਰਾਤ ਹੋਈ ਵੋਟਿੰਗ ਵਿੱਚ ਜੌਹਨਸਨ ਦੇ ਹੱਕ ਵਿੱਚ 211 ਪਾਰਲੀਮੈਂਟ ਮੈਂਬਰਾਂ ਨੇ ਵੋਟ ਪਾਈ, ਜਦ ਕਿ ਵਿਰੋਧ ਵਿੱਚ 148 ਵੋਟਾਂ ਪਈਆਂ। ਇਸ ਤਰ੍ਹਾਂ 63 ਵੋਟਾਂ ਦੇ ਬਹੁਮਤ ਨਾਲ ਜੌਹਨਸਨ ਨੇ ਬੇਭਰੋਸਗੀ ਮਤੇ ਵਾਲਾ ਅੜਿੱਕਾ ਪਾਰ ਕਰ ਲਿਆ ਹੈ। ਇਸ ਤੋਂ ਪਹਿਲਾਂ ਜੌਹਨਸਨ (57) ਨੇ ਆਪਣੀ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੂੰ ਨਿੱਜੀ ਤੌਰ ਉੱਤੇ ਬੇਨਤੀਆਂ ਕਰ ਕੇ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਵਿੱਚ ਭਰੋਸਾ ਜ਼ਾਹਿਰ ਕਰਨ ਨੂੰ ਕਿਹਾ ਸੀ।

ਜੌਹਨਸਨ ਖਿਲਾਫ ਇਹ ਮਤਾ ਪਾਰਟੀਗੇਟ ਘੁਟਾਲੇ ਕਾਰਨ ਲਿਆਂਦਾ ਗਿਆ ਸੀ। ਉਨ੍ਹਾਂ ਉੱਤੇ ਕੋਰੋਨਾ ਨਿਯਮਾਂ ਦੀ ਉਲੰਘਣਾ ਕਰ ਕੇ ਡਾਊਨਿੰਗ ਸਟਰੀਟ ਤੇ ਹੋਰ ਸਰਕਾਰੀ ਦਫਤਰਾਂ ਵਿੱਚ ਪਾਰਟੀਆਂ ਕਾਰਨ ਦਾ ਦੋਸ਼ ਲੱਗਾ ਸੀ। ਉਨ੍ਹਾ ਨੇ ਵੋਟਿੰਗ ਤੋਂ ਬਾਅਦ ਕਿਹਾ, ''ਮੈਨੂੰ ਲੱਗਦਾ ਹੈ ਕਿ ਇਹ ਸਿਆਸਤ ਤੇ ਦੇਸ਼ ਲਈ ਬਹੁਤ ਨਤੀਜਾ ਹੈ।'' ਇਸ ਫੈਸਲਾਕੁੰਨ ਵੋਟਿੰਗ ਤੋਂ ਬਾਅਦ ਅਸੀਂ ਉਨ੍ਹਾਂ ਮੁੱਦਿਆਂ ਉਤੇ ਧਿਆਨ ਦੇ ਸਕਦੇ ਹਾਂ, ਜੋ ਅਸਲ ਵਿੱਚ ਲੋਕਾਂ ਨਾਲ ਜੁੜੇ ਹੋਏ ਹਨ।

# ਕਰੋੜਾਂ ਰੁਪਏ ਦੀ ਵਿਦੇਸ਼ੀ ਕਰੰਸੀ ਸਮੇਤ ਸ੍ਰੀਲੰਕਾ ਹਵਾਈ ਅੱਡੇ ਉੱਤੇ ਭਾਰਤੀ ਵਪਾਰੀ ਗ੍ਰਿਫ਼ਤਾਰ



ਕੋਲੰਬੋ, 9 ਜੂਨ (ਪੋਸਟ ਬਿਊਰੋ)- ਸ੍ਰੀਲੰਕਾ ਦੇ ਇੱਕ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਇੱਕ 45 ਸਾਲਾ ਭਾਰਤੀ ਵਪਾਰੀ ਨੂੰ ਚਾਰ ਕਰੋੜ ਰੁਪਏ ਤੋਂ ਵੱਧ ਵਿਦੇਸ਼ੀ ਕਰੰਸੀ ਦੀ ਦੇਸ਼ ਤੋਂ ਬਾਹਰ ਤਸਕਰੀ ਕਰਨ ਦੀ ਕੋਸ਼ਿਸ਼ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਡੇਲੀ ਮਿਰਰ ਲੰਕਾ ਨੇ ਦੱਸਿਆ ਕਿ ਇਹ ਵਿਅਕਤੀ, ਜਿਸ ਦੀ ਪਛਾਣ ਨਹੀਂ ਦੱਸੀ ਗਈ, ਨੂੰ ਕੱਲ੍ਹ ਭੰਡਾਰਨਾਇਕੇ ਅੰਤਰਰਾਸ਼ਟਰੀ ਹਵਾਈ ਅੱਡੇ (ਬੀ ਆਈ ਏ) ਤੋਂ ਸੁਰੱਖਿਆ ਅਧਿਕਾਰੀਆਂ ਨੇ ਗ੍ਰਿਫ਼ਤਾਰ ਕੀਤਾ ਹੈ। ਉਹ ਕਾਰੋਬਾਰ ਦੇ ਸਿਲਸਿਲੇ ਵਿੱਚ ਸ੍ਰੀਲੰਕਾ ਆਇਆ ਸੀ।

ਰਿਪੋਰਟ ਵਿੱਚ ਦੱਸਿਆ ਗਿਆ ਕਿ ਉਸਦੇ ਸੂਟਕੇਸ ਦੀ ਤਲਾਸ਼ੀ ਵਿੱਚ ਸੁਰੱਖਿਆ ਅਧਿਕਾਰੀਆਂ ਨੂੰ 117,000 ਕੈਨੇਡੀਅਨ ਡਾਲਰ ਅਤੇ 19,000 ਯੂਰੋ ਮਿਲੇ ਹਨ, ਜਿਨ੍ਹਾਂ ਦੀ ਕੀਮਤ 40 ਮਿਲੀਅਨ ਰੁਪਏ ਤੋਂ ਵੱਧ ਹੈ। ਯਾਤਰੀ ਦੇ ਸ਼ੱਕੀ ਵਿਹਾਰ ਤੋਂ ਬਾਅਦ ਸੁਰੱਖਿਆ ਅਧਿਕਾਰੀਆਂ ਨੇ ਉਸ ਦੇ ਸਾਮਾਨ ਦੀ ਜਾਂਚ ਕੀਤੀ। ਡੇਲੀ ਨਿਊਜ਼ ਲੰਕਾ ਨੇ ਰਿਪੋਰਟ ਕੀਤੀ ਕਿ ਅਧਿਕਾਰੀਆਂ ਨੇ ਦੇਖਿਆ ਕਿ ਯਾਤਰੀ ਥੋੜ੍ਹੇ ਸਮੇਂ ਵਿੱਚ ਹੀ ਕਈ ਵਾਰ ਹਵਾਈ ਅੱਡੇ ਦੇ ਡਿਪਾਰਚਰ ਪੈਸੰਜਰ ਟਰਮੀਨਲ ਦੇ ਟਾਇਲਟ ਵਿੱਚ ਜਾ ਰਿਹਾ ਸੀ। ਉਸ ਨੇ ਚੇਨਈ ਜਾਣ ਵਾਲੀ ਇੰਡੀਗੋ ਫਲਾਈਟ ਵਿੱਚ ਸਵਾਰ ਹੋਣਾ ਸੀ। ਯਾਤਰੀ ਅਤੇ ਉਸਦੀ ਵਿਦੇਸ਼ੀ ਕਰੰਸੀ ਦੀ ਖੇਪ ਨੂੰ ਅਗਲੇਰੀ ਜਾਂਚ ਲਈ ਕਾਟੂਨਾਇਕ ਹਵਾਈ ਅੱਡੇ ਉੱਤੇ ਕਸਟਮ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ। ਵਿਦੇਸ਼ੀ ਕਰੰਸੀ ਜ਼ਬਤ ਕਰ ਲਈ ਗਈ ਜਦਕਿ ਯਾਤਰੀ ਨੂੰ 10,000 ਰੁਪਏ ਦਾ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਗਿਆ।

# ਦੱਖਣੀ ਅਫਰੀਕਾ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ੀ ਗੁਪਤਾ ਭਰਾ ਦੁਬਈ ਤੋਂ ਗ੍ਰਿਫ਼ਤਾਰ



ਜੋਹਾਨਸਬਰਗ, 9 ਜੂਨ, (ਪੋਸਟ ਬਿਊਰੋ)- ਦੱਖਣੀ ਅਫਰੀਕਾਵਿੱਚ ਬਹੁ-ਚਰਚਿਤ ਸਿਆਸੀ ਭ੍ਰਿਸ਼ਟਾਚਾਰ ਵਾਲੇਕੇਸਵਿੱਚ ਲੋੜੀਂਦੇ ਭਾਰਤੀ ਮੂਲ ਦੇ ਕਾਰੋਬਾਰੀ ਰਾਜੇਸ਼ (51) ਤੇ ਅਤੁਲ ਗੁਪਤਾ (53) ਨੂੰ ਦੁਬਈ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਗੁਪਤਾ ਭਰਾਵਾਂ ਦੇ ਭ੍ਰਿਸ਼ਟਾਚਾਰ ਖ਼ਿਲਾਫ਼ ਆਮ ਲੋਕਾਂ ਵੱਲੋਂ ਕੀਤੇ ਵਿਰੋਧ-ਮੁਜ਼ਾਹਰਿਆਂ ਪਿੱਛੋਂ ਉਸ ਵਕਤ ਦੇ ਰਾਸ਼ਟਰਪਤੀ ਜੈਕਬ ਜ਼ੁਮਾ ਨੂੰ ਆਪਣੀ ਕੁਰਸੀ ਛੱਡਣੀ ਪਈ ਸੀ।

ਮੂਲ ਰੂਪਵਿੱਚ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਦੇ ਵਾਸੀ ਰਾਜੇਸ਼ ਤੇ ਅਤੁਲ ਦੋਵਾਂ ਭਰਾਵਾਂ ਖ਼ਿਲਾਫ਼ ਇੰਟਰਪੋਲ ਨੇ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਹੋਇਆ ਸੀ। ਇਨ੍ਹਾਂ ਦੇ ਇਕ ਹੋਰ ਭਰਾ ਅਜੈ ਗੁਪਤਾ (56) ਦੀ ਗ੍ਰਿਫ਼ਤਾਰੀ ਦਾਅਜੇ ਤੱਕਪਤਾ ਨਹੀਂ।ਇਨ੍ਹਾਂ ਉੱਤੇ ਦੋਸ਼ ਹੈ ਕਿ ਰਾਸ਼ਟਰਪਤੀ ਜੈਕਬ ਜ਼ੁਮਾ (80) ਦੇ ਰਾਜ ਵੇਲੇਇਨ੍ਹਾਂ ਨੇ ਦੱਖਣੀ ਅਫਰੀਕਾ ਦੇ ਸਰਕਾਰੀ ਅਦਾਰਿਆਂ ਨਾਲ ਅਰਬਾਂ ਰੈਂਡ (ਅਫਰੀਕੀ ਕਰੰਸੀ) ਦਾ ਘੁਟਾਲਾ ਕੀਤਾ ਸੀ।ਗੁਪਤਾ ਭਰਾਵਾਂ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਵਿਰੋਧੀ ਧਿਰ ਡੈਮੋਕ੍ਰੇਟਿਕ ਅਲਾਇੰਸ ਨੇ ਗੁਪਤਾ ਭਰਾਵਾਂ ਦੀ ਗ੍ਰਿਫ਼ਤਾਰੀ ਦਾ ਸਵਾਗਤ ਕੀਤਾ ਤੇ ਸੱਤਾਧਾਰੀ ਅਫਰੀਕਨ ਨੈਸ਼ਨਲ ਪਾਰਟੀ ਨੇ ਦੋਵਾਂ ਦੀ ਛੇਤੀ ਹਵਾਲਗੀ ਦੀ ਅਪੀਲ ਕੀਤੀ ਹੈ।ਕਿਹਾ ਜਾਂਦਾ ਹੈ ਕਿ ਇਨ੍ਹਾਂ ਗੁਪਤਾ ਭਰਾਵਾਂ ਨੇ ਦੱਖਣੀ ਅਫਰੀਕਾਦੇ ਸਾਬਕਾ ਰਾਸ਼ਟਰਪਤੀ ਜ਼ੁਮਾ ਨਾਲ ਆਪਣੇ ਨੇੜਦੀ ਵਰਤੋਂ ਆਰਥਿਕ ਲਾਭਲੈਣ ਲਈ ਉੱਚੇ ਅਹੁਦਿਆਂ ਉੱਤੇ ਨਿਯੁਕਤੀਆਂ ਵਿੱਚ ਕੀਤੀ ਸੀ।ਜੈਕਬ ਜ਼ੁਮਾ ਸਾਲ 2009-18 ਤੱਕ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਨ। ਭ੍ਰਿਸ਼ਟਾਚਾਰ ਦੀ ਜਾਂਚ ਚੱਲਦੇ ਸਾਰ 2018ਵਿੱਚ ਗੁਪਤਾ ਭਰਾ ਦੱਖਣੀ ਅਫਰੀਕਾ ਤੋਂ ਦੁਬਈ ਖਿਸਕ ਗਏ ਸਨ।ਫਿਰਰੋਸ ਮੁਜ਼ਾਹਰਿਆਂ ਕਾਰਨ ਅਫਰੀਕੀ ਨੈਸ਼ਨਲ ਕਾਂਗਰਸ (ਏਐੱਨਸੀ) ਨੇ ਜੈਕਬ ਜ਼ੁਮਾ ਨੂੰ ਰਾਸ਼ਟਰਪਤੀ ਅਹੁਦੇ ਤੋਂ ਹਟਾ ਕੇ ਉਸ ਦੀ ਥਾਂ ਸਿਰਿਲ ਰਾਮਫੋਸਾ ਨੂੰ ਕਾਰਜਕਾਰੀ ਰਾਸ਼ਟਰਪਤੀ ਬਣਾ ਦਿੱਤਾ ਸੀ। ਹਵਾਲਗੀ ਸਮਝੌਤਾ ਨਾ ਹੋਣ ਕਾਰਨ ਗੁਪਤਾ ਭਰਾਵਾਂ ਦੀ ਗ੍ਰਿਫ਼ਤਾਰੀ ਬਾਰੇ ਯੂ ਏ ਈ ਨਾਲ ਗੱਲਬਾਤ ਦੇ ਨਤੀਜੇ ਨਾ ਨਿਕਲਣ ਉੱਤੇ ਦੱਖਣੀ ਅਫਰੀਕਾ ਨੇ ਯੂ ਐੱਨ ਓ ਤੋਂ ਮਦਦ ਮੰਗੀ ਅਤੇ ਜੂਨ 2021ਵਿੱਚ ਸਮਝੌਤੇਪਿੱਛੋਂਉਨ੍ਹਾਂ ਦੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਹੋਈ ਸੀ। ਕਈ ਗਵਾਹਾਂ ਨੇ ਜ਼ੁਮਾ ਦੇ ਨੌਂ ਸਾਲਾ ਰਾਜਵਿੱਚ ਹੋਏ ਵੱਡੇ ਘੁਟਾਲੇ ਤੇ ਕੈਬਨਿਟ ਮੰਤਰੀਆਂ ਦੀ ਨਿਯੁਕਤੀਵਿੱਚ ਗੁਪਤਾ ਭਰਾਵਾਂ ਦਾ ਹੱਥ ਹੋਣ ਦੀ ਗਵਾਹੀ ਦਿੱਤੀ ਤੇ ਟੈਕਸ ਚੋਰੀ ਬਾਰੇ ਸੰਗਠਨ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਵੇਨ ਡੁਵੇਨਹੇਜ ਨੇ ਦੱਸਿਆਹੈ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਦੱਖਣੀ ਅਫਰੀਕਾ ਵਿੱਚੋਂ ਭੱਜਣ ਤੋਂ ਪਹਿਲਾਂ ਗੁਪਤਾ ਭਰਾਵਾਂ ਨੇ ਕਰੀਬ 15 ਅਰਬ ਰੈਂਡ (ਕਰੀਬ 7600 ਕਰੋੜ ਰੁਪਏ) ਦੀ ਗ਼ੈਰ ਕਾਨੂੰਨੀ ਕਮਾਈ ਕੀਤੀ ਸੀ।

ਸਹਾਰਨਪੁਰ ਵਾਸੀ ਗੁਪਤਾ ਪਰਿਵਾਰ ਨੇ 1990 ਦਹਾਕੇ ਦੇ ਸ਼ੁਰੂਵਿੱਚ ਦੱਖਣੀ ਅਫਰੀਕਾ ਪਹੁੰਚ ਕੇ ਜੁੱਤੀਆਂ ਦੀ ਦੁਕਾਨ ਖੋਲ੍ਹੀ ਸੀ, ਪਰ ਛੇਤੀ ਹੀ ਆਈਟੀ, ਮੀਡੀਆ ਤੇ ਮਾਈਨਿੰਗ ਖੇਤਰਵਿੱਚ ਕਾਰੋਬਾਰ ਵਧਾ ਲਿਆ ਸੀ। ਅੱਜਕੱਲ੍ਹ ਇਨ੍ਹਾਂਵਿੱਚੋਂ ਵਧੇਰੇ ਕਾਰੋਬਾਰ ਜਾਂ ਵਿਕ ਚੁੱਕੇ ਹਨ ਜਾਂ ਬੰਦ ਹੋ ਚੁੱਕੇ ਹਨ।ਦੁਬਈ ਪੁਲਿਸ ਦੇ ਮੁਤਾਬਕ ਇੰਟਰਪੋਲ ਵੱਲੋਂ ਜਾਰੀ ਨੋਟਿਸ ਉੱਤੇ ਗੁਪਤਾ ਭਰਾਵਾਂ ਦੀ ਗ੍ਰਿਫ਼ਤਾਰੀ ਹੋਈ ਅਤੇ ਦੋਵਾਂ ਨੂੰ ਦੱਖਣੀ ਅਫਰੀਕਾ ਨੂੰ ਸੌਂਪਣ ਦੀ ਕਾਰਵਾਈ ਚੱਲ ਰਹੀ ਹੈ। ਇੰਟਰਪੋਲ ਦੀ ਅਗਵਾਈ ਇਸ ਵੇਲੇ ਅਮਰੀਕਾ ਕੋਲ ਹੈ। ਰੈੱਡ ਨੋਟਿਸ ਸੰਸਾਰ ਪੱਧਰ ਉੱਤੇ ਲੋੜੀਂਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਸਬੰਧੀ ਕਾਨੂੰਨ ਇਨਫੋਰਸਮੈਂਟ ਏਜੰਸੀਆਂ ਨੂੰ ਚੌਕਸ ਕਰਨ ਲਈ ਜਾਰੀ ਕੀਤਾ ਜਾਂਦਾ ਹੈ।

# ਯਾਤਰੀਆਂ ਨਾਲ ਭਰੀ ਬੱਸ ਨਦੀ ਵਿੱਚ ਡਿੱਗੀ, 9 ਮੌਤਾਂ



ਨੇਪਾਲ, 9 ਜੂਨ (ਪੋਸਟ ਬਿਊਰੋ)- ਨੇਪਾਲ ਦੇ ਰੂਪਾਂਦੇਹੀ ਜ਼ਿਲ੍ਹੇ ਵਿੱਚ ਭੈਰਹਾਵਨ-ਪਾਰਸੀ ਮਾਰਗ ਉੱਤੇ ਯਾਤਰੀਆਂ ਨਾਲ ਭਰੀ ਬੱਸ ਰੋਹਿਣੀ ਨਦੀ ਵਿੱਚ ਡਿੱਗ ਗਈ। ਇਸ ਘਟਨਾ ਵਿੱਚ 9 ਯਾਤਰੀਆਂ ਦੀ ਮੌਤ ਹੋ ਗਈ, ਜਦਕਿ 23 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀ ਯਾਤਰੀਆਂ ਦਾ ਭੈਰਹਵਾਂ ਮੈਡੀਕਲ ਕਾਲਜ ਵਿਖੇ ਇਲਾਜ ਚੱਲ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਕਰੀਬ 4.30 ਵਜੇ ਜਨਕਪੁਰ ਤੋਂ ਭੈਰਹਵਾਂ ਵੱਲ ਆ ਰਹੀ ਬੱਸ ਰੋਹਿਣੀ ਪੁਲ ਦੀ ਰੇਲਿੰਗ ਤੋੜ ਕੇ ਨਦੀ ਵਿੱਚ ਜਾ ਡਿੱਗੀ। ਸੂਚਨਾ ਮਿਲਦੇ ਹੀ ਓਥੇ ਪਹੁੰਚੇ ਪੁਲਸ ਮੁਲਾਜ਼ਮਾਂ ਨੇ ਕਿਸੇ ਤਰ੍ਹਾਂ ਬੱਸ ਵਿਚਲੇ ਯਾਤਰੀਆਂ ਨੂੰ ਕੱਢ ਕੇ ਇਲਾਜ ਲਈ ਹਸਪਤਾਲ ਪਹੁੰਚਾਇਆ। ਹਸਪਤਾਲ ਵਿੱਚ ਇਲਾਜ ਦੌਰਾਨ 9 ਯਾਤਰੀਆਂ ਦੀ ਮੌਤ ਹੋ ਗਈ ਜਦਕਿ 23 ਹੋਰ ਯਾਤਰੀ ਜ਼ਖ਼ਮੀ ਹਨ। ਮ੍ਰਿਤਕਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਟੋਰਾਂਟੋ ਦੇ ਸੈਂਟਰ ਆਈਲੈਂਡ ਦਾ ਟੂਰ ਲਾਇਆ































ਬਰੈਂਪਟਨ, (ਡਾ. ਝੰਡ) - ਪਿਛਲੇ 4-5 ਸਾਲ ਤੋਂ ਬਰੈਂਪਟਨ ਵਿਚ ਵਿਚਰ ਰਹੀ ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਅਧਿਕਾਰੀਆਂ ਤੇ ਕਰਮਚਾਰੀਆਂ ਦੀ 'ਪੀ.ਐੱਸ.ਬੀ. ਸੀਨੀਅਰਜ਼ ਕਲੱਬ' ਦੇ ਮੈਂਬਰਾਂ ਨੇ 28 ਮਈ ਨੂੰ ਟੋਰਾਂਟੋ ਦੇ ਸੈਂਟਰ ਆਈਲੈਂਡ ਦਾ ਪਰਿਵਾਰਿਕ ਟੂਰ ਲਗਾਇਆ ਜਿਸ ਵਿਚ ਇਸ ਦੇ 104 ਮੈਂਬਰਾਂ ਨੇ ਸ਼ਾਮਲ ਹੋ ਕੇ ਇਸ ਦਾ ਭਰਪੂਰ ਅਨੰਦ ਮਾਣਿਆਂ। ਓਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰੂਘਰ ਦੀ ਪਾਰਕਿੰਗ ਵਿਚ ਖੜੀਆਂ ਤਿੰਨ ਬੱਸਾਂ 'ਤੇ ਸਵੇਰੇ 10.00 ਵਜੇ ਸਵਾਰ ਹੋ ਕੇ ਉਹ ਪੌਣੇ ਗਿਆਰਾਂ ਵਜੇ ਦੇ ਕਰੀਬ ਟੋਰਾਂਟੋ ਡਾਊਨ ਟਾਊਨ ਤੋਂ ਸੈਂਟਰ ਆਈਲੈਂਡ ਨੂੰ ਜਾਣ ਵਾਲੀਆਂ ਫ਼ੈਰੀਆਂ ਦੇ ਸਟੇਸ਼ਨ 'ਤੇ ਪਹੁੰਚ ਗਏ ਅਤੇ ਜਲਦੀ ਹੀ ਸਾਰੇ ਇਕ ਫ਼ੈਰੀ ਵਿਚ ਸਵਾਰ ਹੋ ਗਏ।

ਫ਼ੈਰੀ ਦਾ ਇਹ ਸਫ਼ਰ ਬੜਾ ਸੁਹਾਵਣਾ ਤੇ ਦਿਲਚਸਪ ਸੀ ਅਤੇ ਪਹਿਲੀ ਵਾਰ ਇਸ ਵਿਚ ਬੈਠਣ ਵਾਲਿਆਂ ਲਈ ਤਾਂ ਇਹ ਹੋਰ ਵੀ ਖਿੱਚ ਭਰਪੂਰ਼ ਸੀ। ਫ਼ੈਰੀ ਵਿਚ ਕਈਆਂ ਨੇ ਟੋਰਾਂਟੋ ਡਾਊਨ ਟਾਊਨ ਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਅਤੇ ਸੀ.ਐੱਨ ਟਾਵਰ ਦੀਆਂ ਤਸਵੀਰਾਂ ਆਪਣੇ ਸੈੱਲ-ਫ਼ੋਨਾਂ ਨਾਲ ਲਈਆਂ। ਫ਼ੈਰੀ ਦੇ ਦੋਵੇਂ ਪਾਸੇ ਚੱਲ ਰਹੀਆਂ ਕਿਸ਼ਤੀਆਂ ਅਤੇ ਸੈਂਟਰ ਆਈਲੈਂਡ ਦੇ ਛੋਟੇ ਜਿਹੇ ਹਵਾਈ-ਅੱਡੇ 'ਤੇ ਚੜ੍ਹਦੇ-ਉੱਤਰਦੇ ਹਵਾਈ-ਜਹਾਜ਼ ਵੀ ਸਾਰਿਆਂ ਦੀ ਖਿੱਚ ਦਾ ਕਾਰਨ ਬਣੇ ਹੋਏ ਸਨ। 40 ਕੁ ਮਿੰਟਾਂ ਵਿਚ ਫ਼ੈਰੀ ਸੈਂਟਰ ਆਈਲੈਂਡ ਦੇ ਕੰਢੇ ਬਣੇ ਸ਼ਾਨਦਾਰ ਘਾਟ 'ਤੇ ਪਹੁੰਚ ਗਈ। ਫ਼ੈਰੀ 'ਚੋਂ ਉੱਤਰ ਕੇ ਸਾਰੇ ਜਣੇ ਇਕ ਪਾਰਕ ਵਿਚ ਇਕੱਠੇ ਹੋ ਗਏ। ਇੱਥੇ ਸਾਰੇ ਮੈਂਬਰਾਂ ਨੂੰ ਸਨੈਕਸ, ਜੂਸ ਅਤੇ ਪਾਣੀ ਦੀਆਂ ਬੋਤਲਾਂ ਸਰਵ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਬੱਸਾਂ ਤੇ ਫ਼ੇਰੀ ਦੇ ਕਿਰਾਏ ਸਮੇਤ ਇਸ ਸੱਭ ਕਾਸੇ ਦੇ ਲਈ ਪ੍ਰਬੰਧਕਾਂ ਵੱਲੋਂ ਉਨ੍ਹਾਂ ਕੋਲੋਂ ਕੋਈ ਖ਼ਰਚਾ ਵਸੂਲ ਨਹੀਂ ਕੀਤਾ ਗਿਆ।

ਪੀ.ਐੱਸ.ਬੀ. ਦੇ ਪ੍ਰਧਾਨ ਗੁਰ-ਚਰਨ ਸਿੰਘ ਖੱਖ, ਮੀਤ-ਪ੍ਰਧਾਨ ਗਿਆਨ ਪਾਲ ਤੇ ਸਕੱਤਰ ਹਰਚਰਨ ਸਿੰਘ ਰਾਜਪੂਤ ਵੱਲੋਂ ਆਪਣੇ ਸੰਬੋਧਨਾਂ ਰਾਹੀਂ ਸਾਰੇ ਮੈਂਬਰਾਂ ਦਾ ਸੁਆਗ਼ਤ ਕੀਤਾ ਗਿਆ ਅਤੇ ਇਸ ਪਿਕਨਿਕ ਦੇ ਪ੍ਰੋਗਰਾਮ ਦਾ ਵੇਰਵਾ ਦੱਸਿਆ ਗਿਆ। ਕਾਰਜਕਾਰਨੀ ਦੇ ਮੈਂਬਰ ਸੁਖਦੇਵ ਸਿੰਘ ਬੇਦੀ ਨੇ ਇਸ ਆਈਲੈਂਡ ਵਿਚ ਮੌਜੂਦ ਦਿਲਚਸਪ ਤੇ ਮਹੱਤਵਪੂਰਨ ਥਾਂਵਾਂ ਅਤੇ ਸਹੂਲਤਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਪਿਕਨਿਕ ਵਿਚ ਸ਼ਾਮਲ ਸਾਰੇ ਮੈਂਬਰਾਂ ਦੀ ਇਕ ਗਰੁੱਪ ਫ਼ੋਟੋ ਵੀ ਲਈ ਗਈ।

ਉਪਰੰਤ, ਸਾਰੇ ਮੈਂਬਰ ਛੋਟੇ-ਛੋਟੇ ਗਰੁੱਪਾਂ ਵਿਚ ਆਈਲੈਂਡ ਦੀ ਸੈਰ ਨੂੰ ਚੱਲ ਪਏ। ਉਨ੍ਹਾਂ ਨੇ ਇੱਥੇ ਬਣੇ ਸ਼ਾਨਦਾਰ ਪਾਰਕਾਂ, ਫੁਹਾਰਿਆਂ ਅਤੇ ਕੁਦਰਤੀ ਨਜ਼ਾਰਿਆਂ ਦਾ ਰੱਜ ਕੇ ਲੁਤਫ਼ ਲਿਆ। ਗਰੁੱਪਾਂ ਵਿਚ ਬੈਠ ਕੇ ਹੀ ਦੁਪਹਿਰ ਦਾ ਭੋਜਨ ਛਕਿਆ ਜੋ ਉਹ ਆਪਣੇ ਨਾਲ ਲਿਆਏ ਸਨ। ਕਈਆਂ ਨੇ ਸਾਈਕਲਿੰਗ ਦਾ ਅਤੇ ਕਈਆਂ ਬੀਚ ਦੇ ਕੰਢੇ ਬੈਠ ਕੇ ਸੁਹਾਵਣੇ ਮੌਸਮ ਵਿਚ ਸੂਰਜ ਦੀ ਨਿੱਘੀ ਧੁੱਪ ਦਾ ਅਨੰਦ ਲਿਆ। ਚਾਹ ਅਤੇ ਕੌਫ਼ੀ ਦੀਆਂ ਚੁਸਕੀਆਂ ਦੌਰਾਨ ਚੁਟਕਲੇ-ਬਾਜ਼ੀ, ਕਵਿਤਾ-ਉਚਾਰਨ, ਗੀਤ-ਸੰਗੀਤ ਅਤੇ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਦਾ ਦੌਰ ਵੀ ਚੱਲਦਾ ਰਿਹਾ। ਗੱਲ ਕੀ, ਇਸ ਮੌਕੇ ਲੱਗਭੱਗ ਸਾਰਿਆਂ ਨੇ ਹੀ ਆਪੋ-ਆਪਣੇ ਢੰਗ ਨਾਲ ਖ਼ੁਸ਼ੀ ਦਾ ਇਜ਼ਹਾਰ ਕੀਤਾ। ਏਨੇ ਨੂੰ ਸ਼ਾਮ ਦੇ ਪੌਣੇ ਚਾਰ ਵੱਜ ਗਏ ਅਤੇ ਫਿਰ ਸਾਰਿਆਂ ਨੇ ਘਰਾਂ ਨੂੰ ਵਾਪਸੀ ਦੀ ਤਿਆਰੀ ਕਰ ਲਈ। ਚਾਰ ਕੁ ਵਜੇ ਫ਼ੈਰੀ ਲੈ ਕੇ ਜਦੋਂ ਵਾਪਸ ਪਹੁੰਚੇ ਤਾਂ ਅੱਗੇ ਬੱਸਾਂ ਤਿਆਰ ਖੜੀਆਂ ਸਵਾਰੀਆਂ ਦੀ ਉਡੀਕ ਕਰ ਰਹੀਆਂ ਸਨ ਅਤੇ ਉਨ੍ਹਾਂ ਵਿਚ ਸਵਾਰ ਹੋ ਕੇ ਘਰ-ਵਾਪਸੀ ਦਾ ਸਫ਼ਰ ਅਰੰਭ ਹੋ ਗਿਆ। ਖ਼ੁਸ਼ੀਆਂ ਭਰਪੂਰ ਇਸ ਪਿਕਨਿਕ ਦਾ ਸਾਰਿਆਂ ਨੇ ਪੂਰਾ ਅਨੰਦ ਮਾਣਿਆਂ ਅਤੇ ਇਸ ਦੀ ਸੁਹਾਵਣੀ ਯਾਦ ਲੰਮੇਂ ਸਮੇਂ ਤੱਕ ਸੱਭਨਾਂ ਦੇ ਮਨ ਵਿਚ ਰਹੇਗੀ।

# ਕਲੀਵਵਿਊ ਸੀਨੀਅਰਜ਼ ਕਲੱਬ ਦਾ ਸਮਾਜਿਕ ਰੰਗਾ ਰੰਗ ਪ੍ਰੋਗਰਾਮ











ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ)ਬੀਤੇ ਬੁਧਵਾਰਬਰੈਂਪਟਨ ਦੇ ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਨੇੜਲੇ ਪਾਰਕ ਵਿਚ ਸਮਾਜਿਕ ਰੰਗਾ ਰੰਗ ਪ੍ਰੋਗਰਾਮਕੀਤਾ ਗਿਆ, ਜਿਸ ਵਿਚ ਕਲੱਬ ਵਲੋਂ ਇਸ ਸਾਲ ਕੀਤੇ ਜਾ ਰਹੇ ਪ੍ਰੋਗਰਾਮਾ ਨੂੰ ਵਿਚਾਰਨ ਦੇ ਨਾਲ ਨਾਲ ਗੀਤ ਸੰਗੀਤ ਅਤੇ ਮਨੋਰੰਜਕ ਖੇਡਾਂ ਦਾ ਆਨੰਦ ਵੀ ਮੈਂਬਰਾਂ ਨੇ ਮਾਣਿਆਂ। ਇਸਕਲੱਬ ਦੇ ਮੈਂਬਰ, ਵੱਖ ਵੱਖ ਭਾਈਚਾਰਿਆਂ ਵਿਚੋਂ ਆਏ ਹੋਏ ਹਨ। ਉਨ੍ਹਾਂ ਦਾਵੱਖੋ ਵੱਖਰਾਪਿਛੋਕੜ ਹੋਣ ਕਾਰਨ ਪ੍ਰੋਗਰਾਮ ਵੀ ਵਭਿਨਤਾ ਵਿਚੋਂ ਇਕਜੁੱਟਤਾ ਦਰਸਾਉਂਦਾ ਰਿਹਾ।

ਪ੍ਰੋਗਰਾਮ ਦੇ ਸੁਰੂ ਵਿਚ ਕਲੱਬ ਦੇ ਜਨਰਲ ਸਕੱਤਰ ਤਰਲੋਚਨ ਸਿੰਘ ਬਡਵਾਲ ਨੇ ਕਲੱਬ ਵਲੋਂਆਲੇ ਦੁਆਲੇ ਨੂੰ ਹੋਰ ਚੰਗੇਰਾ ਬਣਾਉਣ ਅਤੇ ਪਾਰਕ ਵਿਚ ਹੋਰ ਬਿਹਤਰ ਸਹੂਲਤਾਂ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਕਲੱਬ ਦੀ ਕਾਰਜਕਰਨੀ, ਸਰਕਾਰ ਵਲੋਂ ਸੀਨੀਅਰਜ਼ ਨੂੰ ਕ੍ਰਿਆਸ਼ੀਲ ਰੱਖਣ ਲਈ ਦਿੱਤੀ ਜਾਂਦੀ ਵਿਤੀ ਸਹਾਇਤਾ ਲੈਣ ਵਿਚ ਕਾਮਯਾਬ ਰਹੀ ਹੈ ਅਤੇ ਉਸੇ ਸਹਾਇਤਾ ਨਾਲ ਕਨੇਡਾ ਡੇ ਵੀ ਵਧੀਆ ਤਰੀਕੇ ਨਾਲ ਮਨਾਇਆ ਜਾਵੇਗਾ। ਮੀਤ ਪ੍ਰਧਾਨ ਮਿਸਟਰ ਜੇ ਨੇ ਇਸ ਮਹੀਨੇ ਬਰੈਂਪਟਨ ਸਿਟੀ ਕੌਂਸਲ ਦੇ ਮੈਂਬਰਾਂ ਨਾਲ ਹੋਈ ਮੀਟਿੰਗ ਵਿਚ ਕੀਤੇ ਫੈਸਲਿਆਂ ਬਾਰੇ ਦੱਸਿਆ। ਪ੍ਰਧਾਨ ਡਾ ਬਲਜਿੰਦਰ ਸੇਖੋਂ ਨੇ ਅਪਣੇ ਵਿਚਾਰ ਰੱਖਦਿਆਂ ਕਿਹਾ ਕਿ ਬੇਸ਼ੱਕ ਸਾਇੰਸ ਤੇ ਧਾਰਮਿਕ ਧਾਰਨਾਵਾਂ ਬਹੁੱਤ ਵਖਰੇਵੇਂ ਵਾਲੀਆਂ ਹਨ, ਪਰ ਇੱਕ ਗੱਲ ਤੇ ਇੱਕੋ ਵਿਚਾਰ ਰਖਦੀਆਂ ਹਨ ਕਿ ਮਨੁੱਖ ਨੂੰ ਘੁਮੰਡ ਨਹੀਂ ਕਰਨਾ ਚਾਹੀਦਾ, ਧਰਮ ਤਾਂ ਅਪਣੇ ਗ੍ਰੰਥਾਂ ਵਿਚ ਇਹ ਕਹਿੰਦੇ ਹੀ ਹਨ ਪਰ ਸਾਇੰਸ ਮੁਤਾਬਿਕ ਇਸ ਐਡੇ ਵੱਡੇ ਬ੍ਰਿਹਮੰਡ ਵਿਚ ਇੱਕ ਮਨੁੱਖ ਦੀ ਕੋਈ ਵੱਡੀ ਹੋਂਦ ਜਾਂ ਮਹੱਤਤਾ ਨਹੀਂ, ਧਰਤੀ ਦੇ ਇਤਿਹਾਸ ਵਿਚ ਵੀ ਜਿਸ ਨੂੰ ਬਣੇ ਸਾਢੇ ਚਾਰ ਅਰਬ ਸਾਲ ਹੋ ਚੁੱਕੇ ਹਨ ਅਤੇ ਹੋਰ ਸਾਢੇ ਚਾਰ ਸਾਲ ਰਹਿਣ ਦੀ ਸੰਭਾਵਨਾ ਹੈ, ਇੱਕ ਆਮ ਮਨੁੱਖ ਦੇ 50-100 ਸਾਲ ਕੋਈ ਵੱਡਾ ਅਰਥ ਨਹੀਂ ਰਖਦੇ। ਪ੍ਰੋਗਰਾਮ ਵਿਚ ਕਈ ਮੈਂਬਰਾਂ ਨੇ ਸੁਰੀਲੀਆਂ ਆਵਾਜ਼ਾਂ ਵਿਚ ਗੀਤ ਗਾ ਕੇ ਸਭ ਦਾ ਮੰਨੋਰਮਜਨ ਕੀਤਾ। ਅਖੀਰ ਵਿਚ ਕੁਰਸੀ ਦੌੜ ਕਰਵਾਈ ਗਈ, ਜਿਸ ਵਿਚ ਵੱਡੀ ਗਿਣਤੀ ਵਿਚ ਮੈਂਬਰਾਂ ਨੇ ਹਿੱਸਾ ਲਿਆ ਇਸ ਵਿਚ ਮਰਦਾਂ ਵਿਚ ਵਿਨੋਦ ਕਪੋਈ ਪਹਿਲੇ ਅਤੇ ਡੀ ਐਸ ਵਾਲੀਆ ਦੂਜੇ ਸਥਾਨ ਤੇ ਰਹੇ, ਔਰਤਾਂ ਵਿਚ ਅਦੱਰਸ਼ ਜੈਨ ਪਹਿਲੇ ਅਤੇ ਗੁਰਮੀਤ ਕੌਰ ਫੋਰਮੀ ਦੂਜੇ ਸਥਾਨ ਤੇ ਰਹੀਆਂ। ਸੁਖਵਿੰਦਰ ਜੀਤ ਨੇ ਪ੍ਰੋਗਰਾਮ ਦਾ ਬਹੁਤ ਵਧੀਆ ਸੰਚਾਲਨ ਕੀਤਾ ਅਤੇ ਆਪ ਵੀ ਇੱਕ ਚੰਗਾ ਗੀਤ ਗਾਇਆ। ਪ੍ਰੋਗਰਾਮ ਵਿਚ ਖਾਣ ਪੀਣ ਦਾ ਚੰਗਾ ਪ੍ਰਬੰਧ ਕੀਤਾ ਗਿਆ ਸੀ। ਕਲੱਬ ਬਾਰੇ ਹੋਰ ਜਾਣਕਾਰੀ ਲਈ ਤਰਲੋਚਨ ਸਿੰਘ ਬਡਵਾਲ (647 960 9841) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸੀਨੀਅਰ ਐਸੋਸੀਏਸ਼ਨ ਮਾਲਟਨ ਦੀ ਜਨਰਲ ਬਾਡੀ ਮੀਟਿੰਗ ਦਾ ਆਯੋਜਨ, ਸੁਖਦੇਵ ਸਿੰਘ ਬੇਦੀ ਬਣੇ ਪ੍ਰਧਾਨ



ਸੀਨੀਅਰ ਐਸੋਸੀਏਸ਼ਨ ਮਾਲਟਨ ਵੱਲੋਂ ਜਨਰਲ ਬਾਡੀ ਮੀਟਿੰਗ ਮਈ 10 ਨੂੰ ਬੁਲਾਈ ਗਈ। ਇਸ ਵਿੱਚ ਸਰਬਸੰਮਤੀ ਨਾਲ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਪ੍ਰਧਾਨ ਸੁਖਦੇਵ ਸਿੰਘ ਬੇਦੀ, ਵਾਈਸ ਪ੍ਰਧਾਨ ਦਰਸ਼ਨ ਸਿੰਘ, ਜਰਨਲ ਸੈਕਟਰੀ ਮਹਿੰਦਰਪਾਲ ਕਪੂਰ ਅਤੇ ਖਜ਼ਾਨਚੀ ਸਰਦੂਲ ਸਿੰਘ ਗਿੱਲ ਹੋਣਗੇ। ਇਸ ਦੇ ਨਾਲ ਪੰਜ ਡਾਇਰੈਕਟਰ ਜਰਨੈਲ ਸਿੰਘ ਉਪਲ, ਜਗਜੀਤ ਸਿੰਘ ਦਿਓਲ ਰਾਮਸਰਨ ਢੀਂਗਰਾ, ਸੁਰਜੀਤ ਸਿੰਘ ਅਤੇ ਸੁਖਵੰਤ ਸਿੰਘ ਰੰਧਾਵਾ ਹੋਣਗੇ। ਇਸ ਦੇ ਨਾਲ ਇਹ ਵੀ ਪਾਸ ਕੀਤਾ ਗਿਆ ਪਿਆਰਾ ਸਿੰਘ ਪੰਨੂ ਕਮੇਟੀ ਦੇ ਐਡਵਾਈਜ਼ਰ ਹੋਣਗੇ ਅਤੇ ਸੁਖਦੇਵ ਸਿੰਘ ਭੱਠਲ ਆਡੀਟਰ ਹੋਣਗੇ। ਸਰਬਸੰਮਤੀ ਨਾਲ ਸਾਰਾ ਪ੍ਰੋਗਰਾਮ ਨੇਪਰੇ ਚੜ੍ਹਿਆ। ਇਸ ਦੀ ਬੜੀ ਪ੍ਰਸੰਸਾ ਕੀਤੀ ਕਿ ਅਤੇ ਆਸ ਪ੍ਰਗਟਾਈ ਗਈ ਇਸੇ ਤਰ੍ਹਾਂ ਮਿਲਵਰਤਨ ਜਾਰੀ ਰਹੇਗਾ।

# ਕੈਮਬ੍ਰਿਜ ਗੁਰਦੁਆਰਾ ਵਿਖ਼ੇ ਸ਼ਹੀਦੀ ਪੁਰਬ ਸਬੰਧੀ ਸਮਾਗਮ ਕਰਵਾਏ







ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਬਰਿਜ਼ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਇਆ ਗਿਆ ਜਿਸ ਦੌਰਾਨ 3 ਜੂਨ ਨੂੰ ਅਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਜੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ, ਭਾਈ ਰਣਜੀਤ ਸਿੰਘ, ਦੇ ਜਥੇ ਨੇ ਸੰਗਤਾ ਕੀਰਤਨ ਰਾਹੀਂ ਗੁਰੂ ਚਰਨਾਂ ਵਿਚ ਜੋੜਿਆ /ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਜੈਦੀਪ ਸਿੰਘ ਫਗਵਾੜਾ ਵਾਲਿਆਂ ਨੇ ਗੁਰੂ ਅਰਜੁਨ ਦੇਵ ਜੀ ਦੇ ਜੀਵਨ ਇਤਿਹਾਸ ਨਾਲ ਸੰਗਤਾਂ ਨੂੰ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਸਤਿਗੁਰ ਜੀ ਦਾ ਜੀਵਨ ਸਾਨੂੰ ਇਸ ਗਲ ਦੀ ਪ੍ਰੇਣਾ ਦਿੰਦਾ ਹੈ ਕਿ ਸੁਖੁ ਅਤੇ ਦੁਖੁ ਵਿਚ ਮਾਲਕ ਦੇ ਨਾਲ ਜੁੜੇ ਰਹਿਣਾ ਹੈ ਗੁਰੂ ਸਾਹਿਬ ਜੀ ਵੀ ਚਾਹੇ ਤਖਤ ਤੇ ਸਨ ਚਾਹੇ ਤਤੀ ਤਵੀ ਤੇ, ਸੀਸ ਤੇ ਚਾਹੇ ਚੰਦੋਆਂ ਝੁਲਦਾ ਸੀ ਚਾਹੇ ਤਤੀ ਰੇਤਾ ਪਾਈ ਗਈ ਹਜੂਰ ਨੇ ਕੇਵਲ ਨਾਂਮ ਦੀ ਮੰਗ ਪਰਮਾਤਮਾ ਪਾਸੋਂ ਕੀਤੀ/ਰਾਜਪਾਲ ਸਿੰਘ ਨੇ ਕਵਿਤਾ ਰਾਹੀਂ ਹਾਜ਼ਰੀ ਭਰੀ ਦੀਵਾਨ ਦੀ ਸਮਾਪਤੀ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੁਖਵਿੰਦਰ ਸਿੰਘ ਜੀ ਚਾਹਲ ਨੇ ਸੰਗਤਾਂ ਨੂੰ ਗੁਰੂ ਜੀ ਦੇ ਉਪਦੇਸ਼ਾ ਨਾਲ ਜੁੜਨ ਲਈ ਕਿਹਾ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ ਗੁਰੂ ਕਾ ਲੰਗਰ ਅਟੁੱਟ ਵਰਤਿਆ।

# ਕੈਂਸਰ ਦੇ ਇਲਾਜ ਵਿੱਚ ਡਾਕਟਰਾਂ ਨੂੰ ਸਫਲਤਾ,ਟੈਸਟਿੰਗ ਦੌਰਾਨ 12 ਮਰੀਜ਼ਾਂ ਦੇ ਟਿਊਮਰ ਗਾਇਬ

ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਅਮਰੀਕਾ ਵਿੱਚ ਜਾਰੀ ਮੈਡੀਕਲ ਟੈਸਟਿੰਗ ਨੂੰ ਮਾਹਰਾਂ ਨੇ ਆਸ ਦੀ ਇੱਕਵੱਡੀ ਕਿਰਨ ਮੰਨਿਆ ਹੈ, ਕਿਉਂਕਿ ਛੇ ਮਹੀਨੇ ਐਂਟੀ ਬਾਡੀ ਦਵਾਈ ਲੈਣ ਪਿੱਛੋਂ ਰੈਕਟਲ ਕੈਂਸਰ ਦੇ 12 ਮਰੀਜ਼ਾਂ ਦੇ ਗਰੁੱਪ ਵਿੱਚ ਟਿਊਮਰ ਦੇ ਕੋਈ ਲੱਛਣ ਦਿਖਾਈ ਨਹੀਂ ਦਿੱਤੇ। ਨਿਊ ਇੰਗਲੈਂਡ ਜਰਨਲ ਆਫ ਮੈਡੀਸਨ ਵਿੱਚ ਛਪੇ ਖੋਜ ਪੱਤਰ ਮੁਤਾਬਕਟੈਸਟਿੰਗ ਦਾ ਹਿੱਸਾ ਬਣੇ ਮਰੀਜ਼ਾਂ ਦੇ ਟਿਊਮਰ ਪੂਰੀ ਤਰ੍ਹਾਂ ਗਾਇਬ ਹੋਣ ਦੇ ਨਾਲ ਉਨ੍ਹਾਂ ਵਿੱਚੋਂ ਕਿਸੇ ਨੇ ਕੋਈ ਗੰਭੀਰ ਸਾਈਡ ਇਫੈਕਟ ਵੀ ਨਾ ਹੋਣ ਦੀ ਗੱਲ ਕਹੀ ਹੈ। ਮਰੀਜ਼ਾਂ ਦੇ ਸਰੀਰਕ, ਐਂਡੋਸਕੋਪੀ, ਬਾਇਓਸਕੋਪੀ, ਪੀ ਈ ਟੀ ਸਕੈਨ ਅਤੇ ਐਮ ਆਰ ਆਈ ਸਕੈਨ ਹੋਏ, ਪਰ ਕਿਸੇ ਵੀ ਰਿਪੋਰਟ ਵਿੱਚ ਟਿਊਮਰ ਨਹੀਂ ਦਿਸਿਆ।




ਇਸ ਦੌਰਾਨ ਸੀਰਮ ਇੰਸਟੀਚਿਊਟ ਆਫ ਇੰਡੀਆ (ਐੱਸ ਈ ਆਈ) ਨੇ ਬੱਚੇਦਾਨੀ ਦੇ ਕੈਂਸਰ ਦਾ ਇਲਾਜਲਈ ਭਾਰਤ ਵਿੱਚ ਬਣਾਈ ਪਹਿਲੀ ਕੁਆਰਡੀਵੈਲੇਂਟ ਹਿਊਮਨ ਪਾਪਿਲੋਮਾਵਾਇਰਸ ਵੈਕਸੀਨ (ਕਿਊ ਐਚ ਪੀ ਵੀ) ਲਈ ਡਰੱਗ ਕੰਟਰੋਲਰ ਜਨਰਲ ਆਫ ਇੰਡੀਆ (ਡੀ ਸੀ ਜੀ ਆਈ) ਨੂੰ ਅਰਜ਼ੀ ਦਿੱਤੀ ਹੈ। ਪੁਣੇ ਦੀ ਇਸ ਕੰਪਨੀ ਨੇ ਬਾਇਓਤਕਨਾਲੋਜੀ ਵਿਭਾਗ ਦੀ ਮਦਦ ਨਾਲ ਦੋ-ਤਿੰਨ ਪੜਾਅ ਦੀ ਕਲੀਨੀਕਲ ਟੈਸਟਿੰਗਪੂਰੀ ਕਰਨ ਪਿੱਛੋਂਅਰਜ਼ੀ ਦਿੱਤੀ ਹੈ ਤਾਂ ਜੋ ਦੇਸ਼ ਵਿੱਚ ਇਹ ਛੇਤੀ ਤੋਂ ਛੇਤੀ ਲੋਕਾਂ ਨੂੰ ਦਿੱਤੀ ਜਾ ਸਕੇ। ਐਸ ਈ ਆਈ ਦੇ ਸਰਕਾਰੀ ਅਤੇ ਰੈਗੂਲੇਟਰ ਮਾਮਲਿਆਂ ਦੇ ਡਾਇਰੈਕਟਰ ਪ੍ਰਕਾਸ਼ ਸਿੰਘ ਨੇ ਇਸ ਅਰਜ਼ੀ ਵਿੱਚ ਕਿਹਾ ਹੈ ਕਿ ਵੈਕਸੀਨ ਸਿਰਵਾਵੈਕ ਵਿੱਚ ਐਂਟੀ ਬਾਡੀ ਦਾ ਜ਼ਬਰਦਸਤ ਅਸਰ ਦੇਖਣ ਨੂੰ ਮਿਲਿਆ ਹੈ। ਜਾਣਕਾਰ ਸੂਤਰਾਂ ਮੁਤਾਬਕ ਐਸ ਆਈ ਆਈ ਨੇ ਡਾਕਟਰ ਐਨ ਕੇ ਅਰੋੜਾ ਦੀ ਚੇਅਰਮੈਨੀ ਹੇਠ ਐਚ ਪੀ ਵੀ ਦੇ ਵਰਕਿੰਗ ਗਰੁੱਪ ਕੋਲ ਇਸ ਦੀ ਪੇਸ਼ਕਾਰੀ ਵੀ ਦਿੱਤੀ ਹੈ। ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਹਰ ਸਾਲ ਬੱਚੇਦਾਨੀ ਅਤੇ ਹੋਰ ਤਰ੍ਹਾਂ ਦੇਕੈਂਸਰ ਤੋਂ ਲੱਖਾਂ ਔਰਤਾਂ ਪੀੜਤ ਮਿਲਦੀਆਂ ਹਨ ਅਤੇ ਮੌਤ ਦਾ ਅਨੁਪਾਤ ਬਹੁਤ ਵੱਧ ਹੈ। ਭਾਰਤ ਵਿੱਚ 15 ਤੋਂ 44 ਸਾਲ ਦੀਆਂ ਔਰਤਾਂ ਵਿੱਚ ਬੱਚੇਦਾਨੀ ਦਾ ਕੈਂਸਰ ਦੂਜਾ ਸਭ ਤੋਂ ਆਮ ਕੈਂਸਰ ਹੈ। ਉਨ੍ਹਾਂ ਕਿਹਾ ਹੈ ਕਿ ਹੋਰ ਜੀਵਨ ਰੱਖਿਅਕ ਵੈਕਸੀਨਾਂ ਵਾਂਗ ਉਹ ਦੇਸ਼ ਨੂੰ ਆਤਮ ਨਿਰਭਰ ਬਣਾਉਣ ਲਈ ਵਚਨਬੱਧ ਹਨ, ਜਿਸ ਕਰ ਕੇ ਪਹਿਲੀ ਦੇਸੀ ਜੀਵਨ ਰੱਖਿਅਕ ਕਿਊ ਐਚ ਪੀ ਵੀ ਵੈਕਸੀਨ ਬਣਾਈ ਗਈ ਹੈ।

# ਪਾਕਿ ਵਿੱਚ ਬਿਜਲੀ ਸੰਕਟ ਕਾਰਨ ਰਾਤ 10 ਵਜੇ ਪਿੱਛੋਂ ਵਿਆਹ ਕਰਨ ਉੱਤੇ ਰੋਕ

ਇਸਲਾਮਾਬਾਦ, 9 ਜੂਨ (ਪੋਸਟ ਬਿਊਰੋ)- ਬਿਜਲੀ ਦੀ ਘਾਟ ਅਤੇ ਵਧਦੇ ਬਿਜਲੀ ਕੱਟਾਂ ਦੌਰਾਨ ਪਾਕਿਸਤਾਨ ਸਰਕਾਰ ਨੇ ਨਵੇਂ ਨਿਯਮ ਮੁਤਾਬਕ ਰਾਤ 10 ਵਜੇ ਤੋਂ ਬਾਅਦ ਵਿਆਹ ਦੇ ਸਮਾਗਮ ਕਰਨ ਉੱਤੇ ਪਾਬੰਦੀ ਲਾ ਦਿੱਤੀ ਹੈ। ਇਹ ਪਾਬੰਦੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੇ ਹੁਕਮਾਂ ਉੱਤੇ ਲਾਗੂ ਕੀਤੀ ਗਈ ਹੈ।

ਇਸ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਸਮਾਰੋਹਾਂ ਵਿੱਚ ਵਰਤਾਏ ਜਾਂਦੇ ਪਕਵਾਨਾਂ ਦੀ ਗਿਣਤੀ ਨੂੰ ਘਟਾਉਣ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਮਹਿਮਾਨਾਂ ਨੂੰ ਸਿਰਫ਼ ਇੱਕ ਪਕਵਾਨ ਪਰੋਸਿਆ ਜਾਵੇਗਾ, ਇਸ ਸਬੰਧ ਵਿੱਚ ਜਲਦੀ ਹੀ ਇੱਕ ਨੋਟੀਫ਼ਿਕੇਸ਼ਨ ਜਾਰੀ ਕੀਤਾ ਜਾਵੇਗਾ।ਜੀਓ ਟੀ ਵੀ ਦੀ ਰਿਪੋਰਟ ਮੁਤਾਬਕ ਇਸਲਾਮਾਬਾਦ ਪੁਲਸ ਅਤੇ ਸ਼ਹਿਰ ਪ੍ਰਸ਼ਾਸਨ ਨੂੰ ਇਸ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਹੁਕਮ ਦਿੱਤੇ ਗਏ ਹਨ ਅਤੇ ਕਿਸੇ ਵੀ ਉਲੰਘਣਾ ਦੀ ਸਥਿਤੀ ਵਿੱਚ ਪ੍ਰਸ਼ਾਸਨ ਨੂੰ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ। ਇਹ ਆਦੇਸ਼ ਦੇਸ਼ ਵਿੱਚ ਬਿਜਲੀ ਦੀ ਕਮੀ ਬਾਰੇ ਕੇਂਦਰੀ ਸਰਕਾਰ



ਵਿਰੁੱਧ ਚੱਲਦੇ ਹੋਏ ਪ੍ਰਦਰਸ਼ਨਾਂ ਦੌਰਾਨ ਆਇਆ ਹੈ। ਪਾਕਿਸਤਾਨ ਸਰਕਾਰ ਨੇ ਪਿੱਛੇ ਜਿਹੇ ਬਿਜਲੀ ਦਰਾਂ ਵਿੱਚ ਵਾਧਾ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ ਲੋਕਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਜਨਤਾ ਜੋ ਵਧਦੀ ਮਹਿੰਗਾਈ ਅਤੇ ਵਿਗੜਦੀ ਆਰਥਿਕਤਾ ਦੇ ਬੋਝ ਹੇਠ ਦੱਬੀ ਹੋਈ ਹੈ, ਬਿਜਲੀ ਦੀਆਂ ਬੁਨਿਆਦੀ ਦਰਾਂ ਵਿੱਚ 7.9 ਰੁਪਏ ਪ੍ਰਤੀ ਯੂਨਿਟ ਦੇ ਵਾਧੇ ਨਾਲ ਪ੍ਰੇਸ਼ਾਨ ਹੈ।ਰਿਪੋਰਟ ਮੁਤਾ-ਬਕ ਇਸ ਸਮੇਮੂਲ ਬਿਜਲੀ ਦਰਾਂ 16.91 ਰੁਪਏ ਪ੍ਰਤੀ ਯੂਨਿਟ ਹਨ ਅਤੇ 7.9 ਰੁਪਏ ਪ੍ਰਤੀ ਯੂਨਿਟ ਵਾਧੇ ਨਾਲ, ਇਹ 24 ਰੁਪਏ ਪ੍ਰਤੀ ਯੂਨਿਟ ਤੋਂ ਵਧ ਜਾਣਗੀਆਂ।

ਏਰੀ ਨਿਊਜ਼ ਦੇ ਰਿਪੋਰਟਰ ਨੇ ਦੱਸਿਆ ਕਿ ਇੱਕ ਹਫ਼ਤਾ ਪਹਿਲਾਂ ਇਹ ਕਿਹਾ ਗਿਆ ਸੀ ਕਿ ਪਾਕਿ-ਸਤਾਨ ਇੱਕ ਗੰਭੀਰ ਬਿਜਲੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਦੇ ਨਤੀਜੇ ਵਜੋਂ 6,500 ਮੈਗਾਵਾਟ ਬਿਜਲੀ ਦੀ ਘਾਟ ਹੈ, ਜਿਸ ਨਾਲ 12 ਘੰਟਿਆਂ ਤਕ ਲੰਬੀ ਲੋਡ ਸ਼ੈਡਿੰਗ ਹੁੰਦੀ ਹੈ। 26,000 ਮੈਗਾਵਾਟ ਦੀ ਮੰਗ ਦੇ ਵਿਰੁੱਧ ਦੇਸ਼ ਵਿੱਚ ਬਿਜਲੀ ਦੀ ਸਪਲਾਈ 19,500 ਮੈਗਾਵਾਟ ਰਹੀ।ਪਾਕਿਸਤਾਨ ਦੇ ਪੇਂਡੂ ਖੇਤਰਾਂ ਵਿੱਚ 12 ਘੰਟੇ ਤਕ ਬਿਜਲੀ ਕੱਟ ਲੱਗਦੇ ਹਨ। ਇਸ ਤੋਂ ਇਲਾਵਾ ਲਾਹੌਰ ਇਲੈਕਟ੍ਰਿਕ ਸਪਲਾਈ ਕੰਪਨੀ (ਲੇਸਕੋ) ਦੀ ਬਿਜਲੀ ਦੀ ਘਾਟ 800 ਮੈਗਾਵਾਟ ਤਕ ਪਹੁੰਚ ਗਈ ਹੈ। ਭਾਵੇਂ ਬਿਜਲੀ ਦੀ ਮੰਗ 4,800 ਮੈਗਾਵਾਟ ਅਤੇ ਸਪਲਾਈ 4,000 ਮੈਗਾਵਾਟ ਹੈ। ਈਂਧਨ ਦੀ ਕਮੀ ਅਤੇ ਹੋਰ ਤਕਨੀਕੀ ਖ਼ਰਾਬੀਆਂ ਕਾਰਨ ਪਾਵਰ ਪਲਾਂਟ ਬੰਦ ਹੋਣ ਕਾਰਨ ਵੀ ਬਿਜਲੀ ਦੀ ਕਮੀ ਹੋਈ ਹੈ, ਜਿਸ ਕਾਰਨ ਬਿਜਲੀ ਬੰਦ ਹੋ ਗਈ ਹੈ। ਕੁਝ ਪਾਵਰ ਪਲਾਂਟਾਂ ਨੂੰ ਵੀ ਬੰਦ ਹੋਣ ਤੋਂ ਬਾਅਦ ਸਮਰਥਾ ਅਨੁਸਾਰ ਭੁਗਤਾਨ ਪ੍ਰਾਪਤ ਹੋਏ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

**CLASSIFIEDS**

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





**Matrimonial**
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ





## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੌਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

**647-927-2049**

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



You can Place Your Business Here (905)793-2202
To Reach Wider Audience
For more info Call 905-793-2202 or e-mail ads@punjabipost.ca


## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਲੇਡੀ ਇੰਸਟਰਕਟਰ

647-998-7500 ਬਲਵਿੰਦਰ

# ਅਨੰਦ ਮੈਰਿਜ ਐਕਟ ਦੀ ਨਿਗੂਣੀ ਸੋਧ ਦਾ ਇਤਿਹਾਸਕ ਪੱਖ



ਡਾ. ਦਲਜੀਤ ਸਿੰਘ
ਸਾਬਕਾ: ਪ੍ਰੋਫੈਸਰ ਆਫ ਲਾਅ ਤੇ ਪ੍ਰਿੰਸੀਪਲ, ਖਾਲਸਾ ਕਾਲਜ, ਅੰਮ੍ਰਿਤਸਰ

ਸਿੱਖ ਉਹ ਕੌਮ ਹੈ, ਜਿਸ ਨੂੰ ਇਤਿਹਾਸ ਵਿੱਚ ਕਦੇ ਵੀ ਜਿਸਮਾਨੀ ਤਾਕਤ ਨਾਲ ਨਹੀਂ ਜਿੱਤਿਆ ਜਾ ਸਕਿਆ।ਅੰਗਰੇਜਾਂ ਤੋਂ ਲੈ ਕੇ ਮੁਸਲਮਾਨ ਰਾਜਿਆਂ ਤੱਕ ਇਹ ਸਾਬਿਤ ਹੋ ਚੁੱਕਾ ਹੈ 'ਕ ਸਿੱਖਾਂ ਨੂੰ ਸਿੱਧੀ ਟੱਕਰ ਲੈ ਕੇ ਨਹੀਂ ਹਰਾਇਆ ਜਾ ਸਕਦਾ। ਪੁਰਾਣੀਆਂ ਉਦਾਹਰਣਾ ਛੱਡ ਕੇ ਅਸੀ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਕਿਸਾਨ ਅੰਦੋਲਨ ਇਸ ਸਬੰਧ ਵਿੱਚ ਵਾਚਿਆ ਜਾ ਸਕਦਾ ਹੈ।

ਪਰ ਦੂਜੇ ਪਾਸੇ ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਸਿੱਖਾਂ ਨੂੰ ਮਾਰ ਪਈ ਹੈ, ਤਾਂ ਉਹ ਆਪਣਿਆ ਤੋਂ ਹੀ ਪਈ ਹੈ। ਆਪਣਿਆ, ਉਨ੍ਹਾਂ ਤੋਂ ਪਈ ਹੈ ਜੋ ਆਪਣੇ ਸੁਆਰਥੀ ਮਤਲਬ ਲਈ ਕੌਮ ਨਾਲ ਗਦਾਰੀ ਕਰਦੇ ਰਹੇ। ਸਿੱਖੀ ਦੇ ਭੇਖ ਵਿਚ ਇਹ ਲਾਲਚੀ, ਚਾਪਲੂਸ, ਸੁਆਰਥੀ ਕੁਰਸੀਆਂ ਅਤੇ ਸੋਹਰਤ ਦੇ ਭੁੱਖੇ, ਜਮੀਰ ਵੇਚਨ ਵਾਲੇ ਹਮੇਸਾਂ ਰਹੇ ਹਨ ਅਤੇ ਅਜੇ ਵੀ ਹਨ।ਸਿੱਖ ਕੌਮ ਨੂੰ ਖਤਰਾ ਕਿਸੇ ਦੁਸਮਣ ਤੋਂ ਨਹੀਂ, ਇਨ੍ਹਾਂ ਵਰਗੇ ਸੁਆਰਥੀਆਂ ਤੋਂ ਹੈ ਜਿਨਾਂ ਸਿੱਖ ਕੌਮ ਦੇ ਦੁਸ਼ਮਣਾ ਦੀ ਕਠਪੁਤਲੀ ਬਣ ਕੇ ਅਹੁਦੇ ਅਤੇ ਸਨਮਾਨ ਪ੍ਰਾਪਤ ਕੀਤੇ ਅਤੇ ਕਰ ਰਹੇ ਹਨ।ਅਸਲੀਅਤ ਇਹ ਹੈ ਕਿ ਸਿੱਖ ਕੌਮ ਦਾ ਦੁਸਮਣ ਉਹ ਕੱਟੜਵਾਦੀ ਸਮੂਹ ਹੈ, ਜੋ ਬਹੁਤ ਸ਼ਾਤਰ ਦਿਮਾਗ ਨਾਲ ਸਿੱਖੀ ਦਾ ਘਾਣ ਕਰਨਾ ਚਾਹੁੰਦਾ ਹੈ। ਇਨ੍ਹਾਂ ਵਿੱਚੋਂ ਦਿੱਲੀ ਵਿੱਚ ਬੈਠੇ ਕੁਝ ਕੁ ਸਿੱਖੀ ਭੇਖ ਵਿੱਚ ਸਿੱਖ ਨੇਤਾਵਾਂ ਨੂੰ ਦਿਮਾਗੀ ਲੜਾਈ ਵਿਚ ਵਰਤਿਆ ਗਿਆ ਹੈ ਤੇ ਹੁਣ ਵੀ ਵਰਤੇ ਜਾ ਰਹੇ ਹਨ।

ਮੈਂ ਅਜੇਹੇ ਕੁਝ ਲੋਕਾਂ ਦੇ ਸਿੱਖ ਵਿਰੋਧੀ ਕਾਰਨਾਮਿਆਂ ਬਾਰੇ ਸਿੱਖ ਪੰਥ ਨੂੰ ਸਮੇਂ ਸਮੇਂ ਸੁਚੇਤ ਕਰਨ ਦਾ ਯਤਨ ਕਰਦਾ ਰਿਹਾ ਹਾਂ, ਭਾਵੇਂ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਹੋਵੇ, ਅਨੰਦ ਮੈਰਿਜ ਐਕਟ,2009 ਵਿਚ ਕੀਤੀ 2012 ਦੀ ਨਿਗੂਣੀ ਜਿਹੀ ਸੋਧ ਹੋਵੇ, ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜਾ ਜਾਂ ਫਿਰ ਕਿਸਾਨੀ ਅੰਦੋਲਨ ਹੋਵੇ। ਅਨੰਦ ਮੈਰਿਜ ਐਕਟ, 1909 ਵਿਚ ਕੀਤੀ ਨਿਗੂਣੀ ਜਿਹੀ ਸੋਧ ਦੇ ਅਸਲ ਸੱਚ ਨੂੰ ਛੁਪਾ ਕੇ ਹੁਣ ਤੱਕ ਸਿੱਖਾਂ ਦੇ ਅਖੌਤੀ ਹਿਤੈਸ਼ੀਆਂ ਵੱਲੋਂ ਗੁਮਰਾਹ ਕਰਨ ਦੇ ਬਹੁਤ ਉਪਰਾਲੇ ਕੀਤੇ ਗਏ ਅਤੇ ਹੁਣ ਵੀ ਹੋ ਰਹੇ ਹਨ। ਅੱਜ ਦੇ ਇਸ ਲੇਖ ਵਿੱਚ ਮੈਂ ਸਿਰਫ ਅਨੰਦ ਮੈਰਿਜ ਐਕਟ, 1909 ਵਿੱਚ ਹੋਈ 2012 ਵਿਚ ਸੋਧ ਦੇ ਇਤਿਹਾਸ ਬਾਰੇ, ਜਿਸ ਬਾਰੇ ਪਿਛਲੇ ਢੇਡ ਦਹਾਕੇ ਤੋਂ ਸਿੱਖ ਪੰਥ ਨੂੰ ਗੁਮਰਾਹ ਕਰਨ ਵਿੱਚ ਕੁਝ ਲੋਕਾਂ ਨੇ ਕੋਈ ਕਸਰ ਨਹੀਂ ਛੱਡੀ, ਦਾ ਸੱਚ ਲਿਖ ਰਿਹਾਂ ਹਾਂ। ਅਸਲੀਅਤ ਇਹ ਹੈ ਕਿ 1909 ਵਿੱਚ ਪਾਸ ਹੋਏ ਅਨੰਦ ਮੈਰਿਜ ਐਕਟ ਨਾਲ ਜੋ ਸਿੱਖਾਂ ਦੀ ਸੁਤੰਤਰ ਪਹਿਚਾਣ ਬਣੀ ਸੀ, 2012 ਵਿਚ ਇਸ ਐਕਟ ਵਿੱਚ ਕੀਤੀ ਸੋਧ ਨਾਲ ਉਸ ਨੂੰ ਬਹੁਤ ਵੱਡੀ ਢਾਹ ਲੱਗੀ ਹੈ। ਉਹ ਸਿੱਖ ਬੁਧੀਜੀਵੀ, ਜਿਨ੍ਹਾਂ ਨੂੰ ਕਾਨੂੰਨ ਦੀ ਸਮਝ ਵੀ ਹੈ ਅਤੇ ਸਿੱਖੀ ਦਾ ਸੱਚੇ ਦਿਲੋਂ ਹੇਜ ਵੀ, ਜਿਵੇਂ ਕਿ ਸ. ਗੁਰਤੇਜ ਸਿੰਘ, ਸਾਬਕਾ ਆਈ.ਏ.ਐਸ. ਜਿਨ੍ਹਾਂ ਨੇ ਸਿੱਖੀ ਲਈ ਆਪਣੇ ਆਹੁਦੇ ਤੋਂ ਅਸਤੀਫਾ ਦਿੱਤਾ ਸੀ, ਸ. ਹਰਦੀਪ ਸਿੰਘ, ਮੈਂਬਰ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਪ੍ਰੋ. ਜਗਮੋਹਨ ਸਿੰਘ, ਹਿਊਮਨਰਾਈਟਸ ਐਕਟੀਵਿਸਟ ਆਦਿ ਨੇ ਵੀ ਅਨੰਦ ਮੈਰਿਜ ਐਕਟ ਦੀ 2012 ਦੀ ਸੋਧ ਦਾ ਡਟ ਕੇ ਵਿਰੋਧ ਕੀਤਾ ਸੀ। ਅੱਜ ਦਾ ਇਹ ਲੇਖ ਲਿਖਣ ਲਈ ਮੈਂ ਇਸ ਕਰਕੇ ਮਜਬੂਰ ਹਾਂ ਕਿ ਜੇ ਇਸ ਅਸਲ ਸੱਚ ਤੋਂ ਪਾਸਾ ਪਰਤ ਕੇ ਖੁਦ ਨੂੰ ਸਿੱਖਾਂ ਤੇ ਸਿੱਖੀ ਦੇ ਹਿਤੈਸ਼ੀ ਵਜੋਂ ਪਾਰਲੀਮੈਂਟ ਤੱਕ ਹੂਕ ਪਹੁੰਚਾਉਣ ਦਾ ਦਾਅਵਾ ਕਰਨ ਵਾਲੇ ਅਖੌਤੀ ਲੋਕ ਤੱਥਾਂ ਨੂੰ ਤੋੜ ਮਰੋੜ ਕੇ ਸੱਚ ਬਣਾਉਣ ਵਿਚ ਸਫਲ ਹੋ ਗਏ ਤਾਂ ਅਸਲ ਇਤਿਹਾਸ ਕਦੇ ਸਾਹਮਣੇ ਨਹੀਂ ਆ ਸਕੇਗਾ।

ਜਲੰਧਰ ਸ਼ਹਿਰ ਤੋਂ ਪ੍ਰਕਾਸ਼ਿਤ ਹੁੰਦੇ ਇੱਕ ਪੰਜਾਬੀ ਅਖ਼ਬਾਰ ਵਿਚ ਸ. ਤਰਲੋਚਨ ਸਿੰਘ, ਸਾਬਕਾ ਮੈਂਬਰ ਰਾਜ ਸਭਾ ਵੱਲੋਂ 'ਅਨੰਦ ਮੈਰਿਜ ਐਕਟ ਦਾ ਇਤਿਹਾਸ' ਸਿਰਲੇਖ ਤਹਿਤ ਮੇਰੇ ਬਾਰੇ ਅਤੇ ਸ. ਸੱਤਿਆਜੀਤ ਸਿੰਘ ਮਜੀਠੀਆ, ਪ੍ਰਧਾਨ, ਖ਼ਾਲਸਾ ਕਾਲਜ ਅੰਮ੍ਰਿਤਸਰ ਬਾਰੇ ਲਿਖਿਆ ਕਿ ਇਨ੍ਹਾਂ ਨੇ ਬਿੱਲ ਦਾ ਪੂਰਾ ਵਿਰੋਧ ਕੀਤਾ। ਮੈਂ ਇਸ ਗੱਲ ਨੂੰ ਸਵੀਕਾਰ ਕਰਦਾ ਹਾਂ ਕਿ ਮੈਂ 2012 ਵਿੱਚ ਅਨੰਦ ਮੈਰਿਜ ਐਕਟ ਦੀ ਹੋਈ ਸੋਧ ਦਾ ਵਿਰੋਧ ਕਰਦਾ ਰਿਹਾ ਹਾਂ। ਅਸਲ ਵਿਚ ਮੈਂ ਅਨੰਦ ਮੈਰਿਜ ਐਕਟ ਦੀ ਇਸ ਨਿਗੂਣੀ ਜਿਹੀ ਸੋਧ ਦੀ ਬਜਾਇ ਸੰਪੂਰਨ 'ਸਿੱਖ ਮੈਰਿਜ ਐਕਟ' ਬਣਾਉਣ ਦਾ ਹਾਮੀ ਰਿਹਾ ਹਾਂ, ਜਿਸ ਨਾਲ ਸਿੱਖਾ ਨੂੰ ਹਿੰਦੂ ਮੈਰਿਜ ਐਕਟ, 1955 ਦੇ ਘੇਰੇ ਵਿੱਚੋਂ ਬਾਹਰ ਕੱਢ ਕੇ ਭਾਰਤ ਵਿਚ ਆਪਣੀ ਵੱਖਰੀ ਪਹਿਚਾਣ ਵਾਲਾ 'ਸਿੱਖ ਵਿਆਹ ਐਕਟ' ਬਣਾਇਆ ਜਾਵੇ।

ਇਕ ਦਹਾਕੇ ਬਾਅਦ, ਇਹ ਜਾਣਦੇ ਹੋਏ ਵੀ ਕਿ 2012 ਵਿਚ ਅਨੰਦ ਮੈਰਿਜ ਐਕਟ, 1909 ਵਿੱਚ ਜੋ ਸੋਧ ਹੋਈ ਹੈ, ਉਸ ਨੇ ਸਿੱਖ ਕੌਮ ਦਾ ਕੋਈ ਫਾਇਦਾ ਨਹੀਂ ਕੀਤਾ, ਬਲਕਿ ਭਾਰੀ ਨੁਕਸਾਨ ਕੀਤਾ ਹੈ, ਫਿਰ ਵੀ ਸ. ਤਰਲੋਚਨ ਸਿੰਘ ਲੇਖ ਵਿੱਚ, ਆਪਣੇ ਆਪ ਨੂੰ ਸਿੱਖਾਂ ਦਾ ਇਕ ਸੁਝਵਾਨ ਲੀਡਰ ਸਾਬਿਤ ਕਰਨ ਲਈ ਇਤਿਹਾਸ ਦੇ ਘਟਨਾਕ੍ਰਮ ਨੂੰ ਸ਼ਬਦਾਂ ਦੇ ਹੇਰ ਫੇਰ ਦੀ ਵਰਤੋਂ ਕਰਦੇ ਹੋਏ ਤੋੜ ਮਰੋੜ ਕੇ ਪੇਸ਼ ਕੀਤਾ ਹੈ। ਉਨ੍ਹਾਂ ਨੇ ਲੇਖ ਵਿਚ ਦਾਅਵਾ ਕੀਤਾ ਹੈ ਕਿ 1947 ਵਿੱਚ ਅਜ਼ਾਦੀ ਮਿਲਣ ਬਾਅਦ 1909 ਵਾਲਾ ਐਕਟ ਲਾਗੂ ਰਹਿਣ ਬਾਰੇ ਸਿੱਖ ਲੀਡਰਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਅੱਗੇ ਲਿਖਿਆ ਹੈ ਕਿ "1955 ਵਿੱਚ ਹਿੰਦੂ ਮੈਰਿਜ ਐਕਟ ਪਾਸ ਹੋ ਗਿਆ, ਜਿਸ ਵਿੱਚ ਹਿੰਦੂ, ਸਿੱਖ, ਬੋਧੀ ਤੇ ਜੈਨੀ ਵੀ ਸ਼ਾਮਿਲ ਕਰ ਦਿੱਤੇ ਗਏ ਅਤੇ ਸਿੱਖਾਂ ਨੂੰ ਵਿਆਹ ਉਪਰੰਤ ਹਿੰਦੂ ਮੈਰਿਜ ਐਕਟ ਦਾ ਸ਼ਰਟੀਫਿਕੇਟ ਹੀ ਮਿਲਦਾ ਸੀ। ਜਿਸ ਦੀ ਵਿਰੋਧਤਾ ਨਾ ਪੰਜਾਬ ਸਰਕਾਰ ਵੱਲੋਂ ਤੇ ਨਾ ਹੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਗਈ ਸੀਂ। ਪਰ ਕੀ ਸਰਦਾਰ ਸਾਹਿਬ ਨੇ ਖੁਦ ਭਾਰਤ ਦੇ ਰਾਸਟਰਪਤੀ ਦੇ ਪ੍ਰੈਸ ਸੈਕਟਰੀ (1983'87), ਨੈਸ਼ਨਲ ਕਮਿਸ਼ਨ ਮਾਈਨੌਟੀ ਦੇ ਵਾਈਸ ਚੇਅਰਮੇਨ ਅਤੇ ਚੇਅਰਮੇਨ (2000'2006) ਜਾਂ ਰਾਜ ਸਭਾ ਦੇ ਮੈਂਬਰ ਦੀ ਪਦਵੀ ਤੇ ਸਸ਼ੋਭਤ ਹੋਣ ਦੌਰਾਨ ਕਦੇ ਇਸ ਦੀ ਵਿਰੋਧਤਾ ਕੀਤੀ? ਕੀ ਕਦੇ ਭਾਰਤ ਵਿੱਚ ਬਾਕੀ ਧਰਮਾਂ ਦੇ ਮੈਰਿਜ ਐਕਟਾਂ ਵਾਂਗ ਸਿੱਖਾਂ ਲਈ ਵੱਖਰਾ ਸੁਤੰਤਰ ਸਿੱਖ ਮੈਰਿਜ ਐਕਟ ਜਾਂ ਸਿੱਖ ਪ੍ਰਸਨਲ ਲਾਅ ਦੀ ਮੰਗ ਕੀਤੀ? ਕੀ ਇਸ ਨੂੰ ਅਗਿਆਨਤਾ ਜਾਂ ਸੋਚੀ ਸਮਝੀ ਚੁੱਪ ਸਮਝਿਆ ਜਾਵੇ? ਭਾਰਤ ਦੀ ਲੋਕ ਸਭਾ ਵਿੱਚ ਸ. ਸਿਮਰਨਜੀਤ ਸਿੰਘ ਮਾਨ ਨੇ, ਜਦੋਂ ਉਹ ਲੋਕ ਸਭਾ ਦੇ ਮੈਂਬਰ ਸਨ, ਸਿੱਖ ਮੈਰਿਜ ਐਕਟ ਅਤੇ ਸਿੱਖ ਪ੍ਰਸਨਲ ਲਾਅ ਦੀ ਮੰਗ ਪੂਰੇ ਜ਼ੋਰ ਨਾਲ ਉਠਾਈ ਸੀ।

ਜਦੋਂ 2012 ਵਿੱਚ ਅਨੰਦ ਮੈਰਿਜ ਐਕਟ, 2009 ਵਿੱਚ ਸਿਰਫ 'ਰਜਿਸਟ੍ਰੇਸ਼ਨ ਬਾਰੇ ਸੋਧ' ਦਾ ਪ੍ਰਸਤਾਵ ਆਇਆ ਤਾਂ ਉਸ ਵਕਤ ਦੀਆਂ ਅਖਬਾਰਾਂ ਵੇਖ ਲਈਏ ਤਾਂ ਇੰਨ੍ਹਾਂ ਨੇ ਵੀ ਇਹੋ ਕਿਹਾ ਸੀ ਕਿ ਅਨੰਦ ਮੈਰਿਜ ਐਕਟ ਲਾਗੂ ਕਰਨ ਦੀ ਪ੍ਰਵਾਨਗੀ ਮਿਲ ਗਈ ਹੈ। ਜਦੋਂ ਮੇਰਾ ਇਕ ਲੇਖ 'ਅਨੰਦ ਮੈਰਿਜ ਐਕਟ ਦਾ ਸੱਚ,' 21 ਅਤੇ 23 ਅਪ੍ਰੈਲ, 2012 ਨੂੰ ਅਖਬਾਰਾਂ ਵਿੱਚ ਛਪਿਆ, ਜਿਸ ਵਿੱਚ ਮੈਂ ਸਾਫ ਕਰ ਦਿੱਤਾ ਸੀ ਕਿ 1947 ਵਿੱਚ ਅਜਾਦੀ ਮਿਲਣ ਤੋਂ ਬਾਅਦ ਵੀ ਅਨੰਦ ਮੈਰਿਜ ਐਕਟ, 1909 ਲਾਗੂ ਹੈ ਅਤੇ ਇਸ ਐਕਟ ਵਿਚ 1959 ਵਿਚ ਕੀਤੀ ਸੋਧ ਦੀ ਮਿਸਾਲ ਵੀ ਦਿੱਤੀ ਸੀ। ਹੁਣ ਆਪਣੇ ਲੇਖ ਵਿੱਚ ਉਨ੍ਹਾਂ ਖੁਦ ਮੰਨਿਆ ਹੈ ਕਿ ਇਹ ਐਕਟ ਹਮੇਸ਼ਾਂ ਲਾਗੂ ਰਿਹਾ ਹੈ। ਦੇਰ ਆਏ ਦਰੁਸਤ ਆਏ। ਪਰ ਆਪਣੇ ਲੇਖ ਵਿਚ ਉਨ੍ਹਾਂ ਨੇ ਸ਼ਬਦਾਂ ਦੇ ਹੇਰ ਫੇਰ ਨਾਲ ਫਿਰ ਕੌਮ ਨੂੰ ਗੁਮ-ਰਾਹ ਕਰਨ ਦੀ ਕੋਝੀ ਕੋਸਿਸ਼ ਕੀਤੀ ਹੈ। ਉਨ੍ਹਾਂ ਲਿਖਿਆ ਹੈ ਕਿ "ਮੈਂ ਕਈ ਸਿੱਖ ਵਕੀਲਾਂ ਤੇ ਕਾਨੂੰਨੀ ਮਹਿਕਮੇ ਦੇ ਅਫਸਰਾਂ ਨਾਲ ਸਲਾਹ ਕਰਕੇ ਇਕ 'ਨਵਾਂ ਬਿੱਲ' ਤਿਆਰ ਕੀਤਾ, ਜਿਸ ਨਾਲ ਸਿੱਖਾਂ ਨੂੰ ਸਿੱਖ ਰੀਤੀ ਅਨੁਸਾਰ ਵਿਆਹ ਕਰਨ ਪਿੱਛੋਂ 'ਸਿੱਧਾ ਸਿੱਖ ਅਨੰਦ ਕਾਰਜ ਸਰਟੀਫ਼ਿਕੇਟ' ਮਿਲ ਸਕੇ।" ਅਸਲ ਵਿਚ ਇੱਥੋਂ ਹੀ ਕਾਨੂੰਨ ਦੀ ਨਾ ਸਮਝੀ ਕਰਕੇ ਇਹ ਸਾਰਾ ਝਮੇਲਾ ਸੁਰੂ ਹੋਇਆ। ਝੂਠ ਦਾ ਮੁਢ ਇੱਥੋਂ ਸੁਰੂ ਹੋਇਆ ਅਤੇ ਸਿੱਖਾਂ ਨੂੰ ਰਜਕੇ ਗੁਮਰਾਹ ਕੀਤਾ ਗਿਆ। ਇਸ ਨੂੰ 'ਨਵਾਂ ਬਿੱਲ' ਕਹਿਣਾ ਸਰਾਸਰ ਗੁਮ-ਰਾਹਕੁਨ ਹੈ। ਅਸਲੀਅਤ ਇਹ ਹੈ ਕਿ ਉਨ੍ਹਾਂ ਨੇ ਤਾਂ 2007 ਵਿੱਚ ਅਨੰਦ ਮੈਰਿਜ ਐਕਟ (ਸੋਧ) ਬਿੱਲ, 2007 ਦਾ ਪ੍ਰਾਈਵੇਟ ਮੈਂਬਰ ਬਿੱਲ ਵਜੋਂ ਜੋ ਖਰੜਾ ਦਿੱਤਾ ਸੀ, ਇਸ ਨੂੰ 'ਨਵਾਂ ਬਿੱਲ' ਕਹਿਣਾ, ਕਾਨੂੰਨੀ ਮਾਹਿਰ ਜਰੂਰ ਸਮਝ ਜਾਣਗੇ ਕਿ ਇਸ ਤਰੀਕੇ ਨਾਲ ਝੂਠੀ ਸ਼ੋਹਰਤ ਖਟਣ ਲਈ, ਸਬਦੀ ਹੇਰ ਫੇਰ ਕੀਤਾ ਗਿਆ।

ਇੱਥੇ ਦੋ ਹੋਰ ਗੱਲਾਂ ਬਹੁਤ ਮਹੱਤਵਪੂਰਨ ਹਨ। ਪਹਿਲੀ ਇਹ ਕਿ ਉਨ੍ਹਾਂ ਨੇ ਜੋ ਸੋਧ ਬਿਲ ਦਾ ਖਰੜਾ ਦਿੱਤਾ ਸੀ ਉਸ ਵਿੱਚ ਕਿਤੇ ਵੀ 'ਸਿੱਖ' ਸ਼ਬਦ ਨਹੀਂ ਵਰਤਿਆ ਗਿਆ। 'ਸਿੱਖ ਮੈਰਿਜ ਰਜਿਸਟਰੇਸ਼ਨ' ਦੀ ਥਾਂ, 'ਅਨੰਦ ਮੈਰਿਜ ਰਜਿਸਟਰੇਸ਼ਨ', 'ਸਿੱਖ ਮੈਰਿਜ ਰਜਿਸਟਰ' ਦੀ ਥਾਂ 'ਅਨੰਦ ਮੈਰਿਜ ਰਜਿਸਟਰ' ਸ਼ਬਦ ਵਰਤੇ ਗਏ ਸਨ। ਜੋ ਹੁਣ ਉਹ ਆਪਣੇ ਲੇਖ ਵਿਚ ਹਿੰਦੂ ਮੈਰਿਜ ਸਰਟੀਫਿਕੇਟ ਤੇ ਇਤਰਾਜ ਕਰਦੇ ਹਨ ਤਾਂ ਉਨ੍ਹਾਂ 'ਸਿੱਖ' ਸ਼ਬਦ ਜਾਂ 'ਸਿੱਖ ਮੈਰਿਜ ਰਜਿਸਟਰ' ਕਿਉਂ ਨਹੀਂ ਲਿਖਿਆ ਸੀ? ਦੂਜੀ ਬਹੁਤ ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਨੇ ਆਪਣੇ ਲੇਖ ਵਿਚ ਸ. ਦਿਲਮੇਗ ਸਿੰਘ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਬਾਰੇ ਜਿਕਰ ਕੀਤਾ ਹੈ ਕਿ ਉਨ੍ਹਾਂ ਨੇ ਇਸ ਬਿੱਲ ਦੇ ਖਰੜੇ ਦੀ ਜਥੇਦਾਰ ਅਕਾਲ ਤਖਤ ਸਾਹਿਬ ਦੀ ਪ੍ਰਵਾਨਗੀ 21 ਨਵੰਬਰ 2007 ਨੂੰ ਲੈ ਕੇ ਇੰਨ੍ਹਾਂ ਨੂੰ ਭੇਜ ਦਿੱਤੀ। ਲੇਖ ਵਿਚ ਤਾਂ ਲਿਖਿਆ ਹੈ ਕਿ ਉਨ੍ਹਾਂ ਨੇ ਇਹ ਬਿੱਲ 2006 ਵਿਚ ਰਾਜ ਸਭਾ ਵਿਚ ਪੇਸ਼ ਕੀਤਾ ਜਦਕਿ ਪ੍ਰਵਾਨਗੀ ਬਾਅਦ ਵਿਚ ਨਵੰਬਰ 2007 ਨੂੰ ਮਿਲੀ।

ਜਿਸ 'ਨਵੇਂ ਬਿੱਲ' ਦਾ ਦਾਅਵਾ ਕੀਤਾ ਗਿਆ ਹੈ, ਦਰਅਸਲ ਉਹ ਤਾਂ ਸਿਰਫ ਇਕ 'ਸੋਧ ਬਿਲ' ਦਾ ਪ੍ਰਸਤਾਵ ਸੀ, ਜਿਸ ਵਿਚ ਅਨੰਦ ਕਾਰਜ ਰੀਤੀ ਦੁਆਰਾ ਕੀਤੇ ਵਿਆਹ ਦੀ ਰਜਿਸਟਰੇਸ਼ਨ ਦੀ ਧਾਰਾ ਪੁਰਾਣੇ ਅਨੰਦ ਮੈਰਿਜ ਐਕਟ, 1909 ਵਿਚ ਜੋੜਨਾ ਸੀ। ਕਾਨੂੰਨੀ ਮਾਹਿਰ ਇਸ ਨੂੰ ਭਲੀ ਭਾਂਤ ਜਾਣਦੇ ਹਨ ਕਿ 'ਨਵੇਂ ਬਿਲ' ਅਤੇ 'ਸੋਧ ਬਿਲ' ਵਿਚ ਕਿਨ੍ਹਾਂ ਵੱਡਾ ਫਰਕ ਹੁੰਦਾ ਹੈ। ਇੱਥੇ ਮੈਂ ਇਕ ਮਹੱਤਵਪੂਰਨ ਤੱਥ ਜਰੂਰ ਉਜਾਗਰ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਵੱਲੋਂ ਦਿੱਤੇ ਨਵੇਂ ਬਿੱਲ ਦਾ ਪ੍ਰਸਤਾਵ ਕਦੇ ਵੀ ਲੋਕ ਸਭਾ ਜਾਂ ਰਾਜ ਸਭਾ ਵਿਚ ਪਾਸ ਨਹੀਂ ਹੋਇਆ। ਉਨ੍ਹਾਂ ਵੱਲੋਂ ਸ਼ਬਦੀ ਜਾਲ ਬੁਣ ਕੇ ਲੇਖ ਲਿਖਣਾ ਕਿ ਜਿਵੇਂ ਉਨ੍ਹਾਂ ਵੱਲੋਂ ਪੇਸ਼ ਕੀਤਾ 'ਨਵਾਂ ਬਿਲ' ਪਾਸ ਹੋਇਆ ਹੈ, ਬਿਲਕੁਲ ਝੂਠ ਅਤੇ ਬੇਬੁਨਿਆਦ ਹੈ। 2012 ਵਿਚ ਜੋ ਅਨੰਦ ਮੈਰਿਜ (ਸੋਧ) ਬਿਲ, 2012, ਭਾਰਤੀ ਪਾਰਲੀਮੈਂਟ ਵੱਲੋਂ ਪਾਸ ਕੀਤਾ ਗਿਆ, ਉਸ ਦੇ ਪ੍ਰਵਧਾਨਾ ਦਾ ਸਰੂਪ ਅਤੇ ਸਬਦਾਵਲੀ 2007 ਵਾਲੇ ਬਿਲ ਤੋਂ ਬਿਲਕੁਲ ਵੱਖਰੀ ਹੈ। ਇੱਕ ਹੋਰ ਤੱਥ ਵੀ ਬੜਾ ਰੋਚਕ ਹੈ ਕਿ 2012 ਵਿਚ ਤਾਂ ਉਹ ਰਾਜ ਸਭਾ ਦੇ ਮੈਂਬਰ ਵੀ ਨਹੀਂ ਰਹੇ ਸਨ। ਸਚਾਈ ਇਹ ਹੈ ਕਿ ਭਾਰਤੀ ਸੁਪਰੀਮ ਕੋਰਟ ਨੇ 2006 ਵਿਚ ਸੀਮਾ ਬਨਾਮ ਅਸ਼ਵਨੀ ਕੇਸ ਵਿਚ ਭਾਰਤ ਸਰਕਾਰ ਨੂੰ ਭਾਰਤ ਵਿੱਚ ਹੁੰਦੇ ਸਾਰੇ ਵਿਆਹਾਂ ਦੀ ਲਾਜਮੀ ਰਜਿਸਟਰੇਸ਼ਨ ਕਰਵਾਉਣ ਦੀ ਹਦਾਇਤ ਕੀਤੀ ਸੀ ਜਿਸ ਕਰਕੇ ਭਾਰਤ ਵਿੱਚ ਵੱਖਰੇ ਵੱਖਰੇ ਕਾਨੂੰਨ ਪਾਸ ਕਰਕੇ ਲਾਜਮੀ ਵਿਆਹ ਜਿਸਟਰਡ ਕਰਾਉਣ ਦਾ ਪ੍ਰਵਧਾਨ ਕੀਤਾ ਗਿਆ।

ਸ. ਤਰਲੋਚਨ ਸਿੰਘ ਵੱਲੋਂ ਆਪਣੇ ਲੇਖ ਵਿਚ 'ਇਕ ਹੋਰ ਘਟਨਾ' ਬਾਰੇ ਦਸਦੇ ਹੋਏ ਲਿਖਿਆ ਹੈ ਕਿ "ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਅਤੇ ਸ. ਸੱਤਿਆਜੀਤ ਸਿੰਘ ਮਜੀਠਾ (ਮਜੀਠੀਆ?) ਵਲੋਂ ਇਸ ਬਿੱਲ ਦਾ ਪੂਰਾ ਵਿਰੋਧ ਕੀਤਾ ਗਿਆ ਸੀ ਅਤੇ ਇਸ ਨੂੰ ਰੋਕਣ ਲਈ ਸ. ਪ੍ਰਕਾਸ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਨੂੰ ਮਨਾਉਣ ਦੀ ਕੋਸਿਸ ਕੀਤੀ। ਬਾਦਲ ਸਾਹਿਬ ਨੇ ਕਪੂਰਥਲਾ ਹਾਊਸ, ਦਿੱਲੀ ਵਿੱਚ ਇਕ ਮੀਟਿੰਗ ਰਖ ਲਈ ਸੀ। ਉਥੇ ਪ੍ਰਿੰਸੀਪਲ ਨੇ ਇਕ ਵੀਡੀਓ ਬਣਾ ਕੇ ਬਿੱਲ ਦੇ ਵਿਰੁੱਧ ਕਿਹਾ ਕਿ ਇਸ ਵਿੱਚ ਕਈ ਤਬਦੀਲੀਆਂ ਕੀਤੀਆਂ ਜਾਣ। ਮੀਟਿੰਗ ਵਿੱਚ ਸ.ਅਵਤਾਰ ਸਿੰਘ ਮੱਕੜ ਨੇ 'ਮੇਰੇ ਬਿੱਲ' ਦੀ ਹਮਾਇਤ ਕੀਤੀ। ਸ.ਐਚ.ਐਸ. ਫੂਲਕਾ ਐਡਵੋਕੇਟ ਨੇ ਬਿੱਲ ਨੂੰ ਸਿੱਖਾਂ ਲਈ ਵੱਡੀ ਪ੍ਰਾਪਤੀ ਦੱਸਿਆ। ਬਾਦਲ ਸਾਹਿਬ ਨੇ ਫੈਸਲਾ ਲਿਆ ਕਿ ਜਿਵੇਂ ਵੀ ਬਿਲ ਪਾਰਲੀਮੈਂਟ ਵਿਚ ਪੇਸ ਹੋਵੇ ਉਸ ਵਿਚ ਤਬਦੀਲੀ ਨਾ ਕੀਤੀ ਜਾਵੇ ਅਤੇ ਪਾਸ ਕਰਵਾ ਲਿਆ ਜਾਵੇ। ਅਗਲੇ ਦਿਨ ਹੀ ਰਾਜ ਸਭਾ ਵਿਚ ਜਨਾਬ ਖੁਰਸੀਦ ਆਲਮ ਨੇ ਇਸ ਨੂੰ ਪਾਸ ਕਰਵਾ ਦਿੱਤਾ।" ਬਹੁਤ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਉਮਰ ਦੇ ਇਸ ਪੜਾ ਵਿੱਚ ਉਹ ਇਨ੍ਹਾਂ ਕੋਝਾ ਝੂਠ ਬੋਲਣਗੇ, ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ।



ਪਾਠਕਾਂ ਨੂੰ ਬੇਨਤੀ ਹੈ ਕਿ ਉਨ੍ਹਾਂ ਵੱਲੋਂ ਲਿਖੇ ਉਪਰੋਕਤ ਹਰ ਸ਼ਬਦ ਨੂੰ ਧਿਆਨ ਨਾਲ ਪੜਣ ਤੇ ਵਾਚਨ। ਮੱਕੜ ਸਾਹਿਬ ਨੇ 'ਮੇਰੇ ਬਿੱਲ' ਦੀ ਹਮਾਇਤ ਕੀਤੀ। ਤੁਹਾਡਾ ਕਿਹੜਾ 'ਨਵਾਂ ਬਿੱਲ'? ਤੁਸੀ ਉਸ ਵਕਤ ਨਾ ਰਾਜ ਸਭਾ ਦੇ ਮੈਂਬਰ, ਨਾ ਤੁਹਾਡਾ ਪ੍ਰਸਤਾਵਤ ਖਰੜਾ, ਫਿਰ 'ਮੇਰਾ ਬਿੱਲ' ਕਿਵੇ ਹੋ ਗਿਆ? ਝੂਠ ਬੋਲ ਕੇ ਗੁਮਰਾਹ ਕਰਨ ਦੀ ਅਜੇਹੀ ਚਾਲ ਬੇਮਿਸਾਲ ਹੈ।

ਮੈਂ ਇਸ ਲੇਖ ਵਿਚ ਇਸ ਘਟਨਾ ਦਾ ਸੱਚ ਲਿਖ ਕੇ ਇਤਿਹਾਸ ਦੇ ਪੰਨਿਆਂ ਵਿੱਚ ਸਚਾਈ ਦਰਜ ਕਰ ਰਿਹਾ ਹਾਂ। 12 ਅਪ੍ਰੈਲ, 2012 ਨੂੰ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਦੀ ਅਗਵਾਈ ਸਿੰਘ ਭਾਰਤੀ ਕੈਬੀਨੇਟ ਨੇ ਫੈਸਲਾ ਕੀਤਾ ਕਿ ਹਰ ਧਰਮ ਦੇ ਲੋਕਾਂ ਨੂੰ ਵਿਆਹ ਦੀ ਰਜਿਸਟਰੇਸ਼ਨ ਕਰਾਉਣੀ ਲਾਜਮੀ ਹੋਵੇਗੀ। ਇਸੇ ਅਧੀਨ ਸਿੱਖਾਂ ਦੇ ਵਿਆਹ ਦੀ ਰਜਿਸਟਰੇਸ਼ਨ ਅਨੰਦ ਮੈਰਿਜ ਐਕਟ, 1909 ਦੇ ਤਹਿਤ ਕੀਤੀ ਜਾਵੇਗੀ।13 ਅਪ੍ਰੈਲ 2012 ਨੂੰ ਵਿਸਾਖੀ ਵਾਲੇ ਦਿਨ ਤੋਂ ਅਨੰਦ ਮੈਰਿਜ ਐਕਟ ਅਖਬਾਰਾਂ ਦੀਆਂ ਸੁਰਖੀਆਂ ਵਿਚ ਚਰਚਾ ਦਾ ਵਿਸ਼ਾ ਬਣਿਆ। ਉਸੇ ਦਿਨ ਤੋਂ ਕੁਝ ਅਖੌਤੀ ਸਿੱਖ ਸੁਆਰਥੀ ਨੇਤਾਵਾਂ ਵੱਲੋਂ ਜਾਣ ਬੁਝ ਕੇ ਇਹ ਸਿਆਸੀ ਰੰਗਤ ਭਰਪੂਰ ਬਿਆਨਬਾਜੀ ਕੀਤੀ ਗਈ ਕਿ ਅਸੀਂ ਅਨੰਦ ਮੈਰਿਜ ਐਕਟ ਲਾਗੂ ਕਰਵਾ ਦਿੱਤਾ ਹੈ। ਹੁਣ ਅਨੰਦ ਕਾਰਜ ਦੀ ਮਰਿਆਦਾ ਰਾਹੀ ਹੋਣ ਵਾਲੇ ਵਿਆਹਾਂ ਨੂੰ ਕਾਨੂੰਨੀ ਮਾਨਤਾ ਮਿਲੇਗੀ ਜਾਂ ਸਿੱਖਾਂ ਦੀ ਨਵੀਂ ਪਹਿਚਾਣ ਬਣੇਗੀ ਅਤੇ ਖ਼ਾਲਸਾ ਪੰਥ ਦੀ ਅਹਿਮ ਪ੍ਰਾਪਤੀ ਹੋਈ ਹੈ। ਜਦਕਿ ਸਚਾਈ ਇਸ ਤੋਂ ਕੋਹਾਂ ਦੂਰ ਸੀ। ਸਚਾਈ ਤਾਂ ਇਹ ਸੀ ਕਿ ਕੈਬਿਨਟ ਦੇ ਫੈਸਲੇ ਮੁਤਾਬਿਕ ਪਹਿਲਾਂ ਤੋਂ ਹੀ ਲਾਗੂ 'ਅਨੰਦ ਮੈਰਿਜ ਐਕਟ', 1909 ਵਿਚ ਸੋਧ ਜਾਂ ਤਰਮੀਮ ਕਰਕੇ ਵਿਆਹ ਰਜਿਸਟਰੇਸ਼ਨ ਦੀ ਧਾਰਾ ਜੋੜਨਾ ਸੀ। ਵਿਆਹ ਦੀ ਰਜਿਸਟਰੇਸ਼ਨ ਬਾਕੀ ਧਰਮਾਂ ਦੇ ਵਿਆਹਾਂ ਵਾਂਗ ਲਾਜ਼ਮੀ ਬਣਾਉਣਾ ਸੀ। ਮੈਂ ਅਖਬਾਰਾਂ ਵਿਚ 21 ਅਤੇ 23 ਅਪ੍ਰੈਲ 2012 ਨੂੰ ਆਪਣੇ ਲੇਖ,'ਅਨੰਦ ਮੈਰਿਜ ਐਕਟ ਦਾ ਸੱਚ' ਵਿੱਚ ਸਿੱਖ ਜਗਤ ਨੂੰ ਸੁਚੇਤ ਕੀਤਾ ਸੀ ਕਿ ਇਹ ਫੈਸਲਾ ਕਾਨੂੰਨੀ ਪੱਖ ਤੋਂ ਬਹੁਤ ਹੀ ਨਿਗੂਣਾ ਜਿਹਾ ਕਦਮ ਹੈ, ਜਿਸ ਬਾਰੇ ਸਿੱਖ ਜਗਤ ਨੂੰ ਬਹੁਤਾ ਖੁਸ ਹੋਣ ਦੀ ਲੋੜ ਨਹੀਂ ਹੈ।

ਚੀਫ ਖ਼ਾਲਸਾ ਦਿਵਾਨ, ਅੰਮਿਤਸਰ ਵੱਲੋਂ ਸਤੰਬਰ 2011 ਵਿੱਚ ਮੈਨੂੰ 'ਸਿੱਖ ਮੈਰਿਜ ਐਕਟ' ਦਾ ਖਰੜਾ ਤਿਆਰ ਕਰਨ ਦੀ ਸੇਵਾ ਸੋਂਪੀ ਗਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਿਆਹ ਅਤੇ ਤਲਾਕ ਸਬੰਧਤ ਹਿੰਦੂ, ਮੁਸਲਿਮ, ਪਾਰਸੀ, ਈਸਾਈ, ਯਹੂਦੀਆਂ ਸਮੇਤ ਸਪੈਸਲ ਵਿਆਹ ਦੇ ਕਾਨੂੰਨ ਪੜਾਉਣ ਦੇ ਤਜਰਬੇ ਦੇ ਅਧਾਰ ਤੇ ਮਿਤੀ 15 ਮਈ, 2012 ਨੂੰ ਚੀਫ ਖ਼ਾਲਸਾ ਦਿਵਾਨ ਦੇ ਹਾਲ ਵਿਚ ਸੈਂਕੜੇ ਸਿੱਖ ਪੰਥ ਦੀਆਂ ਮਹਾਨ ਸਖਸ਼ੀਅਤਾ, ਜਿਸ ਵਿੱਚ ਉਸ ਵਕਤ ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਚੀਫ ਖ਼ਾਲਸਾ ਦਿਵਾਨ ਦੇ ਪ੍ਰਧਾਨ ਸ. ਚਰਨਜੀਤ ਸਿੰਘ ਚੱਢਾ, ਆਨਰੇਰੀ ਸਕੱਤਰ ਸ. ਸੰਤੋਖ ਸਿੰਘ ਸੇਠੀ, ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸ. ਸਤਿਆਜੀਤ ਸਿੰਘ ਮਜੀਠੀਆ, ਆਨਰੇਰੀ ਸਕੱਤਰ ਸ. ਰਜਿੰਦਰਮੋਹਨ ਸਿੰਘ ਛੀਨਾ ਅਦਿ ਸ਼ਾਮਲ ਸਨ, ਮੈਂ 'ਸਿੱਖ ਮੈਰਿਜ ਐਕਟ, 2012' ਦੇ ਖਰੜੇ ਬਾਰੇ ਪਾਵਰ ਪੁਆਇੰਟ ਪੇਸ਼ਕਾਰੀ (ਸ਼ਰਮਕਗ ਸ਼ਰਜਅਵ ਸ਼ਗਕਤਕਅਵ੍ਵਜਰਅ) ਦਿੱਤੀ। ਮੈਂ ਇਹ ਪੁਰਜੋਰ ਅਪੀਲ ਕੀਤੀ ਕਿ ਅਨੰਦ ਮੈਰਿਜ ਐਕਟ ਵਿਚ ਕੀਤੀ ਜਾ ਰਹੀ ਰਜਿਸਟਰੇਸ਼ਨ ਦੀ ਤਰਮੀਮ ਦੀ ਥਾਂ ਸਾਨੂੰ ਸਿੱਖਾਂ ਦੇ ਆਪਣੇ ਵੱਖਰੇ ਸੰਪੂਰਨ 'ਸਿੱਖ ਮੈਰਿਜ ਐਕਟ' ਦੀ ਮੰਗ ਕਰਨੀ ਚਾਹੀਦੀ ਹੈ ਤਾਂ ਕਿ ਭਾਰਤ ਵਿਚ ਬਾਕੀ ਧਰਮਾ ਦੇ ਵਿਆਹ ਐਕਟ ਜਿਵੇਂ ਹਿੰਦੂ ਮੈਰਿਜ ਐਕਟ,1955, ਪਾਰਸੀ ਮੈਰਿਜ ਐਂਡ ਡੀਵੋਸ ਐਕਟ,1936, ਇੰਡਿਅਨ ਕ੍ਰਿਸਚੀਅਨ ਮੈਰਿਜ ਐਕਟ,1872, ਡਿਸਲੂਸ਼ਨ ਆਫ ਮੁਸਲਿਮ ਮੈਰਿਜ ਐਕਟ,1939 ਦੀ ਤਰਜ ਤੇ ਸਾਡਾ ਸਿੱਖਾਂ ਦਾ ਆਪਣਾ ਸੁਤੰਤਰ 'ਸਿੱਖ ਮੈਰਿਜ ਐਕਟ' ਹੋਵੇ। ਅਸੀ ਹਿੰਦੂ ਵਿਆਹ ਐਕਟ,1955 ਤੋਂ ਬਾਹਰ ਆ ਸਕੀਏ।

ਮੈਂ ਖਰੜਾ ਪੇਸ਼ ਕਰਨ ਸਮੇਂ ਸਭ ਨੂੰ ਬੇਨਤੀ ਕੀਤੀ ਕਿ ਮੇਰੇ ਵੱਲੋਂ ਤਿਆਰ ਕੀਤਾ ਗਿਆ ਖਰੜਾ ਫਾਈਨਲ ਨਾ ਸਮਝਿਆ ਜਾਵੇ ਬਲਕਿ ਸਿੱਖ ਵਿਦ-ਵਾਨਾ ਵੱਲੋਂ ਨੁਕਤਾ ਬਰ ਨੁਕਤਾ ਵਿਚ-ਾਰਿਆ ਜਾਵੇ ਅਤੇ ਜੋ ਅੰਤਿਮ ਸਹਿਮਤੀ ਬਣੇ ਉਸ ਤੇ ਅਧਾਰਿਤ ਸੰਪੂਰਨ 'ਸਿੱਖ ਮੈਰਿਜ ਐਕਟ', ਜਿਸ ਵਿਚ ਸਿੱਖਾਂ ਨੂੰ ਹਿੰਦੂ ਮੈਰਿਜ ਐਕਟ,1955 ਤੋਂ ਬਾਹਰ ਕੱਢਦੇ ਹੋਏ, ਖਰੜਾ ਤਿਆਰ ਕਰਕੇ ਉਸ ਨੂੰ ਪਾਸ ਕਰਵਾਉਣ ਦੀ ਕੋਸਿਸ਼ ਕੀਤੀ ਜਾਵੇ।ਸਿੱਖ ਪੰਥ ਦੀਆਂ ਸਖਸੀਅਤਾਂ ਨੇ ਆਪਣੇ ਆਪਣੇ ਸ਼ਬਦਾਂ ਵਿਚ ਇਸ ਨਾਲ ਸਹਿਮਤੀ ਪ੍ਰਗਟਾਈ। ਮੈਂ ਆਪਣੇ 'ਸਿੱਖ ਮੈਰਿਜ ਐਕਟ, 2012' ਦੇ ਖਰੜੇ ਦੀ ਕਾਪੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜੀ ਗਿਆਨੀ ਗੁਰਬਚਨ ਸਿੰਘ ਜੀ ਨੂੰ ਪੇਸ ਕੀਤੀ ਅਤੇ ਉਨ੍ਹਾਂ ਨੇ ਆਪਣੇ ਭਾਸਣ ਵਿਚ ਕਿਹਾ ਕੀ ਸਾਨੂੰ ਸਿੱਖ ਪੰਥ ਨੂੰ ਅਜੇਹੇ ਕਾਨੂੰਨ ਦੀ ਲੋੜ ਹੈ ਅਤੇ ਅਸੀ ਕਮੇਟੀ ਬਣਾਕੇ ਇਸ ਉੱਤੇ ਸਾਰਿਆਂ ਦੇ ਵਿਚਾਰ ਲਵਾਂਗੇ। ਉਨ੍ਹਾਂ ਨੇ ਖਾਸ ਤੌਰ ਤੇ ਇਹ ਵੀ ਕਿਹਾ ਕਿ ਅਸੀ ਇਸ ਨੂੰ ਇੰਟਰਨੈਂਟ ਤੇ ਪਾਵਾਂਗੇ, ਤਾਂ ਕਿ ਸਾਰੇ ਆਪਣੇ ਆਪਣੇ ਸੁਝਾਅ ਦੇ ਸਕਣ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿਚ ਇਸ ਨੂੰ ਪ੍ਰਵਾਨਗੀ ਦਿੱਤੀ ਗਈ। 16 ਮਈ, 2012 ਨੂੰ ਇਹ ਖਬਰ ਲਗਭਗ ਸਾਰੇ ਅਖਬਾਰਾਂ ਦੀ ਸੁਰਖੀ ਬਣੀ।

ਮੁੱਖ ਮੰਤਰੀ ਸ. ਪ੍ਰਕਾਸ ਸਿੰਘ ਬਾਦਲ ਵੱਲੋਂ ਇਸ ਵਿਸ਼ੇ ਤੇ ਜਾਣਕਾਰੀ ਲੈਣ ਲਈ ਇੱਛਾ ਪ੍ਰਗਟ ਕੀਤੀ ਗਈ। ਕਪੂਰਥਲਾ ਹਾਊਸ, ਦਿੱਲੀ ਵਿਚ ਸ਼ਾਮ 5 ਵਜੇ ਕਰੀਬ ਇਹ ਮੀਟਿੰਗ ਅਯੋਜਨ ਕੀਤੀ ਗਈ ਅਤੇ ਮੈਨੂੰ ਇਸ ਮੀਟਿੰਗ ਵਿਚ ਸਿੱਖ ਮੈਰਿਜ ਐਕਟ ਦੇ ਖਰੜੇ ਤੇ ਪਾਵਰ ਪੁਆਇੰਟ ਪੇਸ਼ਕਾਰੀ ਦੇਣ ਲਈ ਕਿਹਾ ਗਿਆ। ਇਸ ਮੀਟਿੰਗ ਵਿਚ ਉਸ ਵਕਤ ਦੇ ਅਕਾਲੀ ਦਲ ਗਠਜੋੜ ਦੇ ਲਗਭਗ ਸਾਰੇ ਮੈਂਬਰ ਪਾਰਲੀਮੈਂਟ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਸ. ਅਵਤਾਰ ਸਿੰਘ ਮੱਕੜ, ਸ.ਸਤਿਆਜੀਤ ਸਿੰਘ ਮਜੀਠੀਆ, ਸ. ਤਰਲੋਚਨ ਸਿੰਘ, ਸ. ਐਚ.ਐਸ.ਫੂਲਕਾ ਆਦਿ ਸ਼ਾਮਿਲ ਸਨ।ਇਸ ਮੀਟਿੰਗ ਵਿਚ ਮੈਂ 'ਸਿੱਖ ਮੈਰਿਜ ਐਕਟ, 2012' ਦੇ ਖਰੜੇ ਬਾਰੇ ਪਾਵਰ ਪੁਆਇੰਟ ਪੇਸ਼ਕਾਰੀ (ਜਿਸ ਨੂੰ ਅਗਿਆਨਤਾ ਕਰਕੇ ਸ. ਤਰਲੋਚਨ ਸਿੰਘ ਨੇ ਵੀਡੀਓ ਬਣਾ ਕੇ ਬਿਲ ਦਾ ਵਿਰੋਧ ਕੀਤਾ ਦੱਸਿਆ ਹੈ) ਦਿੱਤੀ। ਸਿੱਖ ਮੈਰਿਜ ਐਕਟ ਦੇ ਖਰੜੇ ਵਿਚ ਮੈਂ ਜਿਥੇ ਸਾਰੀਆਂ ਮੱਦਾ ਤੇ ਚਰਚਾ ਕੀਤੀ, ਉਥੇ 'ਸਿੱਖ ਮੈਰਿਜ ਐਕਟ' ਅਤੇ 'ਅਨੰਦ ਮੈਰਿਜ (ਸੋਧ) ਐਕਟ 2012 ਦੇ ਫਰਕ ਬਾਰੇ ਵੀ ਦੱਸਿਆ।

ਇਸ ਦੇ ਨਾਲ ਮੈਂ ਇਹ ਸ਼ਪੱਸ਼ਟ ਕੀਤਾ ਕਿ ਜੋ ਹੁਣ ਅਨੰਦ ਮੈਰਿਜ ਐਕਟ, 1909 ਵਿਚ ਸੋਧ ਹੋਣ ਜਾ ਰਹੀ ਹੈ, ਉਸ ਨਾਲ ਤਾਂ ਸਿਰਫ ਇਕ ਧਾਰਾ 6 ਜੋੜੀ ਜਾ ਰਹੀ ਹੈ, ਜਿਸ ਵਿਚ ਅਨੰਦ ਕਾਰਜ ਦੁਆਰਾ ਕੀਤੇ ਵਿਆਹਾਂ ਦੇ ਰਜਿਸਟਰੇਸ਼ਨ ਕਰਨ ਦਾ ਪ੍ਰਵਧਾਨ ਹੈ। ਇਸ ਐਕਟ ਦੀ ਸੋਧ ਵਿੱਚ ਕਿਤੇ ਵੀ ਬਾਕੀ ਧਰਮਾਂ ਦੇ ਵਿਆਹ ਐਕਟਾ ਵਿਚ ਮੌਜੂਦ ਪ੍ਰਵਧਾਨ, ਜਿਵੇਂ ਵਿਆਹ ਦੀਆਂ ਸ਼ਰਤਾਂ, ਵਿਆਹ ਦਾ ਮੁੜ ਸਥਾਪਣ, ਨਿਆਇਕ ਅਲਹਿਦਗੀ, ਸੁੰਨ ਅਤੇ ਸੁੰਨਕਰਨਯੋਗ ਵਿਆਹ, ਤਲਾਕ, ਨਿਜਾਇਜ਼ ਬੱਚਿਆਂ ਦੀ ਸਿੱਖਿਆ ਸੰਭਾਲ, ਵਿਆਹੁਤਾ ਧਿਰਾ ਦੀ ਸੰਪਤੀ ਆਦਿ ਦੀ ਕੋਈ ਵਿਵਸਥਾ ਨਹੀਂ ਕੀਤੀ ਜਾ ਰਹੀ। ਇਸ ਕਰਕੇ ਇਹ ਸੋਧ ਹੋ ਜਾਣ ਤੋਂ ਬਾਅਦ ਵੀ ਸਿੱਖਾਂ ਨੂੰ ਉਪਰੋਕਤ ਮਾਮਲਿਆਂ ਬਾਰੇ ਹਿੰਦੂ ਮੈਰਿਜ਼ ਐਕਟ,1955 ਅਧੀਨ ਹੀ ਰੱਖਿਆ ਜਾਵੇਗਾ। ਮੈਂ ਆਪਣੀ ਪਾਵਰ ਪੁਆਇੰਟ ਪੇਸ਼ਕਾਰੀ ਵਿੱਚ ਪਾਕਿਸਤਾਨ ਵਿਚ ਬਣੇ 'ਸਿੱਖ ਵਿਆਹ ਆਰਡੀਨੈਂਸ, 2008' ਦਾ ਵੀ ਵੇਰਵਾ ਦਿੱਤਾ ਕਿ ਇਸ ਕਾਨੂੰਨ ਵਿਚ ਸਿੱਖਾਂ ਲਈ ਉਪਰੋਕਤ ਸਾਰੀਆਂ ਮਦਾ ਸਾਮਿਲ ਹਨ। ਇਸ ਕਰਕੇ ਸਾਨੂੰ ਅਨੰਦ ਮੈਰਿਜ ਐਕਟ ਵਿਚ ਵਿਆਹ ਦੀ ਰਜਿਸਟਰੇਸ਼ਨ ਦੀ ਇਸ ਨਗੂਣੀ ਜਿਹੀ ਸੋਧ ਦੀ ਬਜਾਇ ਸੰਪੂਰਣ 'ਸਿੱਖ ਮੈਰਿਜ ਐਕਟ' ਦੀ ਮੰਗ ਕਰਨੀ ਚਾਹੀਦੀ ਹੈ, ਜਿਸ ਦਾ ਖਰੜਾ ਮੈਂ ਪੇਸ਼ ਕੀਤਾ ਹੈ।

ਇਸ ਮੀਟਿੰਗ ਵਿਚ ਮੇਰੇ ਤੋਂ ਬਿਨ੍ਹਾਂ ਸਿਰਫ ਤਿੰਨ ਸਖਸ਼ੀਅਤਾਂ ਨੇ ਹੀ ਆਪਣੇ ਆਪਣੇ ਵਿਚਾਰ ਰੱਖੇ। ਜਿਨ੍ਹਾਂ ਵਿਚੋਂ ਸ. ਬਲਵਿੰਦਰ ਸਿੰਘ ਭੂੰਦੜ, ਜਿਨ੍ਹਾਂ ਨੇ ਮੈਨੂੰ ਸੰਵਿਧਾਨ ਦੇ ਆਰਟੀਕਲ 25 ਬਾਰੇ ਪੁੱਛਿਆ ਅਤੇ ਮੈਂ ਜਸਟਿਸ ਵੈਕਟਾਚਲੀਆ ਕਮਿਸ਼ਨ ਦਾ ਹਵਾਲਾ ਦਿੰਦੇ ਹੋਏ ਸਪੱਸ਼ਟ ਕੀਤਾ ਕਿ ਹੁਣ ਇਸ ਧਾਰਾ ਦੀ ਸੋਧ ਕਰਨ ਲਈ ਮੰਗ ਕਰਨਾ ਕਾਨੂੰਨੀ ਜਾਇਜ਼ ਹੈ। ਦੂਸਰਾ, ਜਦੋਂ ਮੈਂ ਮੀਟਿੰਗ ਵਿੱਚ ਇਹ ਗੱਲ ਦੱਸੀ ਕਿ ਸ. ਪ੍ਰਤਾਪ ਸਿੰਘ ਬਾਜਵਾ ਐਮ.ਪੀ. ਦੀ ਮੌਜੂਦਗੀ ਵਿਚ ਮੇਰੀ ਭਾਰਤੀ ਕਾਨੂੰਨ ਮੰਤਰੀ ਖਰਸੀਦ ਜੀ ਨਾਲ ਫੋਨ ਤੇ ਗੱਲ ਹੋਈ ਹੈ ਅਤੇ ਜਦੋਂ ਮੈਂ ਉਨ੍ਹਾਂ ਨੂੰ ਅਨੰਦ ਮੈਰਿਜ ਐਕਟ ਵਿਚ ਨਗੂਣੀ ਜਿਹੀ ਸੋਧ ਦੀ ਥਾਂ ਸਿੱਖ ਮੈਰਿਜ ਐਕਟ ਪਾਸ ਕਰਨ ਬਾਰੇ ਬੇਨਤੀ ਕੀਤੀ, ਤਾਂ ਉਨ੍ਹਾਂ ਦਾ ਜਵਾਬ ਸੀ ਕਿ ਤੁਹਾਡੇ ਨੇਤਾ ਤਾਂ ਸਿਰਫ ਰਜਿਸਟਰੇਸ਼ਨ ਦੀ ਹੀ ਮੰਗ ਕਰ ਰਹੇ ਹਨ। ਜਦੋਂ ਉਹ ਸੰਪੂਰਨ ਸਿੱਖ ਮੈਰਿਜ਼ ਐਕਟ ਦੀ ਮੰਗ ਕਰ ਹੀ ਨਹੀਂ ਰਹੇ ਤਾਂ ਅਸੀ ਆਪ ਕਿਵੇਂ ਦੇ ਦਈਏ। ਇੱਥੇ ਇਹ ਵਰਨਣਯੋਗ ਹੈ ਕਿ ਸ. ਤਰਲੋਚਨ ਸਿੰਘ ਨੇ ਆਪਣੇ ਇਸ ਲੇਖ ਦੇ ਅੰਤ ਵਿਚ ਭਾਰਤੀ ਕਾਨੂੰਨ ਮੰਤਰੀ ਖੁਰਸੀਦ ਵੱਲੋਂ ਲਿਖੀ ਕਿਤਾਬ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਉਨ੍ਹਾਂ ਨੇ ਇਸ ਕਿਤਾਬ ਵਿੱਚ ਲਿਖ ਦਿੱਤਾ ਹੈ ਕਿ ਪੰਜਾਬ ਕਾਂਗਰਸ ਦੇ ਕਈ ਮੈਂਬਰ ਪਾਰਲੀਮੈਂਟ ਵਿਚ ਇਸ ਬਿਲ ਨੂੰ ਰੁਕਵਾਉਣਾ ਚਾਹੁੰਦੇ ਸਨ। ਪਰ ਇਹ ਤੱਥ ਬੜੀ ਖੂਬੀ ਨਾਲ ਲਕੋ ਗਏ ਕਿ ਉਹ ਮੈਂਬਰ ਅਸਲ ਵਿਚ ਇਸ ਨਗੂਣੀ ਸੋਧ ਦੀ ਬਜਾਇ ਸੰਪੂਰਣ 'ਸਿੱਖ ਮੈਰਿਜ ਐਕਟ' ਦੀ ਜੋਰਦਾਰ ਮੰਗ ਕਰ ਰਹੇ ਸਨ। ਪਾਰਲੀਮੈਂਟ ਦਾ ਰਿਕਾਰਡ ਇਸ ਗੱਲ ਦਾ ਸਬੂਤ ਹੈ। ਸੋ ਜਦੋਂ ਮੈਂ ਖੁਰਸੀਦ ਜੀ ਨਾਲ ਗੱਲ ਦਾ ਜਿਕਰ ਕਰ ਰਿਹਾ ਸੀ, ਉਸ ਵਕਤ ਮੀਟਿੰਗ ਵਿੱਚ ਮੌਜੂਦ ਸ੍ਰੀ ਨਰੇਸ਼ ਗੁਜਰਾਲ,ਐਮ. ਪੀ. ਨੇ ਪ੍ਰੋੜਤਾ ਕੀਤੀ ਕਿ ਖੁਰਸ਼ੀਦ ਜੀ ਨੇ ਇਹ ਗੱਲ ਉਨ੍ਹਾਂ ਨੂੰ ਵੀ ਕਹੀ ਹੈ ਕਿ ਸਿੱਖ ਨੇਤਾ ਤਾਂ ਸੰਪੂਰਣ ਸਿੱਖ ਮੈਰਿਜ ਐਕਟ ਦੀ ਮੰਗ ਹੀ ਨਹੀਂ ਕਰ ਰਹੇ। ਉਨ੍ਹਾਂ ਨੇ ਇਹ ਗੱਲ ਬਾਦਲ ਸਾਹਿਬ ਨੂੰ ਸੰਬੋਧਿਤ ਹੁੰਦੇ ਕਹੀ ਸੀ।

ਸ. ਅਵਤਾਰ ਸਿੰਘ ਮੱਕੜ ਜੀ ਵਾਰੇ ਜੋ ਜਿਕਰ ਕੀਤਾ ਗਿਆ ਹੈ ਕਿ ਉਨ੍ਹਾਂ ਨੇ ਡਟ ਕੇ 'ਮੇਰੇ ਬਿਲ' ਦੀ ਹਮਾਇਤ ਕੀਤੀ, ਬਿਲਕੁਲ ਬੇਬੁਨਿਆਦ ਤੇ ਝੂਠ ਹੈ। ਹੋਇਆ ਇਹ ਸੀ ਜਦੋਂ ਸ. ਤਰਲੋਚਨ ਸਿੰਘ ਨੇ ਮੇਰੀ ਪਾਵਰ ਪੁਆਇੰਟ ਪੇਸ਼ਕਾਰੀ ਤੋਂ ਬਾਅਦ ਬੋਲਦੇ ਹੋਏ ਦੱਸਿਆ ਕਿ ਮੈਂ ਸ੍ਰੋਮਣੀ ਗੁਰਦੁਆਰਾ ਕਮੇਟੀ ਤੋਂ ਮਨਜੂਰੀ ਦੀ ਚਿੱਠੀ ਲਿੱਤੀ ਸੀ, ਜੋ ਦਿਲਮੇਗ ਨੇ ਭੇਜੀ ਸੀ, ਤਾਂ ਸ. ਮੱਕੜ ਜੀ ਨੇ ਇਸ ਦੀ ਜਾਣਕਾਰੀ ਤੋਂ ਇਨਕਾਰ ਕੀਤਾ।ਬਾਦਲ ਸਾਹਿਬ ਨੇ ਮੱਕੜ ਸਾਹਿਬ ਨੂੰ ਜੋ ਕਿਹਾ ਮੈਂ ਇਥੇ ਲਿੱਖਣਾ ਠੀਕ ਨਹੀਂ ਸਮਝਦਾ। ਸਿਰਫ ਇੰਨੀ ਗੱਲ ਹੋਈ ਸੀ ਨਾ ਕਿ ਡਟ ਕੇ ਹਿਮ-ਾਇਤ ਦੀ। ਤੀਸਰਾ ਜਿਕਰ ਮੈਂ ਬੀਬਾ ਹਰਸਿਮਰਤ ਕੌਰ ਬਾਦਲ ਐਮ.ਪੀ. ਦਾ ਕਰਨਾ ਚਾਹਾਂਗਾ, ਜਿਨ੍ਹਾਂ ਨੇ ਬੋੜੇ ਜੋਰ ਨਾਲ ਇਹ ਕਿਹਾ ਸੀ ਕਿ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦਿੱਤਾ ਸੁਝਾਅ ਮੰਨਣਾ ਚਾਹੀਦਾ ਹੈ ਅਤੇ ਸਿੱਖ ਮੈਰਿਜ ਐਕਟ, ਜਿਸ ਦਾ ਖਰੜਾ ਅੱਜ ਪੇਸ਼ ਕੀਤਾ ਹੈ, ਉਸ ਅਧਾਰਤ ਮੰਗ ਕਰਨੀ ਚਾਹੀਦੀ ਹੈ। ਸ. ਸਤਿਆਜੀਤ ਸਿੰਘ ਮਜੀਠਾ (ਮਜੀਠੀਆ?) ਬਾਰੇ ਜੋ ਲੇਖ ਵਿੱਚ ਲਿੱਖਿਆ ਗਿਆ ਹੈ, ਉਹ ਸਰਾਸਰ ਝੂਠ ਹੈ ਕਿਉਂਕਿ ਬਾਕੀ ਮੈਂਬਰਾਂ ਵਾਂਗ ਉਨ੍ਹਾਂ ਨੇ ਵੀ ਕੋਈ ਗੱਲ ਨਹੀਂ ਕਹੀ। ਹਾਂ, ਇਕ ਹੋਰ ਮਹੱਤਵਪੂਰਨ ਗੱਲ ਸਾਂਝੀ ਕਰਨੀ ਚਾਹਾਂਗਾ। ਸ. ਤਰਲੋਚਨ ਸਿੰਘ ਨੇ ਇਸ ਮੀਟਿੰਗ ਵਿਚ ਬੋਲਦੇ ਹੋਏ ਕਿਹਾ ਕਿ 'ਸਿੱਖ ਮੈਰਿਜ ਐਕਟ' ਸਿਰਲੇਖ ਠੀਕ ਨਹੀਂ ਹੈ ਕਿਉਂਕਿ ਸਿੱਖਾਂ ਵਿੱਚ ਤਾਂ ਵਿਆਹ ਹੁੰਦਾ ਹੀ ਨਹੀਂ, ਅਨੰਦ ਕਾਰਜ ਹੁੰਦਾ ਹੈ। ਜਦੋਂ ਮੈਂ ਜਵਾਬ ਵਿਚ ਕਿਹਾ ਕਿ ਅਨੰਦ ਕਾਰਜ ਤਾਂ ਰੀਤੀ ਜਾਂ ਵਿਧਾਂਤ ਹੈ ਜਿਸ ਰਾਹੀ ਸਿੱਖ ਵਿਆਹ ਸੰਪੂਰਨ ਹੰਦਾ ਹੈ ਅਤੇ ਲਾਵਾਂ ਤੋਂ ਬਾਅਦ ਆਮ ਸ਼ਬਦ ਪੜਿਆ ਜਾਂਦਾ ਹੈ ਕਿ 'ਵੀਆਹੁ ਹੋਆ ਮੇਰੇ ਬਾਬੁਲਾ' ਤਾਂ ਉਨ੍ਹਾਂ ਨੇ ਆਪਣੀ ਸਪੀਚ ਦਾ ਰੁੱਖ ਹੀ ਬਦਲ ਲਿਆ ਅਤੇ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਹੋਣ ਦੀ ਰਟ ਲਾ ਦਿੱਤੀ। ਬਾਕੀ ਇਸ ਮੀਟਿੰਗ ਦਾ ਪੂਰਾ ਵਿਵਰਣ ਮੈਂ ਆਪਣੀ ਕਿਸੇ ਹੋਰ ਲੇਖਣੀ ਵਿੱਚ ਕਰਾਂਗਾ।

ਅਖੀਰ ਵਿੱਚ ਜਿੱਥੇ ਮੈਂ ਇਤਿਹਾਸ ਦੇ ਪੰਨਿਆਂ ਵਿੱਚ ਅਨੰਦ ਮੈਰਿਜ ਐਕਟ,1909 ਵਿੱਚ ਨਗੂਣੀ ਸੋਧ ਬਾਰੇ, ਸੱਚੇ ਤੱਥ ਦਰਜ ਕਰ ਰਿਹਾਂ ਹਾਂ, ਉੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਭਾਵੇਂ ਅਨੰਦ ਮੈਰਿਜ ਐਕਟ,1909 ਵਿੱਚ 2012 ਦੀ ਸੋਧ ਨਾਲ ਜੋ ਝੂਠੀ ਸੋਹਰਤ ਖੱਟਣ ਲਈ ਬਿਆਨਬਾਜੀ ਕੀਤੀ ਗਈ ਅਤੇ ਕਿਹਾ ਗਿਆ ਸੀ ਕਿ ਇਸ ਨਵੇਂ ਬਿੱਲ ਜਾਂ ਸੋਧ ਨਾਲ ਸਿੱਖਾਂ ਨੂੰ ਸਿੱਖ ਰੀਤੀ ਅਨੁਸਾਰ ਵਿਆਹ ਕਰਨ ਪਿੱਛੋਂ ਸਿੱਧਾ 'ਸਿੱਖ ਮੈਰਿਜ ਸਰਟੀਫਿਕੇਟ' ਮਿਲ ਸਕੇਗਾ ਜਾਂ ਸਿੱਖਾਂ ਦੀ ਵੱਖਰੀ ਪਹਿਚਾਣ ਬਣੇਗੀ, ਕੋਰਾ ਝੂਠ ਨਿਕ-ਲਆ। ਭਾਰਤ ਦੇ ਕਿਸੇ ਵੀ ਰਾਜ ਭਾਵੇਂ ਉਹ ਪੰਜਾਬ ਹੋਏ, ਦਿੱਲੀ ਜਾਂ ਰਰਿਆਣਾ, ਸਿੱਖਾਂ ਦੇ ਵਿਆਹ ਰਜਿਸ਼ਟੇਰੇਸ਼ਨ ਸਰਟੀਫਿਕੇਟ ਤੇ ਕਿਤੇ ਵੀ 'ਸਿੱਖ' ਜਾਂ 'ਸਿੱਖ ਮੈਰਿਜ' ਨਹੀਂ ਲਿਖਿਆ ਜਾਂਦਾ। ਸੱਭ ਤੋਂ ਵੱਡੀ ਗਲ ਕਿ ਸਿੱਖਾਂ ਨੂੰ ਅੱਜ ਵੀ ਵਿਆਹ, ਤਲਾਕ ਆਦਿ ਸਬੰਧਤ ਮਾਮਲਿਆਂ ਲਈ ਹਿੰਦੂ ਮੈਰਿਜ ਐਕਟ, 1955 ਅਧੀਨ ਹੀ ਕੇਸ ਕਰਨਾ ਪੈਂਦਾ ਹੈ। ਬਾਕੀ ਹੋਰ ਕਾਨੂੰਨੀ ਮੱਦਾਂ ਬਾਰੇ, ਜਿਨ੍ਹਾਂ ਨੇ ਸਿੱਖੀ ਦੀ ਵਲੱਖਣ ਪਹਿਚਾਣ ਨੂੰ ਨਗੂਣੀ ਸੋਧ ਨਾਲ ਢਾਹ ਲਾਈ ਹੈ, ਕਦੇ ਫਿਰ ਤੁਹਾਡੇ ਨਾਲ ਵਿਚਾਰ ਸਾਂਝੇ ਕਰਾਂਗੇ। ਸਾਨੂੰ ਅੱਜ ਜਰੂਰਤ ਹੈ, ਉਨ੍ਹਾਂ ਸਿੱਖ ਨੇਤਾਵਾਂ ਦੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਸੱਚ ਦੇ ਮਾਰਗ ਤੇ ਚੱਲਣ ਅਤੇ ਸਿੱਖਾਂ ਦੀ ਅਗਵਾਈ ਕਰਨ ਨਾਂ ਕਿ ਸਿੱਖ ਵਿਰੋਧੀ ਤਾਕਤਾਂ ਦੇ ਹੱਥ ਠੋਕੇ ਬਣਕੇ, ਸਿੱਖੀ ਦਾ ਘਾਣ ਕਰਨ। ਵਾਹਿਗੁਰੂ ਜੀਓ ਆਪ ਅੰਗ ਸੰਗ ਸਹਾਈ ਹੋ ਕੇ, ਸਿੱਖੀ ਦੀ ਚੜਦੀ ਕਲਾ ਦੀ ਬਖਸਿਸ਼ ਕਰਨ, ਇਹੋ ਅਰਦਾਸ ਹੈ ਜੀ।

## ਵਿਅੰਗ: ਇਹੀ ਤਾਂ ਵਿਕਾਸ ਹੈ

-ਗੋਵਿੰਦ ਸ਼ਰਮਾ

ਆਈ ਡੀ ਦਾ ਆਇਡੀਆਜਿਸ ਨੇ ਵੀ ਦਿੱਤਾ, ਉਸ ਨੂੰ ਸੱਤ ਸਲਾਮ। ਪਿਛਲੀ ਸਦੀ ਦੇ ਮੱਧ ਵਿੱਚ ਜਦੋਂ ਪਿੰਡ ਦੇ ਸਕੂਲ ਵਿੱਚ ਸੀ, ਸਾਡੇ ਕੋਲ ਵੀ ਉਦੋਂ ਆਈ ਡੀ ਹੁੰਦੀ ਸੀ, ਪੋਰਟੇਬਲ ਅਤੇ ਟਰਾਂਸਫਰੇਬਲ, ਇਹ ਲੱਕੜੀ ਦੇ ਦੋ ਛੋਟੇ 'ਗੁਟਕੇ' ਹੁੰਦੇ ਸੀ। ਉਸ ਦੇ ਇੱਕ ਪਾਸੇ ਜਮਾਤ ਦਾ ਨਾਂਅ ਲਿਖਿਆ ਹੁੰਦਾ ਸੀ ਤਾਂ ਦੂਜੇ ਪਾਸੇ ਪਾਸ ਜਾਂ ਉਹ, ਜਿਸ ਨੂੰ ਅੱਜਕੱਲ੍ਹ ਹਿੰਦੀ ਵਿੱਚ ਵੀ 'ਯੂਰਿਨ' ਕਿਹਾ ਜਾਂਦਾ ਹੈ।ਕਲਾਸ ਤੋਂ ਬਾਹਰ ਜਾਂਦੇ ਸਮੇਂ ਆਪਣੇ ਹੱਥ ਵਿੱਚ ਉਨ੍ਹਾਂ ਵਿੱਚੋਂ ਇੱਕ ਗੁਟਕਾ, ਜਿਸ ਨੂੰ ਉਦੋਂ 'ਪਾਸ' ਕਿਹਾ ਜਾਂਦਾ ਸੀ, ਹੋਣਾ ਚਾਹੀਦਾ ਸੀ। ਇਸ ਨਾਲ ਇੱਕ ਫਾਇਦਾ ਇਹ ਹੁੰਦਾ ਸੀ ਕਿ ਇੱਕ ਵਾਰਦੋ ਤੋਂ ਵੱਧ ਬੱਚੇ ਇੱਕ ਜਮਾਤ ਤੋਂ ਬਾਹਰ ਨਹੀਂ ਹੁੰਦੇ ਸੀ। ਪਾਣੀ ਦੇ ਘੜੇ ਉੱਤੇ ਵੀ ਵੱਧ ਮਾਰਾ-ਮਾਰੀ ਨਹੀਂ ਹੁੰਦੀ ਸੀ।ਦੂਜਾ ਕਈ ਵਾਰ ਹੈੱਡਮਾਸਟਰ ਦੇ ਅਚਾਨਕ ਨਿਰੀਖਣ ਸਮੇਂ ਆਪਣੀ ਜਮਾਤ ਦਾ ਸਬੂਤ ਦੇਣਾ ਹੁੰਦਾ ਸੀ। ਅੱਜਕੱਲ੍ਹ ਸਕੂਲ ਦੇ ਹਰ ਬੱਚੇ ਦੇ ਗਲੇ ਵਿੱਚ ਉਸ ਦੀ ਫੋਟੋ ਵਾਲੀ ਆਈ ਡੀ ਲਟਕਦੀ ਹੈ। ਕਈ ਥਾਂ ਟੀਚਰਾਂ ਦੇ ਗਲ ਵਿੱਚ ਵੀ ਪੱਟਾ ਲਟਕਿਆ ਹੁੰਦਾ ਹੈ, ਪਰ ਪਛਾਣ ਦਾ ਸੰਕਟ ਆਮ ਆਦਮੀ ਦੇ ਸਾਹਮਣੇ ਸਭ ਤੋਂ ਵੱਧ ਵਾਰ ਹਾਜ਼ਰ ਹੁੰਦਾ ਹੈ।

ਅਜੇ ਉਸ ਦਿਨ ਮੇਲੇ ਦੀ ਗੱਲ ਹੈ, ਇੱਕ ਭਿਖਾਰੀ ਨੂੰ ਇੱਕ ਵਰਦੀ ਵਾਲੇ ਨੇ ਰੋਕ ਲਿਆ, "ਓਏ, ਕੌਣ ਏ ਤੂੰ? ਭਿਖਾਰੀ ਦੇ ਭੇਸ ਵਿੱਚ ਇੱਥੇ ਕਿਉਂ ਘੁੰਮ ਰਿਹਾ ਏਂ? ਕਿਤੇ ਘੁਸਪੈਠੀਆ ਤਾਂ ਨਹੀਂ?"

"ਨਹੀਂ ਸਾਹਿਬ, ਘੁਸਪੈਠੀਆ ਨਹੀਂ ਹਾਂ...।"

"ਸ਼ੱਕ ਹੋ ਰਿਹਾ ਹੈ ਮੈਨੂੰ, ਕਿਉਂਕਿ ਸਾਡੀਆਂ ਚਾਰੇ ਦਿਸ਼ਾਵਾਂ ਘੁਸਪੈਠੀਆਂ ਲਈ ਖੁੱਲ੍ਹੀਆਂ ਰਹਿੰਦੀਆਂ ਹਨ।"

"ਸਾਹਿਬ, ਮੇਰੀ ਤਾਂ ਇਹੀ ਡ੍ਰੈਸ ਹੈ, ਇਹੀ ਭੇਸ ਹੈ। ਸਾਲਾਂ ਤੋਂ ਇਸੇ ਡਰੈੱਸ-ਭੇਸ ਵਿੱਚ ਮੇਲੇ ਵਿੱਚ ਆ ਰਿਹਾ ਹਾਂ। ਤੁਸੀਂ ਵੀ ਇੱਥੇ ਡਿਊਟੀ ਉੱਤੇ ਹੁੰਦੇ ਹੋ। ਸਬੂਤ ਦੇ ਤੌਰ ਉੱਤੇ ਮੇਰੀ ਆਈ ਡੀ ਦੇਖੋ। ਇਹ ਆਧਾਰ ਕਾਰਡ ਹੈ ਅਤੇ ਇਹ ਪੈਨਕਾਰਡ ਹੈ। ਮੈਂ ਦੋਵੇਂ ਲਿੰਕਡ ਕਰਵਾ ਰੱਖੇ ਹਨ।"

"ਵਾਹ, ਬੜਾ ਕਿਸਮਤਵਾਲਾ ਏਂ, ਜੋ ਬਿਨਾਂ ਬਿੱਲ ਦੀ ਇਸ ਕਮਾਈ ਦੇ ਆਧਾਰ ਉੱਤੇ ਇਨਕਮ ਰਿਟਰਨ ਭਰ ਦਿੰਦਾ ਏਂ। ਅਸੀਂ ਇਸ ਮੇਲੇ ਦੀ ਕਮਾਈ ਕਿਸੇ ਨੂੰ ਦਿਖਾ ਨਹੀਂ ਸਕਦੇ, ਕਹਿੰਦੇ ਹੋਏ ਉਸ ਵਰਦੀ ਵਾਲੇ ਨੇ ਕਟੋਰੇ ਵਿੱਚੋਂ ਦਸ ਰੁਪਏ ਦਾ ਇੱਕ ਨੋਟ ਚੁੱਕਿਆ ਅਤੇ ਖਿਸਕ ਗਿਆ।"

ਆਈ ਨਾ ਆਈ ਡੀ ਕੰਮ? ਉਸ ਬੜਬੋਲੇ ਨੂੰ ਨਾ ਸੁਣੋ, ਜੋ ਕਹਿ ਰਿਹਾ ਹੈ ਕਿ ਇੱਥੇ ਆਧਾਰ, ਪੈਨ ਨਹੀਂ, 10 ਦੇ ਨੋਟ ਨੇ ਆਈ ਡੀ ਦੀ ਭੂਮਿਕਾ ਨਿਭਾਈ ਹੈ।ਸਿਰਫ ਆਮ ਲੋਕਾਂ ਲਈ ਨਹੀਂ,ਆਈ ਡੀ ਖਾਸ ਲੋਕਾਂ ਲਈ ਵੀ ਕੰਮ ਆਉਂਦੀ ਹੈ-ਮੇਲਿਆਂ ਵਿੱਚ ਨਾ ਸਹੀ, ਝਮੇਲਿਆਂ ਵਿੱਚ ਤਾਂ ਕੰਮ ਆਉਂਦੀ ਹੈ।

ਅਜੇ ਉਸ ਦਿਨ ਦੂਰ ਦੇ ਪਿੰਡ ਵਿੱਚ ਨੇਤਾ ਜੀ ਪੰਜ ਸਾਲ ਬਾਅਦ ਗਏ ਵੋਟ ਦੀ ਬੇਨਤੀ ਕਰਨ। ਕਿਸੇ ਨੇ ਨਹੀਂ ਪਛਾਣਿਆ ਤਾਂ ਨੇਤਾ ਜੀ ਨੂੰ ਬੜਾ ਗੁੱਸਾ ਆਇਆ। ਉਹ ਬੋਲੇ, "ਭੁੱਲ ਗਏ ਤੁਸੀਂ ਲੋਕ, ਪੰਜ ਸਾਲ ਪਹਿਲਾਂ ਆਇਆ ਸੀ, ਤੁਹਾਡੇ ਤੋਂ ਵੋਟ ਲੈਣ। ਵੋਟ ਲਈਆਂ ਵੀ। ਫਿਰ ਵੀ ਨਹੀਂ ਪਛਾਣਦੇ? ਭੁਲੱਕੜ ਹੋ ਜਾਂ ਅਹਿਸਾਨ ਫਰਾਮੋਸ਼?"

ਕੋਈ ਜਵਾਬ ਨਹੀਂ ਮਿਲਿਆ ਤਾਂ ਨੇਤਾ ਜੀ ਨੇ ਜੇਬ ਵਿੱਚੋਂ ਆਈ ਡੀਕੱਢ ਕੇ ਦਿਖਾਈ। ਉਸ ਵਿੱਚ ਚਿਪਕੀ ਫੋਟੋ ਦੇਖ ਕੇ ਇੱਕ ਪਿੰਡ ਵਾਲੇ ਨੇ ਕਿਹਾ, "ਇਹ ਤੁਹਾਡੀ ਫੋਟੋ ਹੈ? ਇਸ ਵਿੱਚ ਤੁਸੀਂ ਚਾਲੀ ਕਿਲੋ ਦੇ ਲੱਗਦੇ ਹੋ ਅਤੇ ਸਾਨੂੰ, ਤੁਸੀਂ 140 ਕਿਲੋ ਤੋਂ ਘੱਟ ਨਜ਼ਰ ਨਹੀਂ ਆ ਰਹੇ।"


"ਪਛਾਣ ਲਿਆ ਨਾ ਤੁਸੀਂ ਲੋਕਾਂ ਨੇ। ਇਹ ਠੀਕ ਹੈ, ਉਦੋਂ ਜੋ ਚਾਲੀ ਕਿਲੋ ਸੀ, ਉਹ ਅੱਜ 140 ਕਿਲੋ ਤੋਂ ਘੱਟ ਨਹੀਂ ਹੈ। ਇਹੀ ਉਹ ਵਿਕਾਸ ਹੈ, ਜੋ ਮੈਂ ਤੁਹਾਡੇ ਲਈ ਲਿਆਉਣਾ ਚਾਹੁੰਦਾ ਹਾਂ। ਤੁਹਾਡੇ ਦਰ ਉੱਤੇ, ਤੁਹਾਡੇ ਘਰ ਵਿੱਚ ਡਰਾਇੰਗ ਰੂਮ, ਬੈਡਰੂਮ, ਕਿਚਨ ਤੱਕ ਵਿਕਾਸ ਨੂੰ ਪਹੁੰਚਾਉਣਾ ਚਾਹੁੰਦਾ ਹਾਂ। ਇੱਥੋਂ ਤੱਕ ਕਿ ਤੁਹਾਡੇ ਢਿੱਡ ਤੱਕ ਇੰਨਾ ਕਿ ਢਿੱਡ ਉੱਤੇ ਅਫਾਰਾ ਆ ਜਾਵੇ...।"

"ਪਛਾਣ ਲਿਆ, ਪਛਾਣ ਲਿਆ" ਦਾ ਸ਼ੋਰ ਸ਼ੁਰੂ ਹੋ ਗਿਆ। ਨੇਤਾ ਜੀ ਨੇ ਇੱਕ ਪਾਸੇ ਦੇਖ ਕੇ ਕਿਹਾ "ਦੇਖਿਆ ਆਈ ਡੀ ਦੀ ਪਾਵਰ? ਕਿੰਨੀ ਜਲਦੀ ਪਛਾਣਿਆਂ ਇਨ੍ਹਾਂ ਲੋਕਾਂ ਨੇ ਮੈਨੂੰ। ਜੇ ਅੱਜ ਮੇਰੇ ਕੋਲ ਇਹ ਆਈ ਡੀ ਨਾ ਹੁੰਦੀ ਤਾਂ ਕਿੰਨੀ ਮੁਸ਼ਕਲ ਹੁੰਦੀ?"

ਉਹ 'ਬੜਬੋਲਾ' ਹਰ ਥਾਂ ਮੌਜੂਦ ਹੁੰਦਾ ਹੈ। ਬੋਲ ਪਿਆ, "ਨਹੀਂ ਸਾਹਿਬ, ਤੁਹਾਡੀ ਆਈ ਡੀ ਨੇ ਤੁਹਾਡੀ ਪਛਾਣ ਨਹੀਂ ਦਿੱਤੀ, ਤੁਹਾਡੀ ਆਦਤ ਨੇ ਦਿੱਤੀ ਹੈ। ਵਾਅਦੇ ਅੁਤੇ ਵਾਅਦੇ ਕਰਨ, ਭਰੋਸਾ ਦੇਣ, ਸੁਫਨੇ ਦਿਖਾਉਣ ਦੀ ਤੁਹਾਡੀ ਆਦਤ ਨੇ ਤੁਹਾਡੀ ਪਛਾਣ ਕਰਵਾਈ ਹੈ। ਉਹ ਮਹਾਨ ਆਤਮਾ ਤੁਸੀਂ ਹੀ ਹੋ, ਜੋ ਕਦੇ ਕਿਸੇ ਰੰਗ ਵਿੱਚ ਤਾਂ ਕਦੇ ਕਿਸੇ ਰੂਪ ਵਿੱਚ ਪ੍ਰਗਟ ਹੋ ਕੇ ਸੱਤਰ ਸਾਲਾਂ ਤੋਂ ਇੱਕੋ ਜਿਹੇ ਸੁਫਨੇ ਦਿਖਾ ਰਹੇ ਹੋ ਅਤੇ ਇਨ੍ਹਾਂ ਦੀ ਵੋਟ ਲੈ ਰਹੇ ਹੋ।"

ਹੂੰ, ਕਹਿਣ ਦਿਓ, ਉਸ ਨੂੰ ਕੁਝ ਵੀ। ਅਸੀਂ ਤਾਂ ਕਹਾਂਗੇ, ਹਰ ਇਨਸਾਨ ਕੋਲ ਕੋਈ ਨਾ ਕੋਈ ਆਈ ਡੀ ਜ਼ਰੂਰ ਹੋਣੀ ਚਾਹੀਦੀ ਹੈ। ਆਈ ਡੀ ਦਾ ਆਈਡੀਆ ਦੇਣ ਵਾਲੇ ਤੈਨੂੰ ਇੱਕ ਵਾਰ ਫਿਰ ਸੱਤ ਸਲਾਮ।


Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS
Afgani Chicken Tikka $8.99 lb.
Goat Leg $5.99 lb.
Amritsari Fish Pakora $5.99 lb.
and much more!
OPENING JUNE 11th, 2022
3rd LOCATION GRAND OPENING
25 KINGS CROSS RD, #1, BRAMPTON, ON | (905) 790-3486
25 Cherry Crest Dr, Brampton , ON | 905-913-1114
65 Braydon Blvd, #7A, Brampton, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERERING (MINIMUM 30 PEOPLE)
Visit: www.freshbiteandmeat.com


ਮਿੱਠੀ ਯਾਦ ਅਤੇ ਸ਼ਰਧਾਂਜਲੀ ਸਮਾਗਮ
ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥
ਸਤਿਕਾਰਯੋਗ ਸੰਗਤ ਜੀ, ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਅਤੀ ਸਤਿਕਾਰਯੋਗ
ਸਵ. ਜਥੇਦਾਰ ਤੋਤਾ ਸਿੰਘ ਜੀ
(ਸਾਬਕਾ ਮੰਤਰੀ ਪੰਜਾਬ ਸਰਕਾਰ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਜੋ ਕਿ ਪਿਛਲੇ ਦਿਨੀਂ ਅਕਾਲ ਪੁਰਖ ਵਲੋਂ ਬਖਸ਼ੀ ਸਵਾਸਾਂ ਰੂਪੀ ਪੂੰਜੀ ਨੂੰ ਭੋਗਕੇ, ਗੁਰੂ ਚਰਨਾਂ 'ਚ ਜਾ ਬਿਰਾਜੇ ਸਨ। ਉਨ੍ਹਾਂ ਦੀ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ
ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ
12 ਜੂਨ ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ
ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਸਾਊਥ ਫਰੇਜ਼ਰ ਵੇਅ, ਐਬਟਸਫੋਰਡ, ਬੀ. ਸੀ., ਕੈਨੇਡਾ ਵਿਖੇ ਪਵੇਗਾ।
ਆਪ ਜੀ ਨੇ ਵਿੱਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।
ਗੁਰੂ ਕਾ ਅਤੁੱਟ ਲੰਗਰ ਵਰਤੇਗਾ।
ਬੇਨਤੀ ਕਰਤਾ
ਸਮੂੰਹ ਸੰਗਤ, ਬ੍ਰਿਟਿਸ਼ ਕੋਲੰਬੀਆ ਕੈਨੇਡਾ


OURR HOME & APPLIANCES
Deal Price
PRICE $6899 +TAX
Deal
OF THE WEEK
KitchenAid
moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343

# ਪਾਸਪੋਰਟ ਬੈਕਲਾਗ ਕਾਰਨ ਕਈ ਟਰੈਵਲਰਜ਼ ਨੂੰ ਆਪਣੇ ਟਰੈਵਲ ਪਲੈਨ ਖਰਾਬ ਹੋਣ ਦਾ ਡਰ

...ਪੰਨਾ 1 ਦਾ ਬਾਕੀ

ਕੁਝ ਟਰੈਵਲਰਜ਼ ਨੂੰ ਡਰ ਹੈ ਕਿ ਮਹਾਂਮਾਰੀ ਦੇ ਨਿਯਮਾਂ ਵਿੱਚ ਅਚਾਨਕ ਦਿੱਤੀ ਗਈ ਢਿੱਲ ਨਾਲ ਪਾਸਪੋਰਟ ਪ੍ਰੋਸੈਸਿੰਗ ਟਾਈਮ ਦਾ ਬੈਕਲਾਗ ਪੂਰਾ ਨਹੀਂ ਹੋ ਸਕੇਗਾ ਤੇ ਉਨ੍ਹਾਂ ਦੀਆਂ ਗਰਮੀ ਦੀਆਂ ਛੁੱਟੀਆਂ ਦੇ ਪਲੈਨਜ਼ ਧਰੇ ਧਰਾਏ ਰਹਿ ਜਾਣਗੇ।



ਦੋ ਸਾਲ ਤੋਂ ਬਾਅਦ ਮਹਾਂਮਾਰੀ ਸਬੰਧੀ ਨਿਯਮਾਂ ਵਿੱਚ ਮਿਲੀ ਢਿੱਲ ਕਾਰਨ ਪਾਸਪੋਰਟ ਹਾਸਲ ਕਰਨ ਵਾਲਿਆਂ ਦੀ ਭੀੜ ਵੀ ਕਾਫੀ ਵੱਧ ਗਈ ਹੈ। ਇਸੇ ਤਰ੍ਹਾਂ ਦੇ ਕੁੱਝ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਵਿਸ ਸੈਂਟਰਾਂ ਦੇ ਬਾਹਰ ਕੈਂਪ ਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਜਾਂ ਫਿਰ ਵਾਰੀ ਵਾਰੀ ਇਨ੍ਹਾਂ ਸੈਂਟਰਾਂ ਦੇ ਗੇੜੇ ਲਾਉਣੇ ਪੈ ਰਹੇ ਹਨ।

ਇਸ ਦੌਰਾਨ ਫੈਮਿਲੀਜ਼, ਚਿਲਡਰਨ ਐਂਡ ਸੋਸ਼ਲ ਡਿਵੈਲਪਮੈਂਟ ਮੰਤਰੀ ਕਰੀਨਾ ਗੋਲਡ ਨੇ ਦੱਸਿਆ ਕਿ ਅਸੀਂ ਇਸ ਤਰ੍ਹਾਂ ਦੀ ਮੰਗ ਵਧਣ ਦਾ ਅੰਦਾਜ਼ਾ ਲਾ ਕੇ ਚੱਲ ਰਹੇ ਸੀ ਪਰ ਵਧੀ ਹੋਈ ਡਿਮਾਂਡ ਨੇ ਸਾਰੇ ਕਿਆਫਿਆਂ ਨੂੰ ਗਲਤ ਸਿੱਧ ਕਰ ਦਿੱਤਾ ਤੇ ਇਹ ਸਾਡੀ ਸਮਰੱਥਾ ਦਾ ਵੀ ਇਮਤਿਹਾਨ ਲੈ ਰਹੀ ਹੈ।











FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017